19-JUNE-PAGE-front add.qxd 6/18/2023 8:11 PM Page 1

ਸੋਮਵਾਰ, 19 ਜੂਨ, 2023
5 ਹਾੜ੍ਹ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 18

# ਨਵਾਂ ਜ਼ਮਾਨਾ

DAILY NAWAN ZAMANA • MONDAY, 19 JUNE, 2023

ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.L.)-00068/57 E-mail : nawanzamana@gmail.com www.nawanzamana.in ਸਫ਼ੇ : 12



19-JUNE-PAGE-1.qxd 6/18/2023 8:15 PM Page 2



## ਸਪੋਰਟਸ ਕਲੱਬ ਮਾਛੀਵਾੜਾ ਨੇ ਕ੍ਰਿਕਟ ਟੂਰਨਾਮੈਂਟ ਕਰਵਾਇਆ




**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ)**-ਸਪੋਰਟਸ ਕਲੱਬ ਮਾਛੀਵਾੜਾ ਵੱਲੋਂ 5ਵਾਂ ਕ੍ਰਿਕਟ ਟੂਰਨਾਮੈਂਟ ਸ੍ਰੀ ਗੁਰੂ ਗੋਬਿੰਦ ਸਿੰਘ ਸਟੇਡੀਅਮ ਮਾਛੀਵਾੜਾ ਸਾਹਿਬ ਵਿਖੇ ਕਰਵਾਇਆ ਗਿਆ, ਜਿਸ ਦਾ ਉਦਘਾਟਨ ਹਲਕਾ ਸਮਰਾਲਾ ਤੋਂ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਕੀਤਾ। ਸਪੋਰਟਸ ਕਲੱਬ ਦੇ ਪ੍ਰਬੰਧਕ ਬਾਵਾ ਸ਼ਰਮਾ ਨਾਲ ਗੱਲਬਾਤ ਕੀਤੀ ਤਾਂ ਉਨ੍ਹਾ ਦੱਸਿਆ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਖੇਡਾਂ ਪ੍ਰਤੀ ਉਤਸ਼ਾਹਤ ਕਰਨ ਲਈ ਇਹ ਟੂਰਨਾਮੈਂਟ ਕਰਵਾਇਆ ਹੈ, ਜਿਸ 'ਚ 32 ਟੀਮਾਂ ਵੱਲੋਂ ਭਾਗ ਲਿਆ ਗਿਆ। ਇਸ ਵਿੱਚ ਪਹਿਲਾ ਇਨਾਮ 7100+ਟਰਾਫੀ, ਦੂਸਰਾ ਇਨਾਮ 3100+ ਟਰਾਫੀ ਤੋਂ ਇਲਾਵਾ ਬੈਸਟ ਬੈਟਸਮੈਨ ਤੇ ਬੈਸਟ ਬਾਲਰਾਂ ਨੂੰ ਵੀ ਸਨਮਾਨਤ ਕੀਤਾ ਗਿਆ। ਮੰਦਿਰ ਕਮੇਟੀ ਦੇ ਪ੍ਰਧਾਨ ਨੰਦ ਕਿਸ਼ੋਰ ਨੇ ਸਪੋਰਟਸ ਕਲੱਬ ਵੱਲੋਂ ਕਰਵਾਏ ਟੂਰਨਾਮੈਂਟ ਦੀ ਸ਼ਲਾਘਾ ਕੀਤੀ ਤੇ ਨੌਜਵਾਨਾਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਅਪੀਲ ਕੀਤੀ। ਤਰਨ ਭੈਣੀ ਨੇ ਕ੍ਰਿਕਟ ਟੂਰਨਾਮੈਂਟ ਦੀ ਕੁਮੈਂਟਰੀ ਬਾਖੂਬੀ ਨਾਲ ਨਿਭਾਈ। ਇਸ ਮੌਕੇ ਭਾਰਤੀ ਕਮਿਊਨਿਸਟ ਪਾਰਟੀ ਸੀ ਪੀ ਆਈ ਦੇ ਸਕੱਤਰ ਕਾਮਰੇਡ ਜਗਦੀਸ਼ ਰਾਏ ਬੌਬੀ, (ਐੱਮ ਐੱਲ ਏ) ਪੀ ਏ ਨਵਜੀਤ ਸਿੰਘ ਓਟਾਲਾ, ਪੱਤਰਕਾਰ ਦੀਪਕ ਕੁਮਾਰ, ਰਣਜੀਤ ਸਿੰਘ ਸੋਰੀਆਂ, ਗੁਰਮੁੱਖ ਦੀਪ ਸਿੰਘ, ਬਾਵਾ ਸ਼ਰਮਾ, ਸਤਵਿੰਦਰ, ਕੇਸ਼ਵ, ਸੁਮੀਤ ਸ਼ਰਮਾ, ਉਮੇਸ਼ ਸੂਈ, ਸਾਹਿਲ ਗੁਪਤਾ, ਕਰਨ ਕੁਮਾਰ, ਸਾਹਿਲ, ਨਵੀਂ, ਅਨਿਕੇਤ ਆਦਿ ਸ਼ਾਮਲ ਸਨ।

## ਰਾਜ ਸਭਾ ਮੈਂਬਰ ਸੰਤ ਸੀਚੇਵਾਲ ਵੱਲੋਂ ਮਨਦੀਪ ਕੌਰ ਦਾ ਸਨਮਾਨ



**ਹਠੂਰ/ਜਗਰਾਓਂ (ਨਛੱਤਰ ਸੰਧੂ)**-5ਜੈਬ ਬਾਕਸਿੰਗ ਅਕੈਡਮੀ ਚਕਰ ਦੀ ਹੋਣਹਾਰ ਮੁੱਕੇਬਾਜ਼ ਮਨਦੀਪ ਕੌਰ ਚਕਰ ਦਾ ਹੀ ਨਹੀਂ ਸਮੁੱਚੇ ਪੰਜਾਬ ਦਾ ਨਾਮ ਰੌਸ਼ਨ ਕਰ ਰਹੀ ਹੈ। ਅਕੈਡਮੀ ਦੇ ਪ੍ਰਬੰਧਕਾਂ ਸੰਦੀਪ ਸਿੰਘ ਸੋਨੀ ਤੇ ਅਮਿਤ ਕੁਮਾਰ ਅਨੁਸਾਰ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਕਮਾਲਪੁਰਾ ਵਿਖੇ ਐੱਮ. ਏ. ਕਰ ਰਹੀ ਮਨਦੀਪ ਕੌਰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਵੀ ਵੱਡੀਆਂ ਪ੍ਰਾਪਤੀਆਂ ਕਰ ਰਹੀ ਹੈ। ਉਹ ਪਿਛਲੇ ਤਿੰਨ ਸਾਲਾਂ ਤੋਂ ਲਗਾਤਾਰ 'ਆਲ ਇੰਡੀਆ ਇੰਟਰਵਰਸਿਟੀ ਬਾਕਸਿੰਗ ਚੈਂਪੀਅਨ' ਬਣਦੀ ਆ ਰਹੀ ਹੈ। ਬੀਤੇ ਦਿਨੀਂ ਉੱਤਰ ਪ੍ਰਦੇਸ਼ ਵਿਖੇ ਹੋਈਆਂ 'ਖੇਲੋ ਇੰਡੀਆ ਯੂਨੀਵਰਸਿਟੀ ਗੇਮਜ਼' ਵਿੱਚ ਬਾਕਸਿੰਗ ਵਿੱਚ 60 ਕਿੱਲੋ ਭਾਰ ਵਰਗ ਵਿੱਚ ਉਸ ਨੇ ਸੈਮੀਫਾਈਨਲ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਫਾਈਨਲ ਵਿੱਚ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਜਲੰਧਰ ਦੀ ਅੰਤਰਰਾਸ਼ਟਰੀ ਮੁੱਕੇਬਾਜ਼ ਕੀਰਤੀ ਨੂੰ ਹਰਾਇਆ। ਮਨਦੀਪ ਕੌਰ ਦੀ ਇਸ ਪ੍ਰਾਪਤੀ ਸਦਕਾ ਰਾਜ ਸਭਾ ਮੈਂਬਰ ਤੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਮਨਦੀਪ ਕੌਰ ਦਾ ਸਨਮਾਨ ਕੀਤਾ ਗਿਆ। ਉਨ੍ਹਾ ਕਿਹਾ ਕਿ ਇਹ ਚਕਰ ਦੀ ਹੀ ਨਹੀਂ, ਸਗੋਂ ਪੰਜਾਬ ਦੀ ਵੱਡੀ ਪ੍ਰਾਪਤੀ ਹੈ। ਅਜਿਹੀਆਂ ਹੋਣਹਾਰ ਲੜਕੀਆਂ ਸਮੁੱਚੇ ਪੰਜਾਬ ਦਾ ਮਾਣ ਹਨ। ਮਨਦੀਪ ਦੇ ਸਨਮਾਨ ਮੌਕੇ ਅਕੈਡਮੀ ਦੇ ਪ੍ਰਬੰਧਕ ਸੰਦੀਪ ਸਿੰਘ ਸੋਨੀ, ਅਮਿਤ ਕੁਮਾਰ, ਜਗਵਿੰਦਰ ਸਿੰਘ ਸੰਧੂ, ਦਲਜੀਤ ਕੌਰ ਤੇ ਪ੍ਰਿੰ. ਬਲਵੰਤ ਸਿੰਘ ਸੰਧੂ ਹਾਜ਼ਰ ਸਨ।

## ਸਰਬੱਤ ਦਾ ਭਲਾ ਟਰੱਸਟ ਵੱਲੋਂ 30 ਲੋੜਵੰਦ ਪਰਵਾਰਾਂ ਨੂੰ ਆਰਥਕ ਸਹਾਇਤਾ ਚੈੱਕ



**ਤਲਵੰਡੀ ਭਾਈ (ਬਹਾਦਰ ਸਿੰਘ ਭੁੱਲਰ)**-ਵਿਸ਼ਵ ਪ੍ਰਸਿਧ ਸਮਾਜਸੇਵੀ ਡਾ. ਸੁਰਿੰਦਰਪਾਲ ਸਿੰਘ ਓਬਰਾਏ ਵੱਲੋਂ ਚਲਾਈ ਜਾ ਰਹੀ ਸਮਾਜਸੇਵੀ ਸੰਸਥਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਤਲਵੰਡੀ ਭਾਈ ਵਿੱਚ ਕਰਵਾਏ ਗਏ ਇੱਕ ਸਾਦਾ ਸਮਾਗਮ ਦੌਰਾਨ ਤਲਵੰਡੀ ਭਾਈ ਅਤੇ ਮੁੱਦਕੀ ਇਲਾਕਿਆਂ ਨਾਲ ਸੰਬੰਧਤ 30 ਜ਼ਰੂਰਤਮੰਦ , ਵਿਧਵਾਵਾਂ ਅਤੇ ਅੰਗਹੀਣ ਪਰਵਾਰਾਂ ਨੂੰ ਆਰਥਕ ਸਹਾਇਤਾ ਰਾਸ਼ੀ ਦੇ ਚੈਕ ਵੰਡੇ ਗਏ। ਇਹ ਚੈਕ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ, ਬਲਾਕ ਪ੍ਰਧਾਨ ਬਹਾਦਰ ਸਿੰਘ ਭੁੱਲਰ ਅਤੇ ਡਾ. ਲਖਵਿੰਦਰ ਸਿੰਘ ਕਰਮੂਵਾਲਾ ਵੱਲੋਂ ਵੰਡੇ ਗਏ। ਸੰਸਥਾ ਦੀ ਇਸਤਰੀ ਵਿੰਗ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ ਅਤੇ ਬਹਾਦਰ ਸਿੰਘ ਭੁੱਲਰ ਬਲਾਕ ਪ੍ਰਧਾਨ ਨੇ ਦੱਸਿਆ ਕਿ ਸੰਸਥਾ ਦੇ ਬਾਨੀ ਡਾ. ਓਬਰਾਏ ਵੱਲੋਂ ਲੋਕ ਭਲਾਈ ਦੇ ਕਈ ਹੋਰ ਕਾਰਜ ਸ਼ੁਰੂ ਕੀਤੇ ਹੋਏ ਹਨ, ਜਿਨ੍ਹਾਂ ਵਿੱਚ ਲੋੜਵੰਦਾਂ, ਅੰਗਹੀਣਾਂ ਅਤੇ ਵਿਧਵਾਵਾਂ ਨੂੰ ਮਹੀਨਾਵਾਰ ਪੈਨਸ਼ਨਾਂ, ਹੁਸ਼ਿਆਰ ਅਤੇ ਲੋੜਵੰਦ ਵਿਦਿਆਰਥੀਆਂ ਦੀਆਂ ਫੀਸਾਂ, ਮੈਡੀਕਲ ਸਹਾਇਤਾ, ਕਈ ਤਰ੍ਹਾਂ ਦੇ ਹੱਥੀਂ ਹੁਨਰ ਵਾਲੇ ਸਿਖਲਾਈ ਕੋਰਸ, ਸਕੂਲਾਂ ਅਤੇ ਜਨਤਕ ਸਥਾਨਾਂ 'ਤੇ ਆਰ ਓ ਲਗਾਏ ਜਾਂਦੇ ਹਨ। ਇਸ ਮੌਕੇ ਨਰਿੰਦਰ ਕੁਮਾਰ ਬੇਰੀ ਕੈਸ਼ੀਅਰ, ਸੰਜੀਵ ਬਜਾਜ ਜਨਰਲ ਸਕੱਤਰ, ਸੁਖਜੀਤ ਸਿੰਘ ਹਰਾਜ, ਲਖਵਿੰਦਰ ਸਿੰਘ ਕਰਮੂਵਾਲਾ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

## ਰੋਇਲ ਗਰੁੱਪ ਦੇ ਐੱਨ ਸੀ ਸੀ ਇੰਚਾਰਜ ਨੂੰ ਲੈਫਟੀਨੈਂਟ ਰੈਂਕ ਪ੍ਰਦਾਨ



**ਭੀਖੀ (ਧਰਮਵੀਰ ਸ਼ਰਮਾ)**-ਦਿ ਰੋਇਲ ਗਰੁੱਪ ਆਫ ਕਾਲਜਿਜ਼ ਬੋੜਾਵਾਲ, ਦੇ ਐੱਨ ਸੀ ਸੀ ਇੰਚਾਰਜ ਅਸਿ. ਪ੍ਰੋ. ਚਮਕੌਰ ਸਿੰਘ ਨੂੰ 20 ਪੰਜਾਬ ਐੱਨ ਸੀ ਸੀ ਬਟਾਲੀਅਨ ਬਠਿੰਡਾ ਦੇ ਕਮਾਂਡਿੰਗ ਅਫ਼ਸਰ ਕਰਨਲ ਕੇ. ਐੱਸ. ਮਾਥੁਰ ਵੱਲੋਂ ਲੈਫਟੀਨੈਂਟ ਦਾ ਰੈਂਕ ਪ੍ਰਦਾਨ ਕੀਤਾ ਗਿਆ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ ਸਰਾਂ ਨੇ ਜਿੱਥੇ ਲੈਫਟੀਨੈਂਟ ਚਮਕੌਰ ਸਿੰਘ ਨੂੰ ਵਧਾਈਆਂ ਦਿੱਤੀਆਂ, ਉੱਥੇ ਨਾਲ ਹੀ ਉਨ੍ਹਾਂ ਨੇ ਕਰਨਲ ਕੇ ਐੱਸ ਮਾਥੁਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਡੀਨ ਓਪਰੇਸ਼ਨਜ਼ ਪ੍ਰੋ. ਸੁਰਜਨ ਸਿੰਘ ਨੇ ਲੈਫਟੀਨੈਂਟ ਚਮਕੌਰ ਸਿੰਘ ਨੂੰ ਵਧਾਈਆਂ ਦਿੰਦੇ ਹੋਏ ਕਿਹਾ ਕਿ ਹੁਣ ਤੁਹਾਡੀ ਜ਼ਿੰਮੇਵਾਰੀ ਹੋਰ ਵਧ ਗਈ ਹੈ ਤੇ ਕਾਲਜ ਦੀ ਐੱਨ. ਸੀ. ਸੀ. ਯੂਨਿਟ ਨੂੰ ਹੋਰ ਬੁਲੰਦੀਆਂ 'ਤੇ ਲਿਜਾਣ ਲਈ ਹੋਰ ਜ਼ਿਆਦਾ ਮਿਹਨਤ ਕਰਨੀ ਹੋਵੇਗੀ। ਕਾਲਜ ਦੇ ਚੇਅਰਮੈਨ ਏਕਮਜੀਤ ਸਿੰਘ ਸੋਹਲ ਨੇ ਇਸ ਲਈ ਕਰਨਲ ਕੇ ਐੱਸ ਮਾਥੁਰ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਲੈਫਟੀਨੈਂਟ ਚਮਕੌਰ ਸਿੰਘ ਨੂੰ ਦਿਲੀ ਮੁਬਾਰਕਬਾਦ ਦਿੱਤੀ।

## ਸੋਨੀ ਕੰਪਨੀ ਵੱਲੋਂ ਨਵੇਂ ਐੱਲ ਈ ਡੀ ਮਾਡਲ ਲਾਂਚ

**ਜਗਰਾਓਂ (ਅਮਿਤ ਖੰਨਾ)**-ਕੁਮਾਰ ਰੇਡੀਓ ਦੇ ਸ਼ੋਅ ਰੋਮ ਤੇ ਨੇੜੇ ਝਾਂਸੀ ਰਾਣੀ ਚੌਕ ਸੋਨੀ ਕੰਪਨੀ ਨੇ ਨਵੇਂ ਐੱਲ ਈ ਡੀ ਦੇ ਮਾਡਲ ਲਾਂਚ ਕੀਤੇ ਕੁਮਾਰ ਰੇਡੀਓ ਦੇ ਮਾਲਿਕ ਸੁਨੀਲ ਕੁਮਾਰ ਬੌਬੀ ਨੇ ਦੱਸਿਆ ਕਿ ਅੱਜ ਸੋਨੀ ਕੰਪਨੀ ਨੇ ਐੱਲ ਈ ਡੀ ਦੇ ਨਵੇਂ ਮਾਡਲ ਲਾਂਚ ਕੀਤੇ ਹਨ। ਇਹ ਮਾਡਲ 32 ਇੰਚ ਤੋਂ ਲੈ ਕੇ 75 ਇੰਚ ਤੱਕ ਲਾਂਚ ਕੀਤੇ ਹਨ ਅਤੇ ਕਾਫੀ ਨਵੀਂ ਤਕਨੀਕ ਨਾਲ ਗੂਗਲ ਸਮਾਰਟ ਪਿਕਚਰ ਕਵਾਲਟੀ ਨਾਲ ਲਾਂਚ ਕੀਤੇ ਹਨ। ਇਸ ਮੌਕੇ ਕੰਪਨੀ ਵੱਲੋਂ ਕੇਕ ਕੱਟ ਕੇ ਕੁਮਾਰ ਰੇਡੀਓ ਦੇ ਮਾਲਕ ਸੁਨੀਲ ਕੁਮਾਰ ਬੌਬੀ ਦਾ ਮੂੰਹ ਮਿੱਠਾ ਕਰਵਾਇਆ ਗਿਆ। ਇਸ ਮੌਕੇ ਸੁਨੀਲ ਕੁਮਾਰ ਬੌਬੀ, ਕਰਨ ਕੁਮਾਰ, ਸ੍ਰੀ ਨੀਰਜ, ਜਤਿੰਦਰਪਾਲ ਸਿੰਘ ਖੰਨਾ, ਯਸ਼ਲ ਕੁਮਾਰ, ਇੰਦਰਜੀਤ ਨਿੱਕੂ, ਸਚਿਨ ਮਿਡਲਾ ਤੇ ਪੁਨੀਤ ਮੌਕੇ 'ਤੇ ਹਾਜ਼ਰ ਸਨ।




## ਰੇਲ ਡਵੀਜ਼ਨ ਫ਼ਿਰੋਜ਼ਪੁਰ ਨੇ ਮਨਾਇਆ ਕਰਾਸਿੰਗ ਗੇਟ ਹਫ਼ਤਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਡਵੀਜ਼ਨ ਅੰਦਰ ਮੰਡਲ ਪ੍ਰਬੰਧਕ ਡਾ: ਸੀਮਾ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਹੇਠ 7 ਤੋਂ 15 ਜੂਨ ਤੱਕ ਅੰਤਰਰਾਸ਼ਟਰੀ ਪੱਧਰ ਦਾ ਕਰਾਸਿੰਗ ਗੇਟ ਹਫ਼ਤਾ ਮਨਾਇਆ ਗਿਆ, ਜਿਸ ਦੌਰਾਨ ਡਵੀਜ਼ਨ ਦੇ 72 ਲੈਵਲ ਕਰਾਸਿੰਗ ਗੇਟਾਂ 'ਤੇ ਲਾਪ੍ਰਵਾਹੀ ਕਾਰਨ ਹੋਣ ਵਾਲੇ ਹਾਦਸਿਆਂ ਬਾਰੇ 1200 ਦੇ ਕਰੀਬ ਸੜਕੀ ਉਪਭੋਗਤਾਵਾਂ ਤੇ ਆਮ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਇਸ ਦੇ ਚੱਲਦੇ ਸੇਫ਼ਟੀ ਅਫ਼ਸਰਾਂ ਤੇ ਸੇਫ਼ਟੀ ਟੀਮ ਵੱਲੋਂ ਲੈਵਲ ਕਰਾਸਿੰਗ ਫਾਟਕਾਂ 'ਤੇ ਹਾਦਸਿਆਂ ਨੂੰ ਰੋਕਣ ਲਈ ਵੱਖ-ਵੱਖ ਥਾਵਾਂ 'ਤੇ ਸੁਰੱਖਿਆ ਸੰਦੇਸ਼, ਬੈਨਰ ਤੇ ਪੋਸਟਰ ਲਗਾ ਕੇ ਸੜਕੀ ਵਰਤੋਂ ਕਰਨ ਵਾਲਿਆਂ ਤੇ ਆਮ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਇਸ ਦੌਰਾਨ ਸਰਕਲ ਦੀ ਸੁਰੱਖਿਆ ਟੀਮ ਵੱਲੋਂ ਨੁੱਕੜ ਨਾਟਕ ਤੇ ਪੈਟਰੋਲ ਪੰਪਾਂ 'ਤੇ ਜਾ ਕੇ ਆਮ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਇਸ ਦੌਰਾਨ ਡਵੀਜ਼ਨਲ ਰੇਲਵੇ ਮੈਨੇਜਰ ਡਾ: ਸੀਮਾ ਸ਼ਰਮਾ ਤੇ ਸੀਨੀਅਰ ਡਵੀਜ਼ਨਲ ਸੇਫ਼ਟੀ ਅਫ਼ਸਰ ਜਤਿੰਦਰ ਸਿੰਘ ਦੀ ਅਗਵਾਈ ਹੇਠ ਬੀਤੇ ਵੀਰਵਾਰ ਨੂੰ ਲੈਵਲ ਕਰਾਸਿੰਗ ਗੇਟ ਨੰਬਰ 87, 88 ਤੇ ਐੱਸ-134 ਵਿਖੇ ਸੁਰੱਖਿਆ ਸੰਗਠਨ ਫ਼ਿਰੋਜ਼ਪੁਰ ਡਵੀਜ਼ਨ ਉੱਤਰੀ ਰੇਲਵੇ ਵੱਲੋਂ ਆਮ ਜਨਤਾ ਦੀ ਸੁਰੱਖਿਆ ਸਬੰਧੀ ਇਕ ਅੰਤਰਰਾਸ਼ਟਰੀ ਰੈਲੀ ਕੱਢੀ ਗਈ। ਫ਼ਿਰੋਜ਼ਪੁਰ ਡਵੀਜ਼ਨ ਦੇ ਅਧਿਕਾਰੀਆਂ ਨੇ ਲੋਕਾਂ ਨੂੰ ਕਿਹਾ ਕਿ ਰੇਲਵੇ ਲੈਵਲ ਕਰਾਸਿੰਗ ਫਾਟਕ ਨੂੰ ਪਾਰ ਕਰਦੇ ਸਮੇਂ ਸਾਵਧਾਨੀ ਵਰਤੋ ਤੇ ਬੰਦ ਰੇਲਵੇ ਲੈਵਲ ਕਰਾਸਿੰਗ ਫਾਟਕ 'ਤੇ ਧੀਰਜ ਨਾਲ ਇੰਤਜ਼ਾਰ ਕਰੋ। ਪਹਿਲਾਂ ਰੇਲ ਗੱਡੀ ਨੂੰ ਜਾਣ ਦਿਓ, ਫਿਰ ਰੇਲਵੇ ਫਾਟਕ ਖੁੱਲ੍ਹਣ 'ਤੇ ਹੀ ਇਸ ਨੂੰ ਪਾਰ ਕਰੋ।

# ਤੂਤ 'ਚ ਮਜ਼ਦੂਰਾਂ ਵੱਲੋਂ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸੱਦੇ 'ਤੇ ਦਿਹਾਤੀ ਮਜ਼ਦੂਰ ਸਭਾ ਦੀ ਤਹਿਸੀਲ ਕਮੇਟੀ ਪੱਟੀ ਵੱਲੋਂ ਅੱਜ ਪਿੰਡ ਤੂਤ ਵਿਖੇ ਪੰਜਾਬ ਸਰਕਾਰ ਖਿਲਾਫ ਰੋਸ ਪ੍ਰਗਟਾਇਆ ਗਿਆ। ਇਸ ਮੌਕੇ ਤੇ ਇਕੱਠੇ ਹੋਏ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਤਹਿਸੀਲ ਸਕੱਤਰ ਚੰਦ ਸਿੰਘ ਤੂਤ ਨੇ ਬੋਲਦਿਆਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮਜ਼ਦੂਰਾਂ ਨਾਲ ਚੋਣਾਂ ਦੌਰਾਨ ਬੜੇ ਵੱਡੇ-ਵੱਡੇ ਵਾਅਦੇ ਕੀਤੇ ਸੀ ਜਿਵੇਂ ਕਿ ਪੰਜਾਬ ਅੰਦਰ ਮਜ਼ਦੂਰਾਂ ਨੂੰ ਪੰਚਾਇਤੀ ਜ਼ਮੀਨਾਂ ਵਿੱਚੋਂ ਪੰਜ-ਪੰਜ ਮਰਲੇ ਦੇ ਪਲਾਟ ਅਲਾਟ ਕਰ ਕੇ ਦੇਣਾ ਅਤੇ ਘਰ ਬਣਾਉਣ ਲਈ ਘੱਟੋ-ਘੱਟ 5 ਲੱਖ ਦੀ ਗ੍ਰਾਂਟ ਜਾਰੀ ਕਰਨਾ, ਬੁਢਾਪਾ, ਵਿਧਵਾ, ਅੰਗਹੀਣ ਪੈਨਸ਼ਨ ਪੰਜ ਹਜ਼ਾਰ ਦੇਣਾ। ਪਰ ਇਸ ਸਰਕਾਰ ਨੇ 15 ਮਹੀਨੇ ਬੀਤ ਜਾਣ ਦੇ ਬਾਅਦ ਵੀ ਇੱਕ ਵਾਅਦਾ ਵੀ ਪੂਰਾ ਨਹੀਂ ਕੀਤਾ। ਇਨ੍ਹਾਂ ਵਾਅਦਿਆਂ ਨੂੰ ਪੂਰਾ ਕਰਵਾਉਣ ਲਈ ਦਿਹਾਤੀ ਮਜ਼ਦੂਰ ਸਭਾ ਵੱਲੋਂ ਹੋਰਨਾਂ ਮਜ਼ਦੂਰ ਜਥੇਬੰਦੀਆਂ ਨੂੰ ਨਾਲ ਲੈ ਕੇ ਸੀ. ਐੱਮ. ਦੀ ਕੋਠੀ ਸੰਗਰੂਰ ਵਿਖੇ ਪੱਕਾ ਮੋਰਚਾ ਲਾਇਆ ਗਿਆ ਸੀ ਜਿਸ ਦੌਰਾਨ ਪੰਜਾਬ ਸਰਕਾਰ ਨੇ ਮਜ਼ਦੂਰ ਜਥੇਬੰਦੀਆਂ ਦੀ ਲੀਡਰਸ਼ਿਪ ਨਾਲ ਵਾਰ-ਵਾਰ ਮੀਟਿੰਗਾਂ ਤੈਅ ਕਰਕੇ ਰੱਦ ਕਰ ਦਿੱਤੀਆਂ ਸਨ।

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਮਜ਼ਦੂਰ ਵਿਰੋਧੀ ਸਰਕਾਰ ਸਾਬਿਤ ਹੋਈ ਹੈ। ਇਨ੍ਹਾਂ ਆਗੂਆਂ ਨੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਮਜ਼ਦੂਰਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਦਿਹਾਤੀ ਮਜ਼ਦੂਰ ਸਭਾ ਵੱਲੋਂ ਪੰਜਾਬ ਅੰਦਰ ਵੱਡਾ ਘੋਲ ਆਰੰਭ ਕਰ ਦਿੱਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਥੇਬੰਦੀ ਦੇ ਸੀਨੀਅਰ ਆਗੂ ਮਨਜੀਤ ਸਿੰਘ ਤੂਤ, ਮੁਖਤਾਰ ਸਿੰਘ ਤੂਤ, ਮੰਗਤ ਮਸੀਹ ਘਰਿਆਲਾ ਆਦਿ ਆਗੂ ਹਾਜ਼ਰ ਸਨ।

# ਕੇਸ਼ੋਪੁਰ ਛੰਭ ਨੂੰ ਨਵੰਬਰ ਤੱਕ ਪ੍ਰਮੁੱਖ ਸੈਰ-ਸਪਾਟਾ ਸਥਾਨ ਵਜੋਂ ਵਿਕਸਤ ਕੀਤਾ ਜਾਵੇਗਾ : ਡੀ ਸੀ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦੇਸ਼ ਦੇ ਸਭ ਤੋਂ ਪਹਿਲੇ ਕਮਿਊਨਿਟੀ ਰਿਜ਼ਰਵ ਕੇਸ਼ੋਪੁਰ ਛੰਭ ਨੂੰ ਪ੍ਰਮੁੱਖ ਸੈਰ-ਸਪਾਟਾ ਸਥਾਨ ਵਜੋਂ ਵਿਕਸਤ ਕਰਨ ਲਈ ਉਪਰਾਲੇ ਆਰੰਭੇ ਗਏ ਹਨ। ਕੇਸ਼ੋਪੁਰ ਛੰਭ ਨੂੰ ਵਿਕਸਤ ਕਰਨ ਲਈ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਜੰਗਲੀ-ਜੀਵ ਤੇ ਸੁਰੱਖਿਆ ਵਿਭਾਗ ਦੇ ਅਧਿਕਾਰੀਆਂ ਨਾਲ ਰਾਮਸਰ ਸਾਈਟ ਦਾ ਵਿਸ਼ੇਸ਼ ਦੌਰਾ ਕੀਤਾ ਗਿਆ। ਕੇਸ਼ੋਪੁਰ ਛੰਭ ਦਾ ਨਿਰੀਖਣ ਕਰਨ ਉਪਰੰਤ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਇਸ ਸਾਲ ਨਵੰਬਰ ਤੱਕ ਕੇਸ਼ੋਪੁਰ ਛੰਭ ਨੂੰ ਪ੍ਰਮੁੱਖ ਟੂਰਿਸਟ ਡੈਸਟੀਨੇਸ਼ਨ ਵਜੋਂ ਵਿਕਸਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਦੀਆਂ ਸ਼ੁਰੂ ਹੋਣ ਤੋਂ ਪਹਿਲਾਂ-ਪਹਿਲਾਂ ਏਥੇ ਨੇਚਰ ਟਰਾਇਲ, ਪੈਡਲ ਬੋਟਿੰਗ ਅਤੇ ਪ੍ਰਵਾਸੀ ਪੰਛੀਆਂ ਬਾਰੇ ਜਾਣਕਾਰੀ ਦੇਣ ਵਾਲੇ ਬੋਰਡ ਲਗਾਏ ਜਾਣਗੇ। ਉਨ੍ਹਾਂ ਕਿਹਾ ਕਿ ਕੇਸ਼ੋਪੁਰ ਛੰਭ ਦੇ ਵਿਆਖਿਆ ਕੇਂਦਰ ਨੂੰ ਵੀ ਹੋਰ ਵਿਕਸਤ ਕੀਤਾ ਜਾਵੇਗਾ ਤਾਂ ਜੋ ਏਥੇ ਕੁਦਰਤ ਅਤੇ ਪਰਵਾਸੀ ਪੰਛੀਆਂ ਦਾ ਅਨੰਦ ਮਾਨਣ ਆਉਣ ਵਾਲੇ ਵਿਅਕਤੀਆਂ ਨੂੰ ਕੇਸ਼ੋਪੁਰ ਛੰਭ ਅਤੇ ਏਥੇ ਆਉਣ ਵਾਲੇ ਪੰਛੀਆਂ ਬਾਰੇ ਮੁਕੰਮਲ ਜਾਣਕਾਰੀ ਮਿਲ ਸਕੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕੇਸ਼ੋਪੁਰ ਛੰਭ, ਗੁਰਦਾਸਪੁਰ ਸ਼ਹਿਰ ਤੋਂ 5 ਕਿਲੋਮੀਟਰ ਦੂਰ ਬਹਿਰਾਮਪੁਰ ਸੜਕ 'ਤੇ ਸਥਿਤ ਹੈ ਅਤੇ ਇਹ ਕੇਸ਼ੋਪੁਰ, ਮਿਆਣੀ, ਡੱਲਾ, ਮੱਟਮ ਤੇ ਮਗਰ ਮੂੰਧੀਆਂ ਨਾਂਅ ਦੇ ਪਿੰਡਾਂ ਤੱਕ 850 ਏਕੜ ਰਕਬੇ ਵਿੱਚ ਇਹ ਛੰਭ ਫੈਲੀ ਹੋਈ ਹੈ। ਇੱਥੇ ਛੋਟੇ ਤੇ ਵੱਡੇ ਕੁਦਰਤੀ ਤਲਾਬ ਹਨ, ਜਿਨ੍ਹਾਂ 'ਚ ਬਹੁਤਾ ਪਾਣੀ ਨਹੀਂ ਹੁੰਦਾ। ਉਨ੍ਹਾਂ ਦੱਸਿਆ ਕਿ ਕੇਸ਼ੋਪੁਰ ਛੰਭ ਦਾ ਪੂਰਾ ਨਾਂਅ ਮਾਰਚ 2013 'ਚ 'ਕੇਸ਼ੋਪੁਰ ਛੰਭ ਕਮਿਊਨਿਟੀ ਰਿਜ਼ਰਵ' ਰੱਖਿਆ ਗਿਆ ਸੀ ਅਤੇ ਇਹ ਹੁਣ ਰਾਮਸਰ ਸਾਈਟ ਵਿੱਚ ਸ਼ੁਮਾਰ ਹੈ। ਵਣ-ਜੀਵਨ ਵਿਭਾਗ ਨੇ ਇਸ ਨੂੰ ਪੰਛੀਆਂ ਦੀ ਰੱਖ ਵਜੋਂ ਵਿਕਸਤ ਕਰਨ ਦਾ ਫੈਸਲਾ ਕੀਤਾ ਸੀ।

ਪ੍ਰਵਾਸੀ ਪੰਛੀ ਹਰ ਸਾਲ ਠੰਢ ਦਾ ਮੌਸਮ ਸ਼ੁਰੂ ਹੁੰਦਿਆਂ ਹੀ ਮੱਧ-ਪੂਰਬੀ ਦੇਸ਼ਾਂ, ਸਾਈਬੇਰੀਆ ਦੇ ਬਰਫਾਨੀ ਮੈਦਾਨਾਂ, ਅਫ਼ਗਾਨਿਸਤਾਨ, ਤਿੱਬਤ, ਚੀਨ ਤੇ ਰੂਸ ਜਿਹੇ ਦੇਸ਼ਾਂ ਤੋਂ ਹਜ਼ਾਰਾਂ ਕਿਲੋਮੀਟਰ ਦਾ ਸਫ਼ਰ ਤਹਿ ਕਰਕੇ ਕੇਸ਼ੋਪੁਰ ਛੰਭ ਪਹੁੰਚਦੇ ਹਨ। ਇਹ ਪ੍ਰਵਾਸੀ ਪੰਛੀ ਮਾਰਚ ਮਹੀਨੇ ਦੇ ਅੱਧ ਤੱਕ ਇਥੇ ਹੀ ਰਹਿੰਦੇ ਹਨ ਅਤੇ ਗਰਮੀ ਵੱਧਣ ਦੇ ਨਾਲ ਹੀ ਆਪੋ-ਆਪਣੇ ਦੇਸ਼ਾਂ ਨੂੰ ਪਰਤ ਜਾਂਦੇ ਹਨ। ਇੱਥੇ ਕਰੀਬ 60 ਤੋਂ ਵੱਧ ਪ੍ਰਜਾਤੀਆਂ ਦੇ ਪੰਛੀ ਆਉਂਦੇ ਹਨ ਜਿਨ੍ਹਾਂ ਵਿੱਚ ਸਾਰਸ, ਹੰਸ, ਮੁਰਗਾਬੀਆਂ ਤੇ ਹੋਰ ਬਹੁਤ ਸਾਰੇ ਵਿਦੇਸ਼ੀ ਪੰਛੀ ਸ਼ਾਮਲ ਹਨ। ਦੱਸਣਯੋਗ ਹੈ ਕਿ ਹਰ ਸਾਲ ਸਰਦੀ ਦੇ ਮੌਸਮ ਵਿਚ ਔਸਤਨ 25 ਤੋਂ 30 ਹਜ਼ਾਰ ਪ੍ਰਵਾਸੀ ਪੰਛੀ ਇਥੇ ਆਉਂਦੇ ਹਨ। 'ਵਰਲਡ ਵਾਈਡ ਫੰਡ' ਦੀ ਭਾਰਤੀ ਇਕਾਈ ਵੱਲੋਂ ਹਰ ਸਾਲ ਜਨਵਰੀ-ਫਰਵਰੀ ਦੇ ਮਹੀਨੇ ਪ੍ਰਵਾਸੀ ਪੰਛੀਆਂ ਦੀ ਗਿਣਤੀ ਕੀਤੀ ਜਾਂਦੀ ਹੈ ਅਤੇ ਇਹ ਰਿਕਾਰਡ ਰੱਖਿਆ ਜਾਂਦਾ ਹੈ ਕਿ ਕਿਹੜੀ-ਕਿਹੜੀ ਪ੍ਰਜਾਤੀ ਦੇ ਕਿੰਨੇ ਪ੍ਰਵਾਸੀ ਪੰਛੀਆਂ ਨੇ ਇਥੇ ਪ੍ਰਵਾਸ ਕੀਤਾ ਹੈ। ਕੇਸ਼ੋਪੁਰ ਛੰਭ ਪ੍ਰਵਾਸੀ ਪੰਛੀਆਂ ਲਈ ਕਿਸੇ ਸਵਰਗ ਨਾਲੋਂ ਘੱਟ ਨਹੀਂ ਹੈ। ਇਹੀ ਕਾਰਨ ਹੈ ਕਿ ਸਾਈਬੇਰੀਆ ਦੇ ਬਰਫਾਨੀ ਇਲਾਕੇ ਦੇ ਪੰਛੀ ਸਾਰਸ ਕਰੇਨ ਇਥੇ ਵੱਡੀ ਗਿਣਤੀ ਵਿੱਚ ਪਹੁੰਚਦੇ ਹਨ। ਕੇਸ਼ੋਪੁਰ ਛੰਭ ਵਿਖੇ ਸੈਲਾਨੀਆਂ ਅਤੇ ਪੰਛੀ ਪ੍ਰੇਮੀਆਂ ਦੀ ਸਹੂਲਤ ਸਹਾਇਤਾ ਲਈ ਪੰਜਾਬ ਸਰਕਾਰ ਵੱਲੋਂ 5 ਕਰੋੜ ਰੁਪਏ ਦੀ ਲਾਗਤ ਨਾਲ ਬਹੁਤ ਖ਼ੂਬਸੂਰਤ ਵਿਆਖਿਆ ਕੇਂਦਰ ਬਣਾਇਆ ਗਿਆ ਹੈ, ਜਿਥੇ ਜੰਗਲੀ ਜੀਵ ਸੁਰੱਖਿਆ ਵਿਭਾਗ ਵੱਲੋਂ ਕੇਸ਼ੋਪੁਰ ਛੰਭ ਅਤੇ ਇਥੇ ਆਉਣ ਵਾਲੇ ਪ੍ਰਵਾਸੀ ਪੰਛੀਆਂ ਬਾਰੇ ਵਿਸਥਾਰ ਜਾਣਕਾਰੀ ਦਿੱਤੀ ਜਾਂਦੀ ਹੈ। ਕੇਸ਼ੋਪੁਰ ਛੰਭ ਵਿੱਚ ਸੂਬਾ ਸਰਕਾਰ ਵੱਲੋਂ ਉੱਚੇ ਟਾਵਰ ਵੀ ਬਣਾਏ ਗਏ ਹਨ ਅਤੇ ਦੂਰਬੀਨ ਦੀ ਸਹੂਲਤ ਦਿੱਤੀ ਗਈ ਹੈ ਤਾਂ ਜੋ ਪੰਛੀ ਪ੍ਰੇਮੀ ਪੰਛੀਆਂ ਨੂੰ ਨੇੜੇ ਤੋਂ ਨੀਝ ਨਾਲ ਦੇਖ ਸਕਣ।

# ਸਵ: ਇੰਸਪੈਕਟਰ ਮੁਕੰਦ ਸਿੰਘ ਨੂੰ ਵੱਖ-ਵੱਖ ਆਗੂਆਂ ਨੇ ਦਿੱਤੀਆਂ ਸ਼ਰਧਾਂਜਲੀਆਂ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਵ: ਰਿਟਾਇਰਡ ਇੰਸਪੈਕਟਰ ਮੁਕੰਦ ਸਿੰਘ ਦਾ ਸ਼ਰਧਾਂਜਲੀ ਸਮਾਗਮ ਗੁਰਦਵਾਰਾ ਰਵਿਦਾਸ ਸਾਹਿਬ ਮਲਕਾਣਾ ਪੱਤੀ ਵਿਖੇ ਸੰਪੰਨ ਹੋਇਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਕ੍ਰਿਪਾਲ ਸਿੰਘ ਬਡੂੰਗਰ, ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ, ਸਾਬਕਾ ਵਿਧਾਇਕ ਜਗਤਾਰ ਸਿੰਘ ਰਾਜਲਾ, ਅਗਰਵਾਲ ਧਰਮਸਾਲਾ ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜੀਵਨ ਗਰਗ, ਮਾਸਟਰ ਜਸਬੀਰ ਸਿੰਘ, ਰਿਟਾਇਰ ਡੀ ਐਸ ਪੀ ਨਾਹਰ ਸਿੰਘ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਾਜ ਕੁਮਾਰ ਗਰਗ, ਸੰਤ ਨਿਰੰਕਾਰੀ ਮਿਸ਼ਨ ਸਮਾਣਾ ਬ੍ਰਾਂਚ ਦੇ ਸੰਯੋਜਕ ਸੁਰਿੰਦਰ ਸਿੰਘ ਐਡਵੋਕੇਟ, ਬਾਰ ਐਸੋਸੀਏਸ਼ਨ ਸਮਾਣਾ ਦੇ ਸਾਬਕਾ ਪ੍ਰਧਾਨ ਰਾਜ ਕੁਮਾਰ ਭਾਨ ਐਡਵੋਕੇਟ, ਇੰਪਰੂਵਮੈਂਟ ਟਰੱਸਟ ਸਮਾਣਾ ਦੇ ਸਾਬਕਾ ਚੇਅਰਮੈਨ ਅਸ਼ੋਕ ਮੋਦਗਿੱਲ, ਸਾਬਕਾ ਕੌਂਸਲਰ ਸੁਦਰਸ਼ਨ ਮਿੱਤਲ, ਮੌਜੂਦਾ ਕੌਂਸਲਰ ਬਲਵਿੰਦਰ ਸਿੰਘ ਬੱਬੂ, ਐਡਵੋਕੇਟ ਜਸਪਾਲ ਸਿੰਘ, ਬਹੁਜਨ ਸਮਾਜ ਪਾਰਟੀ ਪਟਿਆਲਾ ਦੇ ਪ੍ਰਧਾਨ ਮੱਘਰ ਸਿੰਘ, ਗੁਰਦੁਆਰਾ ਭਗਤ ਰਵਿਦਾਸ ਮੁਲਕਾਣਾਂ ਪੱਤੀ ਸਮਾਣਾ ਦੇ ਪ੍ਰਧਾਨ ਰਾਜ ਸਿੰਘ ਅਤੇ ਹੋਰ ਸਮਾਜਿਕ ਰਾਜਨੀਤਕ ਅਤੇ ਧਾਰਮਿਕ ਜਥੇਬੰਦੀਆਂ ਦੇ ਆਗੂਆਂ ਨੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਮੁਕੰਦ ਸਿੰਘ ਰਿਟਾਇਰਮੈਂਟ ਉਪਰੰਤ ਉਹ ਨਿਰੰਕਾਰੀ ਮਿਸ਼ਨ ਨਾਲ ਪੱਕੇ ਤੌਰ 'ਤੇ ਜੁੜ ਗਏ, ਸੇਵਾ, ਸਤਿਸੰਗ, ਸਿਮਰਨ ਉਨ੍ਹਾਂ ਦੇ ਜੀਵਨ ਦਾ ਆਧਾਰ ਬਣ ਗਿਆ। ਉਨ੍ਹਾਂ ਵੱਲੋਂ ਆਪਣੇ ਬੱਚਿਆਂ ਨੂੰ ਦਿੱਤੇ ਚੰਗੇ ਸੰਸਕਾਰਾਂ ਤੇ ਸਿੱਖਿਆ ਸਦਕਾ ਉਨ੍ਹਾਂ ਦਾ ਛੋਟਾ ਬੇਟਾ ਰਵਿੰਦਰ ਸਿੰਘ ਸਰਕਾਰੀ ਅਧਿਆਪਕ ਸਨ, ਜੋ ਪਿਛਲੇ ਸਾਲ ਜਵਾਨੀ ਅਵਸਥਾ ਵਿੱਚ ਹੀ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਕਹਿ ਕੇ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ। ਸਪੁੱਤਰੀ ਬਲਜਿੰਦਰ ਕੌਰ ਸਰਕਾਰੀ ਅਧਿਆਪਕ ਵਜੋਂ ਸੇਵਾ ਨਿਭਾਅ ਰਹੇ ਹਨ। ਵੱਡਾ ਬੇਟਾ ਹਰਜਿੰਦਰ ਸਿੰਘ ਹੈਪੀ ਸਮਾਜ ਵਿਚ ਚੰਗਾ ਨਮਾਣਾ ਖੱਟ ਰਹੇ ਹਨ।

ਸਵ: ਮੁਕੰਦ ਸਿੰਘ ਤੂਰ ਕਰੀਬ 80 ਸਾਲ ਦੀ ਉਮਰ ਭੋਗ ਕੇ ਸੰਖੇਪ ਬਿਮਾਰੀ ਕਾਰਨ 9 ਜੂਨ ਨੂੰ ਇਸ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਕੇ ਨਿਰੰਕਾਰ ਪ੍ਰਭੂ ਦੇ ਚਰਨਾਂ ਵਿਚ ਜਾ ਬਿਰਾਜੇ। ਇਸ ਮੌਕੇ ਗੁਰਦੁਆਰਾ ਰਵਿਦਾਸ ਸਾਹਿਬ ਮਲਕਾਣਾ ਮਾਜਰੀ ਦੇ ਪ੍ਰਬੰਧਕਾਂ ਵੱਲੋਂ ਸਵਰਗੀ ਮੁਕੰਦ ਸਿੰਘ ਦੇ ਬੱਚਿਆਂ ਨੂੰ ਸਿਰੋਪਾਓ ਪਾ ਕੇ ਸਨਮਾਨਤ ਵੀ ਕੀਤਾ।

## ਬੁਢਾਪਾ ਪੈਨਸ਼ਨ ਸੰਬੰਧੀ ਪੰਜਾਬ ਸਰਕਾਰ ਵੱਲੋਂ ਜਾਰੀ ਤੁਗ਼ਲਕੀ ਫ਼ੁਰਮਾਨ ਦੀ ਨਿਖੇਧੀ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਰੈਵੋਲਿਊਸ਼ਨਰੀ ਸੋਸ਼ਲਿਸਟ ਪਾਰਟੀ (ਆਰ.ਐਸ.ਪੀ) ਦੇ ਕੇਂਦਰੀ ਕਮੇਟੀ ਮੈਂਬਰ ਕਰਨੈਲ ਸਿੰਘ ਇਕੋਲਾਹਾ ਨੇ ਆਰਐਸਪੀ ਵੱਲੋਂ ਬੁਢਾਪਾ ਪੈਨਸ਼ਨ ਸਬੰਧੀ ਪੰਜਾਬ ਸਰਕਾਰ ਵੱਲੋਂ ਜਾਰੀ ਤੁਗ਼ਲਕੀ ਫਰਮਾਨ ਦੀ ਕੀਤੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਆਪਣਾ ਲੋਕ ਵਿਰੋਧੀ ਫੈਸਲਾ ਤੁਰੰਤ ਲਵੇ ਵਾਪਸ, ਨਹੀਂ ਤਾਂ ਸੰਘਰਸ਼ ਲਈ ਹੋਵਾਂਗੇ ਮਜਬੂਰ ਹੋਵਾਂਗੇ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਨਵੇਂ ਪੱਤਰ ਅਨੁਸਾਰ ਹੁਣ ਬੁਢਾਪਾ ਪੈਨਸ਼ਨ ਦਾ ਲਾਭ ਲੈਣ ਲਈ ਜਨਮ ਸਰਟੀਫ਼ਿਕੇਟ ਤੇ ਦਸਵੀਂ ਕਲਾਸ ਦਾ ਸਰਟੀਫ਼ਿਕੇਟ ਜਾ ਸਕੂਲ ਛੱਡਣ ਦਾ ਸਰਟੀਫ਼ਿਕੇਟ ਲਾਜ਼ਮੀ ਕਰ ਦਿੱਤਾ ਹੈ। ਅਜੋਕੇ ਸਮੇਂ ਬੁਢਾਪਾ ਪੈਨਸ਼ਨ ਲੈਣ ਦੇ ਯੋਗ ਵਿਅਕਤੀ ਤਕਰੀਬਨ 90% ਅਨਪੜ੍ਹ ਹਨ ਜਾਂ ਬਹੁਤਿਆਂ ਦੀ ਜਨਮ ਦੀ ਤਰੀਕ ਦਰਜ ਹੀ ਨਹੀਂ ਕਰਾਈ ਗਈ ਸੀ। ਪਿੰਡ-ਸ਼ਹਿਰ 'ਚ ਕੋਈ ਕੋਈ ਦਾਈ ਜਾਂ ਪਿੰਡ ਦਾ ਚੌਕੀਦਾਰ ਹੀ ਹੁੰਦਾ ਸੀ, ਜੇਹੜਾ ਮਰਜ਼ੀ ਨਾਲ ਜਾ ਕੇ ਨਾਮ ਲਿਖਾ ਆਉਂਦਾ ਸੀ। ਅੱਜ ਜੋ ਲੋਕ 60 ਸਾਲ ਦੇ ਕਰੀਬ ਹਨ, ਉਨ੍ਹਾਂ ਦੀ ਜਨਮ ਤਰੀਕ ਦਰਜ ਨਾ ਹੋਣ ਕਰਕੇ ਬਹੁਤਿਆਂ ਦੇ ਜਨਮ ਸਰੀਫਿਕੇਟ ਨਹੀਂ ਬਣੇ ਹੋਏ। ਪਿੰਡਾਂ ਦੇ ਲੋਕ ਬਹੁਤ ਘੱਟ ਪੜ੍ਹੇ ਲਿਖੇ ਹਨ, ਜਿਨ੍ਹਾਂ ਵਿੱਚ ਵੱਡੀ ਗਿਣਤੀ ਔਰਤਾਂ ਅਨਪੜ੍ਹ ਹਨ। ਕਾਮਰੇਡ ਇਕੋਲਾਹਾ ਨੇ ਪੰਜਾਬ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਸਰਕਾਰ ਵੱਲੋਂ ਇੱਕ ਦੇ ਬਾਅਦ ਇੱਕ ਹਰ ਵਰਗ ਨਾਲ ਧੱਕੇਸ਼ਾਹੀ ਕਰਦੇ ਹੋਏ ਜਨਤਾ ਨੂੰ ਮਿਲਦੀਆਂ ਸਹੂਲਤਾਂ ਵੀ ਵਿੰਗੇ-ਟੇਢੇ ਢੰਗ ਨਾਲ ਖੋਹੀਆਂ ਜਾ ਰਹੀਆਂ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਲੋਕ ਵਿਰੋਧੀ ਫੈਸਲਾ ਤੁਰੰਤ ਵਾਪਸ ਲੈਣ ਦੀ ਅਪੀਲ ਕੀਤੀ। ਉਨ੍ਹਾਂ ਅੰਤ ਵਿੱਚ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਆਪਣਾ ਇਹ ਫ਼ੈਸਲਾ ਵਾਪਸ ਨਾ ਲਿਆ ਤਾਂ ਭਵਿੱਖ ਵਿੱਚ ਲੋਕਾਂ ਦੇ ਰੋਹ ਦਾ ਸਾਹਮਣਾ ਕਰਨ ਲਈ ਤਿਆਰ ਰਹੇ।

## ਤੀਰਥ ਸਿੰਘ ਸਕਰੀ ਨੂੰ ਭਾਵ-ਭਿੰਨੀਆਂ ਸ਼ਰਧਾਂਜਲੀਆਂ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨਤਾਰਨ ਦੇ ਸਕੱਤਰ ਹਰਜਿੰਦਰ ਸਿੰਘ ਸਕਰੀ ਦੇ ਪਿਤਾ ਸਰਦਾਰ ਤੀਰਥ ਸਿੰਘ ਸਕਰੀ ਦੀ ਅੰਤਿਮ ਅਰਦਾਸ 'ਤੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ, ਸੂਬਾ ਜਨਰਲ ਸਕੱਤਰ ਰਾਣਾ ਰਣਬੀਰ ਸਿੰਘ, ਸੂਬਾ ਆਗੂ ਜਸਬੀਰ ਸਿੰਘ ਪਿੱਦੀ, ਸਤਨਾਮ ਸਿੰਘ ਪੰਨੂ, ਸਰਵਣ ਸਿੰਘ ਪੰਧੇਰ, ਗੁਰਬਚਨ ਸਿੰਘ ਚੱਬਾ, ਹਰਪ੍ਰੀਤ ਸਿੰਘ ਸਿੱਧਵਾਂ, ਗੁਰਲਾਲ ਸਿੰਘ ਪੰਡੋਰੀ, ਸਤਨਾਮ ਸਿੰਘ ਮਾਣੋਚਾਹਲ, ਜਰਮਨਜੀਤ ਸਿੰਘ ਬੰਡਾਲਾ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਤੀਰਥ ਸਿੰਘ ਸੰਧੂ ਦੇ ਸਵਰਗਵਾਸ ਹੋਣ ਨਾਲ ਜਿੱਥੇ ਪਰਿਵਾਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ ਉੱਥੇ ਹੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੀ ਇਕ ਸਿਰੜੀ ਆਗੂ ਤੋਂ ਮਹਿਰੂਮ ਹੋ ਗਈ ਹੈ। ਸ਼ਰਧਾਂਜਲੀ ਦਿੰਦਿਆਂ ਹੋਰ ਆਗੂਆਂ ਨੇ ਕਿਹਾ ਕਿ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਇਹੋ ਹੈ ਕਿ ਸਾਨੂੰ ਸੱਚੀ-ਸੁੱਚੀ ਕਿਰਤ ਦੇ ਨਾਲ-ਨਾਲ ਜੱਥੇਬੰਦਕ ਹੋ ਕੇ ਲੋਕਾਂ ਦੇ ਹੱਕ ਵਿੱਚ ਆਵਾਜ਼ ਨੂੰ ਸਰਕਾਰ ਤੱਕ ਪੁਜਦਾ ਕਰਦੇ ਰਹੀਏ। ਇਸ ਮੌਕੇ ਹੋਰਨਾਂ ਤੋਂ ਇਲਾਵਾ, ਰਣਜੀਤ ਸਿੰਘ ਕਲੇਰਬਾਲਾ, ਇੰਦਰਜੀਤ ਸਿੰਘ ਫਿਰੋਜ਼ਪੁਰ, ਸਲਵਿੰਦਰ ਸਿੰਘ ਜਲੰਧਰ, ਫਤਿਹ ਸਿੰਘ ਪਿੱਦੀ, ਦਿਆਲ ਸਿੰਘ ਮੀਆਂਵਿੰਡ, ਬਲਵਿੰਦਰ ਸਿੰਘ ਚੋਹਲਾ ਸਾਹਿਬ, ਰੇਸ਼ਮ ਸਿੰਘ ਘੁਰਕਵਿੰਡ, ਨਵਤੇਜ ਸਿੰਘ ਏਕਲਗੱਡਾ, ਰਣਯੋਧ ਸਿੰਘ ਗੱਗੋਬੂਹਾ, ਅਜੀਤ ਸਿੰਘ ਚੰਬਾ, ਮਨਜਿੰਦਰ ਸਿੰਘ ਗੋਹਲਵੜ, ਸਲਵਿੰਦਰ ਸਿੰਘ ਜੀਉਬਾਲਾ, ਸਰਵਣ ਸਿੰਘ ਵਲੀਪੁਰ, ਮੇਹਰ ਸਿੰਘ ਤਲਵੰਡੀ, ਗੁਰਭੇਜ ਸਿੰਘ ਧਾਰੀਵਾਲ, ਕੁਲਵੰਤ ਸਿੰਘ ਭੈਲ, ਜਵਾਹਰ ਸਿੰਘ ਟਾਂਡਾ, ਨਰੰਜਣ ਸਿੰਘ ਬਰਗਾੜੀ, ਭਗਵਾਨ ਸਿੰਘ ਸੰਘਰ, ਪਰਮਜੀਤ ਸਿੰਘ ਛੀਨਾ, ਮੁਖਤਾਰ ਸਿੰਘ ਬਿਹਾਰੀਪੁਰ, ਬਲਜਿੰਦਰ ਸਿੰਘ ਸੇਰੋਂ, ਦਿਲਬਾਗ ਸਿੰਘ ਪਹੂਵਿੰਡ, ਕੁਲਵੰਤ ਸਿੰਘ ਢੋਟੀਆਂ, ਬੀਬੀ ਰਣਜੀਤ ਕੌਰ ਕੱਲਾ, ਦਵਿੰਦਰ ਕੌਰ ਪਿੱਦੀ, ਮਨਜੀਤ ਕੌਰ, ਅਜਮੇਰ ਸਿੰਘ ਕੈਰੋਂ, ਪਰਮਜੀਤ ਕੌਰ ਕੈਰੋਂ ਸਮੇਤ ਇਲਾਕੇ ਵਿੱਚੋਂ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਪੀਰ ਬਾਬਾ ਪੱਕੇ ਸ਼ਾਹ ਦੀ ਯਾਦ ਨੂੰ ਸਮਰਪਤ ਸਾਲਾਨਾ ਮੇਲਾ 25 ਨੂੰ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਸਥਾਨਕ ਸ਼ਹਿਰ ਅਜਨਾਲਾ ਦੀ ਕੀਰਤਨ ਸੋਸਾਇਟੀ ਦੇ ਖੁੱਲ੍ਹੇ ਮੈਦਾਨ ਤੋਂ ਕੁਝ ਦੂਰੀ 'ਤੇ ਸ਼ੱਕੀ ਨਾਲੇ ਕੰਢੇ ਸਥਿਤ ਪੀਰ ਬਾਬਾ ਪੱਕੇ ਸ਼ਾਹ ਦੀ ਯਾਦ 'ਚ 25 ਜੂਨ ਨੂੰ ਸਾਲਾਨਾ ਮੇਲਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਸ ਸੰਬੰਧੀ ਮੇਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁੱਖ ਨਿੱਝਰ ਵੱਲੋਂ ਓਐੱਸਡੀ ਐਡਵੋਕੇਟ ਰਾਜੀਵ ਮਦਾਨ ਤੇ ਓਐੱਸਡੀ ਚਰਨਜੀਤ ਸਿੰਘ ਸਿੱਧੂ ਦੀ ਸਾਂਝੀ ਅਗਵਾਈ 'ਚ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਮੇਲੇ 'ਚ ਵਿਸ਼ੇਸ਼ ਤੌਰ 'ਤੇ ਪੁੱਜਣ ਲਈ ਸੱਦਾ ਪੱਤਰ ਦੇਣ ਉਪਰੰਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੇਲੇ 'ਚ ਵੱਡੀ ਗਿਣਤੀ 'ਚ ਪੁੱਜਣ ਵਾਲੀਆਂ ਸੰਗਤਾਂ 'ਚ ਕੈਬਨਿਟ ਮੰਤਰੀ ਧਾਲੀਵਾਲ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰਨਗੇ ਜਦੋਂਕਿ ਲੋਕ ਗਾਇਕ ਰਾਜ ਅਲਗੜ੍ਹ ਤੇ ਮਿਸ ਨੀਲਮ ਤੇ ਅੰਮ੍ਰਿਤ ਕੱਵਾਲ ਆਪਣੇ ਸਾਥੀਆਂ ਨਾਲ ਸੰਗਤਾਂ ਨੂੰ ਧਾਰਮਿਕ ਗੀਤ ਤੇ ਕੱਵਾਲੀਆਂ ਸੁਣਾ ਕੇ ਨਿਹਾਲ ਕਰਨਗੇ। ਇਸ ਮੌਕੇ ਮੇਲਾ ਕਮੇਟੀ ਮੈਂਬਰ ਰਘੂ ਰਾਜਾ, ਸੀਨੀਅਰ ਨੌਜਵਾਨ ਆਗੂ ਅਜੇ ਕੁਮਾਰ, ਅਮਨ ਭਗਤ, ਅੰਮ੍ਰਿਤਪਾਲ ਸਿੰਘ, ਹੈਪੀ ਮੁਕਾਮ, ਜਸਬੀਰ ਸਰਾਂ, ਬਾਬਾ ਸੰਦੀਪ, ਰਿੰਕੂ, ਸੰਨੀ ਚੋਪੜਾ ਅਤੇ ਵਿਸ਼ਾਲ ਡੀਜੇ ਆਦਿ ਹਾਜ਼ਰ ਸਨ।

## ਪਿੰਡ-ਪਿੰਡ ਬੱਚਿਆਂ ਦੇ ਗੁਰਮਤਿ ਸਮਰ ਕੈਂਪਾਂ ਦੀ ਲੜੀ ਜਾਰੀ : ਜਥੇਦਾਰ ਗੋਰਾ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਬੱਚਿਆਂ ਨੂੰ ਗੁਰਸਿੱਖੀ ਤੇ ਗੁਰਬਾਣੀ ਨਾਲ ਜੋੜਨਾ ਮੇਰੀ ਜ਼ਿੰਦਗੀ ਦਾ ਮੁੱਖ ਮਕਸਦ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਹਲਕਾ ਬਟਾਲਾ ਤੋਂ ਧਾਰਮਿਕ ਨੁਮਾਇੰਦਗੀ ਕਰ ਰਹੇ ਧਾਰਮਿਕ ਆਗੂ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੇਸ਼ ਭਰ ਵਿਖੇ ਆਰੰਭ ਕੀਤੀ ਗਈ ਗੁਰਮਤਿ ਸਮਰ ਕੈਂਪਾਂ ਦੀ ਲੜੀ ਨੂੰ ਨਿਰੰਤਰ ਜਾਰੀ ਰੱਖਦਿਆਂ ਗੁਰਦੁਆਰਾ ਸਾਹਿਬ ਪਿੰਡ ਦੁਨੀਆ ਸੰਧੂ ਵਿਖੇ ਬੱਚਿਆਂ ਦੇ ਛੇਵੇਂ ਹਫਤਾਵਾਰੀ ਗੁਰਮਤਿ ਸਮਰ ਕੈਂਪ ਦੀ ਸੰਪੂਰਨਤਾ ਮੌਕੇ ਸੰਬੋਧਨ ਕਰਦਿਆਂ ਪ੍ਰਗਟਾਏ। ਜਥੇਦਾਰ ਗੋਰਾ ਨੇ ਕਿਹਾ ਕਿ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਪਿੰਡ-ਪਿੰਡ ਗੁਰਦੁਆਰਾ ਸਾਹਿਬ ਵਿਖੇ ਗੁਰਮਤਿ ਸਮਰ ਕੈਂਪ ਲਗਾ ਕੇ ਬੱਚਿਆਂ ਨੂੰ ਗੁਰਬਾਣੀ ਤੇ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਕੈਂਪ ਲਗਾਏ ਜਾ ਰਹੇ ਹਨ। ਇਹ ਸਮਰ ਕੈਂਪ ਭਾਈ ਬਲਬੀਰ ਸਿੰਘ ਸੇਖਵਾਂ ਪ੍ਰਚਾਰਕ ਧਰਮ ਪ੍ਰਚਾਰ ਕਮੇਟੀ, ਭਾਈ ਸਿਮਰਨਜੀਤ ਸਿੰਘ ਕੋਟ ਟੋਡਰ ਮੱਲ ਪ੍ਰਚਾਰਕ,ਪਲਵਿੰਦਰ ਪਾਲ ਸਿੰਘ, ਭਾਈ ਪ੍ਰਸ਼ਾਂਤ ਸਿੰਘ, ਭਾਈ ਕੰਵਲਜੀਤ ਸਿੰਘ, ਭਾਈ ਗੁਰਪਿੰਦਰ ਸਿੰਘ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਕੈਂਪ ਵਿੱਚ 37 ਬੱਚਿਆਂ ਨੂੰ ਸਿੱਖ ਧਰਮ ਦੀ ਮੁੱਢਲੀ ਸਿੱਖਿਆ ਦਿੱਤੀ ਗਈ। ਗੁਰਮਤਿ ਸਮਰ ਕੈਂਪ ਦੀ ਸੰਪੂਰਨਤਾ ਮੌਕੇ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਨੇ ਪਿੰਡ ਦੁਨੀਆ ਸੰਧੂ ਦੇ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਬੱਚਿਆਂ ਨੂੰ ਦਿੱਤੀ ਗਈ ਧਾਰਮਿਕ ਸਿੱਖਿਆ ਦੇ ਸਵਾਲ ਸੰਗਤਾਂ ਤੇ ਮਾਪਿਆਂ ਦੀ ਹਾਜ਼ਰੀ ਵਿੱਚ ਪੁੱਛੇ ਜਿਨਾਂ ਦੇ ਬੱਚਿਆਂ ਨੇ ਸਟੇਜ 'ਤੇ ਆਣ ਕੇ ਬਾਖੂਬੀ ਜਵਾਬ ਦਿੱਤੇ। ਸੰਗਤਾਂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਵੱਲੋਂ ਕੀਤੇ ਜਾ ਰਹੇ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ। ਅੰਤ ਵਿੱਚ ਜਥੇਦਾਰ ਗੋਰਾ ਨੇ ਪਿੰਡ ਦੁਨੀਆ ਸੰਧੂ ਦੀਆਂ ਸੰਗਤਾਂ, ਗੁਰਦੁਆਰਾ ਪ੍ਰਬੰਧਕ ਕਮੇਟੀ, ਮਾਪਿਆਂ ਅਤੇ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਸਾਹਿਬਾਨ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਗੁਰਮਤਿ ਸਮਰ ਕੈਂਪ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਬਲਵਿੰਦਰ ਸਿੰਘ ਕਾਹਲਵਾਂ ਸਕੱਤਰ ਧਰਮ ਪ੍ਰਚਾਰ ਕਮੇਟੀ ਵੱਲੋਂ ਭੇਜੇ ਮੈਡਲ, ਧਾਰਮਿਕ ਪੁਸਤਕਾਂ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਦੀਦਾਰ ਸਿੰਘ ਸੰਧੂ ਪ੍ਰਧਾਨ, ਹਰਭਜਨ ਸਿੰਘ ਮੀਤ ਪ੍ਰਧਾਨ, ਭੁਪਿੰਦਰ ਸਿੰਘ ਸੈਕਟਰੀ, ਕੁਲਬੀਰ ਸਿੰਘ ਖਜ਼ਾਨਚੀ, ਭਗਵਾਨ ਸਿੰਘ, ਕਸ਼ਮੀਰ ਸਿੰਘ ਸੰਧੂ, ਸਿਮਰਤਪਾਲ ਸਿੰਘ ਭਾਟੀਆ ਆਦਿ ਨਗਰ ਦੇ ਮੋਹਤਬਰ, ਸੰਗਤਾਂ ਅਤੇ ਬੱਚਿਆਂ ਦੇ ਮਾਤਾ-ਪਿਤਾ ਤੇ ਪਰਿਵਾਰਕ ਮੈਂਬਰ ਹਾਜ਼ਰ ਸਨ।

# ਠੱਠਾ ਦੇ ਤਿੰਨ ਦਰਜਨ ਪਰਵਾਰ ਆਮ ਆਦਮੀ ਪਾਰਟੀ 'ਚ ਸ਼ਾਮਲ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਠੱਠਾ ਵਿਖੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਗੁਰਵਿੰਦਰ ਸਿੰਘ ਢਿੱਲੋਂ ਵਿਸਕੀ ਦੀ ਅਗਵਾਈ ਹੇਠ ਪਿੰਡ ਠੱਠਾ ਨੇੜੇ ਨਵੀਂ ਬਣੀ ਕਲੋਨ ਵਿਖੇ ਕਲੋਨੀ ਵਾਸੀਆਂ ਨੂੰ ਆ ਰਹੀਆਂ ਮੁਸ਼ਲਾਂ ਜਿਵੇਂ ਗੰਦੇ ਪਾਣੀ ਦੇ ਨਿਕਾਸ ਲਈ ਸੀਵਰੇਜ ਸਿਸਟਮ, ਬਿਜਲੀ ਦੇ ਮੀਟਰ ਨਾ ਲੱਗਣ ਦੀਆਂ ਆ ਰਹੀਆਂ ਮੁਸ਼ਕਲਾਂ ਦੇ ਹੱਲ ਲਈ ਮੀਟਿੰਗ ਕੀਤੀ ਗਈ ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਹਲਕਾ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਪਹੁੰਚ ਕੇ ਮੁਸ਼ਕਲਾਂ ਸੁਣੀਆਂ ਤੇ ਵਿਸ਼ਵਾਸ ਦਿਵਾਇਆ ਕਿ ਇਨ੍ਹਾਂ ਮੁਸ਼ਕਲਾਂ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਦੀ ਕੋਸ਼ਿਸ਼ ਕਰਨਗੇ। ਇਸ ਮੌਕੇ ਅਵਤਾਰ ਸਿੰਘ ਫੌਜੀ, ਸਵਿੰਦਰ ਸਿੰਘ, ਬਾਬਾ ਬੇਲਾ ਸਿੰਘ, ਹਲਵਾਈ ਮੋਹਨ ਸਿੰਘ, ਮਿਸਤਰੀ ਜਗੀਰ ਸਿੰਘ, ਮਨਦੀਪ ਸਿੰਘ, ਹਰਦੇਵ ਸਿੰਘ, ਸਰਬਜੀਤ ਸਿੰਘ ਹਰਭਜਨ ਸਿੰਘ, ਸੁਰਜੀਤ ਸਿੰਘ, ਜਗਤਾਰ ਸਿੰਘ, ਸਵਿੰਦਰ ਸਿੰਘ ਕਾਬਲ ਸਿੰਘ ਫੌਜੀ, ਜਸਵਿੰਦਰ ਸਿੰਘ, ਪ੍ਰੋਪਰਟੀ ਡੀਲਰ ਲਖਵਿੰਦਰ ਸਿੰਘ, ਧਰਮਿੰਦਰ ਸਿੰਘ ਮਨਪ੍ਰੀਤ ਸਿੰਘ ਪ੍ਰੋਪਰਟੀ ਡੀਲਰ, ਡਾ. ਸੁਖਵਿੰਦਰ ਸਿੰਘ, ਰੁਪਿੰਦਰ ਸਿੰਘ, ਬੇਅੰਤ ਸਿੰਘ, ਲਾਲ ਸਿੰਘ ਖਾਲਸਾ ਤੇ ਹੋਰ ਕਰੀਬ ਤਿੰਨ ਦਰਜਨ ਪਰਿਵਾਰ ਰਵਾਇਤੀ ਪਾਰਟੀਆਂ ਅਕਾਲੀ/ਕਾਂਗਰਸ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ। ਇਸ ਮੌਕੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਪਾਰਟੀ ਵਿੱਚ ਪੂਰਾ ਮਾਣ-ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਗੁਰਵਿੰਦਰ ਸਿੰਘ ਢਿੱਲੋਂ ਵਿਸਕੀ, ਕੁਲਵਿੰਦਰ ਸਿੰਘ ਸਾਬੂ ਸਵਰਗਾਪੁਰੀ, ਪੀਏ ਕੋਮਲਦੀਪ ਸਿੰਘ, ਗੁਰਬਿੰਦਰ ਸਿੰਘ ਠੱਠਾ, ਭੋਲਾ ਸਿੰਘ, ਮਨਜੀਤ ਸਿੰਘ, ਸੁੱਖਾ ਬੋਰਾ ਵਾਲਾ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਵਲੰਟੀਅਰ ਹਾਜ਼ਰ ਸਨ।

## ਸਰਕਾਰ ਨੇ ਇਕ ਸਾਲ 'ਚ ਰਿਕਾਰਡ 29684 ਸਰਕਾਰੀ ਨੌਕਰੀਆਂ ਦਿੱਤੀਆਂ : ਜਗਰੂਪ ਸੇਖਵਾਂ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਤਕਰੀਬਨ ਇਕ ਸਾਲ ਦੇ ਵਕਫ਼ੇ ਵਿੱਚ ਸੂਬੇ ਦੇ 29,684 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ ਅਤੇ ਅਜਿਹੀਆਂ ਹੋਰ ਬਹੁਤ ਸਾਰੀਆਂ ਨੌਕਰੀਆਂ ਲਈ ਭਰਤੀ ਪ੍ਰਕਿਰਿਆ ਚੱਲ ਰਹੀ ਹੈ। ਇੱਕ ਸਾਲ ਵਿੱਚ ਏਨੀ ਵੱਡੀ ਗਿਣਤੀ ਵਿੱਚ ਬੇਰੁਜ਼ਗਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣੀਆਂ ਆਪਣੇ ਆਪ ਵਿੱਚ ਰਿਕਾਰਡ ਹੈ ਅਤੇ ਇਸ ਨਾਲ ਹਜ਼ਾਰਾਂ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਹੋਇਆ ਹੈ। ਇਹ ਪ੍ਰਗਟਾਵਾ ਕਰਦਿਆਂ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਸੂਬਾ ਸਰਕਾਰ ਨੇ ਹੁਣ ਤੱਕ ਪੰਜਾਬ ਦੇ 29 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਹਨ ਅਤੇ ਇਸ ਵੱਡ-ਆਕਾਰੀ ਟੀਚੇ ਨੂੰ ਪੜਾਅਵਾਰ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸਮੁੱਚੀ ਭਰਤੀ ਪ੍ਰਕਿਰਿਆ ਦੇ ਦੋ ਹੀ ਆਧਾਰ ਹਨ ਪਹਿਲਾ ਪਾਰਦਰਸ਼ਤਾ ਤੇ ਦੂਜਾ ਮੈਰਿਟ। ਸ੍ਰੀ ਸੇਖਵਾਂ ਨੇ ਕਿਹਾ ਕਿ ਇਸ ਸਮੁੱਚੀ ਭਰਤੀ ਪ੍ਰਕਿਰਿਆ ਲਈ ਪੁਖ਼ਤਾ ਢਾਂਚਾ ਅਪਣਾਇਆ ਗਿਆ, ਜਿਸ ਕਾਰਨ 29 ਹਜ਼ਾਰ ਤੋਂ ਵੱਧ ਨਿਯੁਕਤੀਆਂ ਵਿੱਚੋਂ ਇਕ ਵੀ ਨਿਯੁਕਤੀ ਨੂੰ ਹੁਣ ਤੱਕ ਕਿਸੇ ਵੀ ਅਦਾਲਤ ਵਿੱਚ ਚੁਣੌਤੀ ਨਹੀਂ ਦਿੱਤੀ ਗਈ। ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਹੁਣ ਉਹ ਦਿਨ ਦੂਰ ਨਹੀਂ, ਜਦੋਂ ਸੂਬਾ ਸਰਕਾਰ ਦੀਆਂ ਅਣਥੱਕ ਕੋਸ਼ਿਸ਼ਾਂ ਨਾਲ ਪੰਜਾਬ ਦੇਸ਼ ਭਰ ਵਿੱਚੋਂ ਮੋਹਰੀ ਸੂਬਾ ਬਣ ਕੇ ਉੱਭਰੇਗਾ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਆਉਣ ਵਾਲੀਆਂ ਨਸਲਾਂ ਲਈ ਪੰਜਾਬ ਨੂੰ ਰੰਗਲਾ ਬਣਾਉਣ ਲਈ ਪਹਿਲਾਂ ਹੀ ਵਿਆਪਕ ਯੋਜਨਾ ਉਲੀਕੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਉਨ੍ਹਾਂ ਦੀ ਮਦਦ ਕਰ ਰਹੀ ਹੈ ਅਤੇ ਨੌਜਵਾਨਾਂ ਦੇ ਵਿਚਾਰਾਂ ਨੂੰ ਉਡਾਣ ਦੇਣ ਲਈ ਸਰਕਾਰ ਵੱਲੋਂ ਹਰੇਕ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਦੜਾ ਸੱਟਾ ਦੀ ਰਾਸ਼ੀ ਸਮੇਤ ਗ੍ਰਿਫ਼ਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਗੁਰੂ ਹਰਸਹਾਏ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ 1500 ਰੁਪਏ ਰਾਸ਼ੀ ਦੜਾ ਸੱਟਾ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਜੂਆ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏਐੱਸਆਈ ਮਹਿਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਸਬੰਧੀ ਦਾਣਾ ਮੰਡੀ ਗੁਰੂ ਹਰਸਹਾਏ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਕਸ਼ਮੀਰ ਸਿੰਘ ਪੁੱਤਰ ਜੱਗਾ ਸਿੰਘ ਵਾਸੀ ਮੋਹਨ ਕੇ ਉਤਾੜ ਦੜਾ ਸੱਟਾ ਲਗਾਉਣ ਦਾ ਆਦੀ ਹੈ, ਜੋ ਹੁਣ ਵੀ ਆਪਣੇ ਘਰ ਦੇ ਬਾਹਰ ਬੈਠਾ ਦੜਾ ਸੱਟਾ ਲਗਾ ਰਿਹਾ ਹੈ। ਜੇਕਰ ਹੁਣੇ ਇਸ 'ਤੇ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ। ਪੁਲਸ ਪਾਰਟੀ ਵੱਲੋਂ ਦੋਸ਼ੀ 'ਤੇ ਛਾਪੇਮਾਰੀ ਕਰਕੇ ਕਾਬੂ ਕੀਤਾ ਗਿਆ ਤੇ ਮੌਕੇ 'ਤੇ 1500 ਰੁਪਏ ਰਾਸ਼ੀ ਦੜਾ ਸੱਟਾ ਬਰਾਮਦ ਹੋਈ।

# ਨੌਜਵਾਨ ਸੰਦੀਪ ਸਿੰਘ ਸਨੀ ਨੂੰ ਸ਼ਰਧਾਂਜਲੀਆਂ ਭੇਟ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਜੋਬਨ ਰੁੱਤੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਨੌਜਵਾਨ ਸੰਦੀਪ ਸਿੰਘ ਸਨੀ ਨਮਿਤ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਦਸੌਂਧਾ ਸਿੰਘ ਪਿੰਡ ਮਹਿਲ ਖੁਰਦ (ਬਰਨਾਲਾ) ਵਿਖੇ ਹੋਇਆ। ਇਸ ਮੌਕੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਉਪਰੰਤ ਭਾਈ ਜਗਸੀਰ ਸਿੰਘ ਖਾਲਸਾ ਮਹਿਲ ਕਲਾਂ ਦੇ ਰਾਗੀ ਜਥੇ ਨੇ ਵੈਰਾਗਮਈ ਕੀਰਤਨ ਕੀਤਾ। ਸ਼ਰਧਾਂਜਲੀ ਭੇਟ ਕਰਦਿਆਂ ਜਥੇ: ਅਜਮੇਰ ਸਿੰਘ ਮਹਿਲ ਕਲਾਂ ਨੇ ਕਿਹਾ ਕਿ ਸੰਦੀਪ ਸਿੰਘ ਸਨੀ ਨੇ ਖੜਕੇ ਕੇ ਪਰਿਵਾਰ 'ਚ ਸਵ: ਭਰਪੂਰ ਸਿੰਘ ਦੇ ਘਰ ਜਨਮ ਲਿਆ। ਭਾਵੇਂ ਬਚਪਨ 'ਚ ਹੀ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ, ਪਰ ਮਾਤਾ ਬਲਜਿੰਦਰ ਕੌਰ ਕੋਲੋਂ ਮਿਲੇ ਚੰਗੇ ਸੰਸਕਾਰਾਂ ਸਦਕਾ ਉਸ ਨੇ ਸਮਾਜ 'ਚ ਆਪਣੀ ਪਹਿਚਾਣ ਕਾਇਮ ਕਰ ਲਈ। ਉਸ ਦੀ ਹਰਮਨਪਿਆਰਤਾ ਦੀ ਗਵਾਹੀ ਅੱਜ ਦਾ ਵਿਸ਼ਾਲ ਇਕੱਠ ਭਰਦਾ ਹੈ। ਇਸ ਮੌਕੇ ਕਾਮਰੇਡ ਸੁਰਿੰਦਰ ਸਿੰਘ ਜਲਾਲਦੀਵਾਲ, ਰਿੰਕਾ ਕੁਤਬਾ ਬਾਹਮਣੀਆਂ, ਹਲਕਾ ਇੰਚਾਰਜ ਨਾਥ ਸਿੰਘ ਹਮੀਦੀ, ਰੂਬਲ ਗਿੱਲ ਕੈਨੇਡਾ, ਐਡਵੋਕੇਟ ਜਸਵੀਰ ਸਿੰਘ ਖੇੜੀ, ਅਜੀਤ ਸਿੰਘ ਕੁਤਬਾ, ਹਰਵਿੰਦਰ ਕੁਮਾਰ ਜਿੰਦਲ, ਆੜ੍ਹਤੀਆ ਗੁਲਬੰਤ ਸਿੰਘ ਔਲਖ, ਸਰਬਜੀਤ ਸਿੰਘ ਸਰਬੀ, ਮੰਗਤ ਸਿੰਘ ਸਿੱਧੂ, ਹਰਦੇਵ ਸਿੰਘ ਧਨੇਰ, ਡਾ: ਹਰਮਿੰਦਰ ਸਿੰਘ ਸਿੱਧੂ, ਮਨਜੀਤ ਸਿੰਘ ਮਹਿਲ ਖੁਰਦ, ਅਮਰ ਸਿੰਘ ਜਲਾਲਦੀਵਾਲ, ਡਾ: ਸੁਖਵਿੰਦਰ ਸਿੰਘ ਨਿਹਾਲੂਵਾਲ, ਡਾ: ਅਮਰਜੀਤ ਸਿੰਘ ਕੁੱਕੂ, ਬਾਬਾ ਸ਼ੇਰ ਸਿੰਘ ਖਾਲਸਾ, ਲਛਮਣ ਸਿੰਘ ਮੂੰਮ, ਕੇਵਲ ਸਿੰਘ ਪੰਡੋਰੀ, ਹਰਨੇਕ ਸਿੰਘ ਪੰਡੋਰੀ, ਹਰਜੀਤ ਸਿੰਘ ਖਿਆਲੀ, ਸੇਵਕ ਸਿੰਘ ਕਲਾਲ ਮਾਜਰਾ, ਮਾ: ਅਮਰਜੀਤ ਸਿੰਘ ਮਹਿਲ ਖੁਰਦ, ਰਾਜਿੰਦਰਪਾਲ ਸਿੰਘ ਬਿੱਟੂ, ਹਰਬੰਸ ਮਹਿਲਵੀ, ਬੇਅੰਤ ਸਿੰਘ ਲੋਹਗੜ੍ਹ, ਗਿਆਨੀ ਕਰਮ ਸਿੰਘ, ਮਾ: ਜਗਰਾਜ ਸਿੰਘ ਭੱਠਲ, ਯਾਦੀ ਬੱਦੋਵਾਲ, ਦੀਪ ਜੈਨਪੁਰ, ਗੁਰਦੀਪ ਸਿੰਘ ਬੁੱਟਰ, ਜਗਦੇਵ ਸਿੰਘ ਗਹਿਲ, ਪ੍ਰਧਾਨ ਗਗਨ ਸਰਾਂ ਕੁਰੜ, ਗੁਰਦੀਪ ਸਿੰਘ ਟਿਵਾਣਾ, ਗੁਰਿੰਦਰ ਸਿੰਘ ਰਾਜਾ, ਆੜ੍ਹਤੀਆ ਗੁਰੀ ਔਲਖ, ਤੇਜਿੰਦਰ ਸਿੰਘ ਨਰੈਣਗੜ੍ਹ ਸੋਹੀਆ, ਮਲਕੀਤ ਸਿੰਘ ਖਾਸਾ, ਮਾ: ਜਸਵਿੰਦਰਪਾਲ ਸਿੰਘ ਬੁੱਟਰ, ਬਲਦੇਵ ਸਿੰਘ ਗਾਗੇਵਾਲ, ਸੁਖਵਿੰਦਰ ਸਿੰਘ ਸੋਨੀ, ਬੇਅੰਤ ਸਿੰਘ ਸੂਮ, ਅਵਤਾਰ ਸਿੰਘ ਚਹਿਲ, ਮੰਦਰ ਸਿੰਘ ਸੰਘੇੜਾ, ਨਰਿੰਦਰ ਸਿੰਘ ਗਿੱਲ ਆਦਿ ਹਾਜ਼ਰ ਸਨ।

## ਰੋਟਰੀ ਕਲੱਬ ਨੇ ਲਾਇਆ ਮੁਫ਼ਤ ਮੈਡੀਕਲ ਜਾਂਚ ਕੈਂਪ




**ਧੂਰੀ (ਸੁਖਦੇਵ ਧੂਰੀ)**-ਰੋਟਰੀ ਕਲੱਬ ਵੱਲੋਂ ਮੰਗਲਾ ਆਸ਼ਰਮ ਵਿੱਚ ਦਿਲ, ਅੱਖਾਂ ਤੇ ਦੰਦਾਂ ਦੇ ਮਰੀਜ਼ਾਂ ਲਈ ਵਿਸ਼ਾਲ ਮੈਡੀਕਲ ਚੈੱਕਅਪ ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ ਦਾ ਉਦਘਾਟਨ ਰਾਈਸੀਲਾ ਫਾਊਂਡੇਸ਼ਨ ਦੇ ਚੇਅਰਮੈਨ ਡਾਕਟਰ ਏ ਆਰ ਸ਼ਰਮਾ ਨੇ ਸ਼ਮਾ ਰੌਸ਼ਨ ਕਰਕੇ ਕੀਤਾ। ਕੈਂਪ ਦੀ ਸਮਾਪਤੀ ਮੌਕੇ ਕਲੱਬ ਦੇ ਪ੍ਰਧਾਨ ਰਜਨੀਸ਼ ਗਰਗ ਅਤੇ ਜਨਰਲ ਸਕੱਤਰ ਐਡਵੋਕੇਟ ਸੁਮਿਤ ਜੈਨ ਨੇ ਦੱਸਿਆ ਕਿ ਕੈਂਪ ਦੌਰਾਨ ਦਿਲ ਦੇ ਰੋਗਾਂ ਦੇ ਮਾਹਿਰ ਡਾਕਟਰ ਸੌਰਵ ਸ਼ਰਮਾ ਰਾਜਿੰਦਰਾ ਹਸਪਤਾਲ ਪਟਿਆਲਾ, ਅੱਖਾਂ ਦੇ ਰੋਗਾਂ ਦੇ ਮਾਹਿਰ ਡਾਕਟਰ ਰਮੇਸ਼ ਸ਼ਰਮਾ ਅਤੇ ਦੰਦਾਂ ਦੇ ਰੋਗਾਂ ਦੇ ਮਾਹਿਰ ਡਾਕਟਰ ਪ੍ਰੇਰਨਾ ਗੁਲਾਟੀ ਦੀ ਅਗਵਾਈ ਵਿੱਚ ਡਾਕਟਰਾਂ ਦੀ ਟੀਮ ਨੇ ਕ੍ਰਮਵਾਰ 59, 185 ਤੇ 48 ਮਰੀਜ਼ਾਂ ਦੀ ਜਾਂਚ ਕਰਕੇ ਮੁਫ਼ਤ ਦਵਾਈਆਂ ਵੀ ਦਿੱਤੀਆਂ। ਕੈਂਪ ਵਿੱਚ ਸ਼ੂਗਰ ਤੇ ਈ ਸੀ ਜੀ ਦੀ ਮੁਫ਼ਤ ਸੁਵਿਧਾ ਵੀ ਮੁਹੱਈਆ ਕਰਾਈ ਗਈ। ਇਸ ਮੌਕੇ ਮਰੀਜ਼ਾਂ ਤੇ ਉਨ੍ਹਾਂ ਦੇ ਸਹਾਇਕਾਂ ਦੀ ਸੁਖ-ਸੁਵਿਧਾ ਦਾ ਪੂਰਾ ਖਿਆਲ ਰੱਖਿਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰੋਟਰੀ ਕਲੱਬ ਦੇ ਵਿੱਤ ਸਕੱਤਰ ਹੁਕਮ ਚੰਦ ਸਿੰਗਲਾ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸੰਦੀਪ ਤਾਇਲ, ਐਡਵੋਕੇਟ ਬਲਜੀਤ ਸਿੰਘ ਸਿੱਧੂ, ਸੀਨੀਅਰ ਮੈਂਬਰ ਚਰਨ ਸਿੰਘ ਮੁਸਾਫ਼ਰ, ਸਾਬਕਾ ਡੀ ਪੀ ਆਰ ਓ ਮਨਜੀਤ ਸਿੰਘ ਬਖ਼ਸ਼ੀ, ਸਾਬਕਾ ਜ਼ਿਲ੍ਹਾ ਸਿੱਖਿਆ ਅਫ਼ਸਰ ਸਰਬਜੀਤ ਸਿੰਘ, ਸਮਾਜ ਸੇਵੀ ਸੁਰੇਸ਼ ਬਾਂਸਲ, ਪ੍ਰਿੰਸੀਪਲ ਸੁਰਿੰਦਰ ਕੌਰ, ਮੈਡਮ ਲਲਿਤਾ ਸ਼ਰਮਾ ਤੇ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸੁਖਦੇਵ ਸ਼ਰਮਾ ਸਮੇਤ ਅਨੇਕਾਂ ਸ਼ਖ਼ਸੀਅਤਾਂ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

ਸੋਮਵਾਰ, 19 ਜੂਨ, 2023
5 ਹਾੜ੍ਹ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 18

# ਨਵਾਂ ਜ਼ਮਾਨਾ

DAILY NAWAN ZAMANA • MONDAY, 19 JUNE, 2023

ਜਲੰਧਰ

ਕੀਮਤ/PRICE : 5.00 ਰੁਪਏ    Regd. No : Pb/JL-123/2021-23, (R.N.I.)-00068/57    E-mail : nawanzamana@gmail.com    www.nawanzamana.in

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਫੈਕਸ ਟੀ ਵੀ | 0181-5133160 |

YouTube nawan zamana TV

# ਮੋਗਾ ਪੁਲਸ ਵੱਲੋਂ ਦੋ ਵੱਡੇ ਮਾਮਲੇ ਫੁਰਤੀ ਨਾਲ ਹੱਲ

## ਜੌਹਰੀ ਕਤਲ ਕਾਂਡ ਦੇ ਤਿੰਨ ਮੁਲਜ਼ਮ ਪਟਨਾ ਤੇ ਇੱਕ ਨਾਂਦੇੜ ਤੋਂ ਗ੍ਰਿਫ਼ਤਾਰ

**ਮੋਗਾ (ਅਮਰਜੀਤ ਬੱਬਰੀ)**

ਪੰਜਾਬ ਪੁਲਸ ਦੀ ਗੈਂਗਸਟਰ ਵਿਰੋਧੀ ਟਾਸਕ ਫੋਰਸ (ਏ ਜੀ ਟੀ ਐੱਫ) ਅਤੇ ਮੋਗਾ ਪੁਲਸ ਨੇ ਬਿਹਾਰ ਪੁਲਸ ਤੇ ਕੇਂਦਰੀ ਏਜੰਸੀਆਂ ਦੇ ਸਹਿਯੋਗ ਨਾਲ ਚਲਾਏ ਸਾਂਝੇ ਅਪਰੇਸ਼ਨ ਤਹਿਤ ਮੋਗਾ ਜਿਊਲਰ ਕਤਲ ਕੇਸ ਵਿੱਚ ਸ਼ਾਮਲ 4 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਕਤਲ ਕਾਂਡ ਦੀ ਗੁੱਥੀ ਸੁਲਝਾਅ ਲਈ ਹੈ ।

ਡੀ ਜੀ ਪੀ ਪੰਜਾਬ ਗੌਰਵ ਯਾਦਵ ਨੇ ਐਤਵਾਰ ਦੱਸਿਆ ਕਿ ਕਤਲ ਨੂੰ ਅੰਜਾਮ ਦੇਣ ਵਾਲਿਆਂ ਵਿੱਚ ਸ਼ਾਮਲ 3 ਮੁਲਜ਼ਮਾਂ ਨੂੰ ਪਟਨਾ ਤੋਂ ਅਤੇ ਇੱਕ ਨੂੰ ਨਾਂਦੇੜ ਤੋਂ ਗ੍ਰਿਫ਼ਤਾਰ ਕੀਤਾ ਹੈ।

12 ਜੂਨ 2023 ਨੂੰ ਮੋਗਾ ਵਿੱਚ ਪੰਜ ਅਣਪਛਾਤੇ ਵਿਅਕਤੀਆਂ ਨੇ ਜਿਊਲਰੀ ਦੁਕਾਨ ਦੇ ਮਾਲਕ ਪਰਮਿੰਦਰ ਸਿੰਘ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਸੀ ਅਤੇ ਉਸ ਦੀ ਦੁਕਾਨ 'ਏਸ਼ੀਆ ਜਵੈਲਰਜ਼' 'ਚੋਂ ਬੰਦੂਕ ਦੀ ਨੋਕ 'ਤੇ ਸੋਨੇ ਦੇ ਗਹਿਣੇ ਲੁੱਟ ਲਏ ਸਨ। ਗ਼ੌਰਤਲਬ ਹੈ ਕਿ ਮੌਕਾ ਵਾਰਦਾਤ ਤੋਂ ਫਰਾਰ ਹੋਣ ਤੋਂ ਪਹਿਲਾਂ ਲੁਟੇਰੇ ਪਰਮਿੰਦਰ ਸਿੰਘ ਦਾ ਲਾਇਸੈਂਸੀ ਰਿਵਾਲਵਰ ਵੀ ਖੋਹ ਲਿਆ ਸੀ।



ਪਟਨਾ ਤੋਂ ਕਾਬੂ ਕੀਤੇ ਮੁਲਜ਼ਮ।

ਡੀ ਜੀ ਪੀ ਗੌਰਵ ਨੇ ਦੱਸਿਆ ਕਿ ਤਿੰਨ ਮੁਲਜ਼ਮਾਂ ਰਾਜਵਿੰਦਰ ਸਿੰਘ ਉਰਫ ਮੰਗਾ ਉਰਫ ਰਾਜੂ ਵਾਸੀ ਮੋਗਾ, ਰਾਜਵੀਰ ਸਿੰਘ ਉਰਫ ਅਵਿਨਾਸ਼ ਸਿੰਘ ਵਾਸੀ ਬਿਹਾਰ ਅਤੇ ਵਰੁਣ ਜੈਜ਼ੀ ਉਰਫ ਵਾਨੂ ਵਾਸੀ ਜਲੰਧਰ ਨੂੰ ਪਟਨਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ, ਜਦਕਿ ਚੌਥੇ ਮੁਲਜ਼ਮ ਗੁਰਪ੍ਰੀਤ ਸਿੰਘ ਉਰਫ ਗੋਪੀ ਨੂੰ ਮਹਾਰਾਸ਼ਟਰ ਦੇ ਜ਼ਿਲ੍ਹਾ ਨਾਂਦੇੜ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੁਲਸ ਟੀਮਾਂ ਨੇ ਵਾਰਦਾਤ ਦੌਰਾਨ ਵਰਤੇ ਗਏ ਦੋ ਪਿਸਤੌਲ, ਜਿਨ੍ਹਾਂ ਵਿੱਚ ਇੱਕ .315 ਬੋਰ (ਦੇਸੀ) ਅਤੇ ਇੱਕ .32 ਬੋਰ ਪਿਸਤੌਲ ਸਮੇਤ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਉਨ੍ਹਾ ਦੱਸਿਆ ਕਿ ਪੁਲਸ ਨੇ ਮੁਲਜ਼ਮਾਂ ਕੋਲੋਂ ਪਰਮਿੰਦਰ ਸਿੰਘ ਦਾ ਲਾਇਸੈਂਸੀ ਰਿਵਾਲਵਰ ਵੀ ਬਰਾਮਦ ਕੀਤਾ ਹੈ।

ਡੀ ਜੀ ਪੀ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਸਾਰੇ ਮੁਲਜ਼ਮ ਜਰਾਇਮ-ਪੇਸ਼ਾ (ਹਿਸਟਰੀ ਸ਼ੀਟਰ) ਹਨ ਅਤੇ ਇਨ੍ਹਾਂ ਖ਼ਿਲਾਫ਼ ਪੰਜਾਬ ਅਤੇ ਬਿਹਾਰ ਰਾਜ ਵਿੱਚ ਡਕੈਤੀ, ਚੋਰੀ, ਅਸਲਾ ਐਕਟ, ਐੱਨ ਡੀ ਪੀ ਐੱਸ ਐਕਟ ਆਦਿ ਦੇ ਅਪਰਾਧਿਕ ਮਾਮਲੇ ਦਰਜ ਹਨ। ਮੁਲਜ਼ਮ ਰਾਜਵੀਰ ਇਸ ਤੋਂ ਪਹਿਲਾਂ ਜਲੰਧਰ ਦੀ ਅਦਾਲਤ ਵਿੱਚ ਪੇਸ਼ੀ ਦੌਰਾਨ ਪੁਲਸ ਹਿਰਾਸਤ ਵਿੱਚੋਂ ਭੱਜ ਗਿਆ ਸੀ ਅਤੇ ਉਦੋਂ ਤੋਂ ਹੀ ਫਰਾਰ ਸੀ।

ਉਨ੍ਹਾਂ ਕਿਹਾ ਕਿ ਪੁਲਸ ਨੇ ਪੰਜਵੇਂ ਮੁਲਜ਼ਮ ਗੋਲੂ ਵਾਸੀ ਪਟਨਾ ਦੀ ਵੀ ਸ਼ਨਾਖ਼ਤ ਕਰ ਲਈ ਹੈ ਅਤੇ ਬੜੀ ਮੁਸਤੈਦੀ ਨਾਲ ਪੁਲਸ ਦੀਆਂ ਕਈ ਟੀਮਾਂ ਉਸ ਨੂੰ ਫੜਨ ਲਈ ਛਾਪੇਮਾਰੀ ਕਰ ਰਹੀਆਂ ਹਨ।

# ਕਰਿਆਨਾ ਵਪਾਰੀ ਨੂੰ ਲੁੱਟਣ ਦੇ ਮਾਮਲੇ 'ਚ 4 ਫੜੇ

**ਮੋਗਾ :** ਇਥੇ ਅੱਠ ਦਿਨ ਪਹਿਲਾਂ ਪੁਲਸ ਵਰਦੀ ਵਿਚ ਥੋਕ ਕਰਿਆਨਾ ਵਪਾਰੀ ਕੋਲੋਂ ਪੰਜ ਲੱਖ ਤੇ ਗਹਿਣੇ ਲੁੱਟਣ ਵਾਲੇ ਗਰੋਹ ਦੇ 4 ਮੈਂਬਰਾਂ ਨੂੰ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਦਰਅਸਲ ਇਸ ਵਾਰਦਾਤ ਦਾ ਅਸਲ ਸਾਜ਼ਿਸ਼ਘਾੜਾ ਆਪਣੇ ਘਰ ਛੋਟੀ ਕਰਿਆਨਾ ਦੁਕਾਨ ਕਰਦਾ ਸੀ ਤੇ ਨਸ਼ਾ ਤਸਕਰੀ ਕੇਸ ਵਿਚ ਪੈਰੋਲ ਉੱਤੇ ਸੀ ਅਤੇ ਥੋਕ ਵਪਾਰੀ ਕੋਲੋਂ ਸਮਾਨ ਦੀ ਖਰੀਦਦਾਰੀ ਕਰਦਾ ਸੀ। ਐੱਸ ਐੱਸ ਪੀ ਜੇ ਇਲਨਜ਼ੇਲੀਅਨ ਅਤੇ ਐਸ ਪੀ (ਡੀ) ਅਜੇ ਰਾਜ ਸਿੰਘ ਨੇ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਗਰੋਹ ਦੇ ਗ੍ਰਿਫ਼ਤਾਰ ਮੈਂਬਰਾਂ ਦੀ ਪਛਾਣ ਅਰਸ਼ਦੀਪ ਸਿੰਘ ਉਰਫ ਗੋਰਾ ਉਰਫ ਬਿੱਲਾ, ਦੇਵਰਾਜ ਉਰਫ ਸੁੱਖਾ ਦੋਵੇਂ ਪਿੰਡ ਰਣੀਆ ਥਾਣਾ ਬੱਧਨੀ ਕਲਾਂ, ਤਜਿੰਦਰ ਸਿੰਘ ਉਰਫ ਅਰਮਾਨ ਪਿੰਡ ਕਾਉਂਕੇ ਖੁਰਦ ਹਾਲ ਬੱਧਨੀ ਕਲਾਂ ਤੇ ਕੁਲਦੀਪ ਸਿੰਘ ਉਰਫ ਲੱਲੂ ਪਿੰਡ ਮਾਛੀਕੇ ਥਾਣਾ ਬੱਧਨੀ ਕਲਾਂ ਵਜੋਂ ਹੋਈ ਹੈ। ਵਾਰਦਾਤ ਦਾ ਕਿੰਗ ਪਿੰਨ ਦਰਸ਼ਨ ਸਿੰਘ ਉਰਫ ਰਾਜੂ ਪਿੰਡ ਫਤਿਹਗੜ੍ਹ ਕੋਰੋਟਾਨਾ ਥਾਣਾ ਧਰਮਕੋਟ ਨੂੰ ਇਸ ਮੁਕੱਦਮੇ ਵਿਚ ਨਾਮਜ਼ਦ ਕੀਤਾ ਗਿਆ ਹੈ। ਉਹ ਨਸ਼ਾ ਤਸਕਰੀ ਕੇਸ ਵਿਚ ਫਰੀਦਕੋਟ ਜੇਲ 'ਚ ਬੰਦ ਸੀ ਅਤੇ ਦੋ ਮਹੀਨੇ ਦੀ ਪੈਰੋਲ ਉੱਤੇ ਰਿਹਾਅ ਹੋਇਆ ਸੀ। ਵਾਰਦਾਤ ਤੋਂ ਅਗਲੇ ਦਿਨ ਪੈਰੋਲ ਖਤਮ ਹੋਣ ਕਰਕੇ ਉਹ ਜੇਲ੍ਹ ਵਿਚ ਹਾਜ਼ਰ ਹੋ ਗਿਆ ਅਤੇ ਉਸ ਨੂੰ ਪ੍ਰੋਡਕਸ਼ਨ ਵਾਰੰਟ ਉੱਤੇ ਲਿਆਂਦਾ ਜਾਵੇਗਾ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਕੋਲੋਂ ਪੁਲਸ ਵਰਦੀ ਬਰਾਮਦ ਹੋਣ ਕਰਕੇ ਕੇਸ 'ਚ ਆਈ ਪੀ ਸੀ ਦੀ ਧਾਰਾ 171 ਦਾ ਵਾਧਾ ਵੀ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਕੋਲੋਂ ਵਾਰਦਾਤ ਲਈ ਵਰਤੀ ਇਨੋਵਾ, ਇੱਕ ਮੋਟਰ ਸਾਈਕਲ ਅਤੇ 53 ਹਜ਼ਾਰ ਰੁਪਏ ਨਕਦੀ ਤੇ ਪੁਲਸ ਵਰਦੀ ਬਰਾਮਦ ਕੀਤੀ ਗਈ ਹੈ।

# 'ਆਪ' ਦੀ ਸਰਕਾਰ ਬਣਨ 'ਤੇ ਰਾਜਸਥਾਨ ਦਾ ਪਾਣੀ ਸੰਕਟ ਹੱਲ ਹੋ ਜਾਵੇਗਾ : ਮਾਨ

**ਸ੍ਰੀਗੰਗਾਨਗਰ :** ਐਤਵਾਰ ਨੂੰ ਰਾਜਸਥਾਨ ਦੇ ਸ੍ਰੀ ਗੰਗਾਨਗਰ 'ਚ ਆਮ ਆਦਮੀ ਪਾਰਟੀ ਦੀ ਰੈਲੀ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸ੍ਰੀਗੰਗਾਨਗਰ ਪੰਜਾਬ ਦੇ ਸਰਹੱਦੀ ਇਲਾਕਿਆਂ ਨਾਲ ਲਗਦਾ ਹੈ ਤੇ ਰਾਜਸਥਾਨ ਦੀ ਸਭ ਤੋਂ ਵੱਡੀ ਸਮੱਸਿਆ ਪਾਣੀ ਦੀ ਹੈ, ਜੇ ਰਾਜਸਥਾਨ 'ਚ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਬਣਦੀ ਹੈ ਤਾਂ ਪਾਣੀ ਦੀ ਸਮੱਸਿਆ ਹੱਲ ਹੋ ਜਾਵੇਗੀ। ਮਾਨ ਨੇ ਕਿਹਾ ਕਿ ਪੰਜਾਬ 'ਚ ਭ੍ਰਿਸ਼ਟਾਚਾਰ ਦੇ ਮਾਮਲਿਆਂ 'ਚ ਫਸੇ ਕਈ ਸਾਬਕਾ ਵੱਡੇ ਮੰਤਰੀਆਂ ਤੇ ਨੇਤਾਵਾਂ 'ਤੇ ਸ਼ਿਕੰਜਾ ਕੱਸਿਆ ਗਿਆ ਹੈ ਪਰ ਰਾਜਸਥਾਨ 'ਚ ਭ੍ਰਿਸ਼ਟਾਚਾਰੀਆਂ 'ਤੇ ਸ਼ਿਕੰਜਾ ਕੱਸਿਆ ਜਾਣਾ ਬਾਕੀ ਹੈ। ਰਾਜਸਥਾਨ 'ਚ ਭ੍ਰਿਸ਼ਟਾਚਾਰ ਆਪਣੇ ਸਿਖਰ 'ਤੇ ਹੈ, ਜਿਸ 'ਤੇ ਅਜੇ ਤੱਕ ਨੱਥ ਨਹੀਂ ਪਾਈ ਗਈ ਪਰ 'ਆਪ' ਦੀ ਸਰਕਾਰ ਬਣਦਿਆਂ ਹੀ ਭ੍ਰਿਸ਼ਟਾਚਾਰੀਆਂ 'ਤੇ ਪੂਰੀ ਤਰ੍ਹਾਂ ਸ਼ਿਕੰਜਾ ਕੱਸਿਆ ਜਾਵੇਗਾ। ਉਨ੍ਹਾ ਕਿਹਾ ਕਿ ਪੰਜਾਬ 'ਚ ਲੋਕਾਂ ਨੂੰ ਮੁਫਤ ਬਿਜਲੀ ਦਿੱਤੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਵੱਡੀ ਰਾਹਤ ਦਿੱਤੀ ਗਈ ਹੈ। ਇਸ ਦੇ ਨਾਲ ਹੀ ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਦੇ ਕਾਰਜਕਾਲ ਦੌਰਾਨ ਰਾਜਸਥਾਨ 'ਚ ਇਮਾਨਦਾਰ ਰਾਜ ਕਰਨਗੇ। ਉਨ੍ਹਾ ਕਿਹਾ ਕਿ ਉਹ ਦੇਸ਼ ਲਈ ਕੰਮ ਕਰਦੇ ਰਹੇ ਹਨ ਅਤੇ ਕਰਦੇ ਰਹਿਣਗੇ।



## ਗੁਰਬਾਣੀ ਪ੍ਰਸਾਰਨ ਬਾਰੇ ਭਗਵੰਤ ਮਾਨ ਦਾ ਵੱਡਾ ਫੈਸਲਾ

**ਚੰਡੀਗੜ੍ਹ :** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਟਵੀਟ ਕੀਤਾ—ਵਾਹਿਗੁਰੂ ਜੀ ਦੇ ਅਸ਼ੀਰਵਾਦ ਸਦਕਾ ਕੱਲ ਇੱਕ ਇਤਿਹਾਸਿਕ ਫੈਸਲਾ ਕਰਨ ਜਾ ਰਹੇ ਹਾਂ, ਸਮੂਹ ਸੰਗਤਾਂ ਦੀ ਮੰਗ ਮੁਤਾਬਕ ਸਿੱਖ ਗੁਰਦਵਾਰਾ ਐਕਟ 1925 'ਚ ਇੱਕ ਨਵੀਂ ਧਾਰਾ ਜੋੜ ਰਹੇ ਹਾਂ ਕਿ ਹਰਿਮੰਦਰ ਸਾਹਿਬ ਜੀ ਤੋਂ ਗੁਰਬਾਣੀ ਦਾ ਪ੍ਰਸਾਰਣ ਸਭ ਲਈ ਮੁਫਤ ਹੋਵੇਗਾ, ਕੱਲ ਕੈਬਨਿਟ 'ਚ ਤੇ 20 ਜੂਨ ਨੂੰ ਵਿਧਾਨ ਸਭਾ 'ਚ ਮਤਾ ਆਵੇਗਾ।

## ਇਤਿਹਾਸ ਸਿਰਜਿਆ




**ਜਕਾਰਤਾ :** ਭਾਰਤ ਦੀ ਸਾਤਵਿਕਸਾਈਰਾਜ ਰੰਕੀਰੈੱਡੀ ਤੇ ਚਿਰਾਗ ਸ਼ੈੱਟੀ ਦੀ ਜੋੜੀ ਨੇ ਇੰਡੋਨੇਸ਼ੀਆ ਦੀ ਚੀਆ ਤੇ ਵੂਈ ਯਿਕ ਸੋਹ ਦੀ ਜੋੜੀ ਨੂੰ 21-17, 21-18 ਨਾਲ ਹਰਾ ਕੇ ਇੰਡੋਨੇਸ਼ੀਆ ਓਪਨ ਖਿਤਾਬ ਜਿੱਤ ਕੇ ਇਤਿਹਾਸ ਸਿਰਜ ਦਿੱਤਾ।

ਉਹ ਇਹ ਖਿਤਾਬ ਜਿੱਤਣ ਵਾਲੀ ਪਹਿਲੀ ਭਾਰਤੀ ਜੋੜੀ ਹੈ।

## ਸੰਘ ਨੂੰ ਮਣੀਪੁਰ ਦੀ ਹੁਣ ਯਾਦ ਆਈ

**ਨਵੀਂ ਦਿੱਲੀ :** ਆਰ ਐੱਸ ਐੱਸ ਨੇ ਹਿੰਸਾ ਦੇ ਝੰਬੇ ਮਣੀਪੁਰ 'ਚ ਅਮਨ ਕਾਇਮ ਰੱਖਣ ਦੀ ਅਪੀਲ ਕੀਤੀ ਹੈ। ਸੰਘ ਦੇ ਜਨਰਲ ਸਕੱਤਰ ਦੱਤਾਤ੍ਰੇਅ ਹੋਸਾਬਲੇ ਨੇ ਕਿਹਾ ਕਿ ਮਣੀਪੁਰ 'ਚ ਅਸ਼ਾਂਤੀ ਅਤੇ ਹਿੰਸਾ ਦਾ ਦੌਰ ਅਜੇ ਤੱਕ ਨਾ ਰੁਕਣਾ ਮੰਦਭਾਗਾ ਹੈ। ਉਨ੍ਹਾ ਕਿਹਾ ਕਿ ਸੁਰੱਖਿਆ ਏਜੰਸੀਆਂ, ਸਥਾਨਕ ਪ੍ਰਸ਼ਾਸਨ ਤੇ ਪੁਲਸ ਨੂੰ ਹਰ ਸੰਭਵ ਕਦਮ ਚੁੱਕਣੇ ਚਾਹੀਦੇ ਹਨ ਤਾਂ ਕਿ ਮਣੀਪੁਰ 'ਚ ਸ਼ਾਂਤੀ ਬਹਾਲ ਹੋ ਸਕੇ। ਆਰ ਐੱਸ ਐੱਸ ਇਸ ਸੰਕਟ ਦੀ ਘੜੀ ਵਿਚ ਘਰੋਂ ਬੇਘਰ ਹੋਏ ਲੋਕਾਂ ਦੇ ਨਾਲ ਖੜ੍ਹੀ ਹੈ। ਹੋਸਾਬਲੇ ਅਨੁਸਾਰ ਜਮਹੂਰੀਅਤ 'ਚ ਹਿੰਸਾ ਤੇ ਨਫਰਤ ਲਈ ਕੋਈ ਥਾਂ ਨਹੀਂ ਅਤੇ ਆਪਸੀ ਗੱਲਬਾਤ ਤੇ ਭਾਈਚਾਰਕ ਸਾਂਝ ਦੇ ਪ੍ਰਗਟਾਵੇ ਨਾਲ ਹੀ ਸਮੱਸਿਆ ਦਾ ਹੱਲ ਸੰਭਵ ਹੈ। ਇਸ ਨੂੰ ਮੈਤੇਈ ਭਾਈਚਾਰੇ ਵਿਚ ਅਸੁਰੱਖਿਆ ਦੀ ਭਾਵਨਾ, ਬੇਬਸੀ ਅਤੇ ਕੁੱਕੀ ਭਾਈਚਾਰੇ ਦੇ ਅਸਲ ਫਿਕਰਾਂ ਨੂੰ ਮੁਖਾਤਿਬ ਹੋ ਕੇ ਹੱਲ ਕੀਤਾ ਜਾ ਸਕਦਾ ਹੈ। ਆਰ ਐੱਸ ਐੱਸ ਨੇ ਸਥਾਨਕ ਪ੍ਰਸ਼ਾਸਨ, ਪੁਲਸ, ਫੌਜ ਅਤੇ ਕੇਂਦਰੀ ਏਜੰਸੀਆਂ ਸਮੇਤ ਸਰਕਾਰ ਨੂੰ ਮਣੀਪੁਰ 'ਚ ਹਿੰਸਾ ਨੂੰ ਤੁਰੰਤ ਰੋਕਣ ਲਈ ਮਦਦ ਦੀ ਅਪੀਲ ਕੀਤੀ ਹੈ।

## ਡੋਡਾ ਜ਼ਿਲ੍ਹੇ 'ਚ ਭੂਚਾਲ ਦੇ ਫਿਰ ਝਟਕੇ

**ਜੰਮੂ :** ਡੋਡਾ ਜ਼ਿਲ੍ਹੇ 'ਚ ਐਤਵਾਰ ਵੱਡੇ ਤੜਕੇ ਦੋ ਵਾਰ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਸ਼ਨਿੱਚਰਵਾਰ ਦੇਰ ਰਾਤ ਲੱਦਾਖ 'ਚ ਭੂਚਾਲ ਦੇ ਹਲਕੇ ਝਟਕੇ ਲੱਗੇ ਸਨ। ਕਿਸੇ ਜਾਨੀ ਜਾਂ ਮਾਲੀ ਨੁਕਸਾਨ ਦੀ ਕੋਈ ਖਬਰ ਨਹੀਂ ਹੈ। ਨੈਸ਼ਨਲ ਸੈਂਟਰ ਆਫ ਸਿਸਮੋਲੋਜੀ ਮੁਤਾਬਕ ਡੋਡਾ 'ਚ ਤੜਕੇ 3:50 ਵਜੇ ਦੇ ਕਰੀਬ ਆਏ ਭੂਚਾਲ ਦੀ ਰਿਕਟਰ ਸਕੇਲ 'ਤੇ ਸ਼ਿੱਦਤ 4.1 ਮਾਪੀ ਗਈ ਤੇ ਇਸ ਦਾ ਕੇਂਦਰ ਜ਼ਿਲ੍ਹੇ ਦੇ ਪੂਰਬ 'ਚ 11 ਕਿਲੋਮੀਟਰ ਦੀ ਗਹਿਰਾਈ 'ਚ ਸੀ। ਦੂਜਾ ਝਟਕਾ ਸਵੇਰੇ 5:22 ਵਜੇ ਦੇ ਕਰੀਬ ਲੱਗਾ। ਭੂਚਾਲ ਦੇ ਪਹਿਲੇ ਝਟਕੇ ਨਾਲ ਸੁੱਤੇ ਪਏ ਲੋਕਾਂ ਦੀਆਂ ਅੱਖਾਂ ਖੁੱਲ੍ਹ ਗਈਆਂ ਤੇ ਉਹ ਘਰਾਂ ਤੋਂ ਬਾਹਰ ਆ ਗਏ। ਪਿਛਲੇ 6 ਦਿਨਾਂ 'ਚ ਡੋਡਾ 'ਚ 10 ਵਾਰ ਭੂਚਾਲ ਦੇ ਝਟਕੇ ਲੱਗ ਚੁੱਕੇ ਹਨ। 13 ਜੂਨ ਨੂੰ ਆਏ ਭੂਚਾਲ ਦੀ ਸ਼ਿੱਦਤ 5.4 ਸੀ ਤੇ ਇਸ ਨਾਲ ਘਰਾਂ ਸਣੇ ਹੋਰਨਾਂ ਇਮਾਰਤਾਂ 'ਚ ਤਰੇੜਾਂ ਪੈ ਗਈਆਂ ਸਨ।

## ਹਵਾਈ ਅੱਡੇ 'ਤੇ 10 ਜ਼ਖਮੀ

**ਬੇਂਗਲੁਰੂ :** ਇੱਥੇ ਕੈਂਪੇਗੌੜਾ ਕੌਮਾਂਤਰੀ ਹਵਾਈ ਅੱਡੇ 'ਤੇ ਟਰਮੀਨਲ 1 ਤੋਂ ਟਰਮੀਨਲ 2 ਵੱਲ ਜਾ ਰਹੀ ਸ਼ਟਲ ਬੱਸ ਦੇ ਇਕ ਖੰਭੇ ਨਾਲ ਟਕਰਾਉਣ ਕਰਕੇ ਦਸ ਵਿਅਕਤੀ ਜ਼ਖਮੀ ਹੋ ਗਏ। ਉਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਉਣਾ ਪਿਆ, ਜਿਨ੍ਹਾਂ ਵਿਚੋਂ ਪੰਜ ਨੂੰ ਛੁੱਟੀ ਦੇ ਦਿੱਤੀ ਗਈ। ਬੱਸ ਵਿਚ ਅਮਲੇ ਦੇ ਦੋ ਮੈਂਬਰਾਂ ਸਣੇ 17 ਜਣੇ ਸਵਾਰ ਸਨ। ਬੱਸ ਸੇਵਾ ਦਾ ਠੇਕਾ ਲੈਣ ਵਾਲੀ ਕੰਪਨੀ ਦੇ ਤਰਜਮਾਨ ਨੇ ਕਿਹਾ ਕਿ ਹਾਦਸੇ ਦੀ ਜਾਂਚ ਜਾਰੀ ਹੈ।

## ਇੰਫਾਲ ਵਾਦੀ 'ਚ ਫੌਜ ਵੱਲੋਂ ਫਲੈਗ ਮਾਰਚ

**ਇੰਫਾਲ :** ਭਾਰਤੀ ਫੌਜ ਨੇ ਮਣੀਪੁਰ 'ਚ ਇੰਫਾਲ ਵਾਦੀ ਦੇ ਹਿੰਸਾਗ੍ਰਸਤ ਇਲਾਕਿਆਂ 'ਚ ਫਲੈਗ ਮਾਰਚ ਕੀਤਾ। ਇਸ ਦੌਰਾਨ ਪੂਰਬੀ ਇੰਫਾਲ ਜ਼ਿਲ੍ਹੇ 'ਚ ਐਤਵਾਰ ਕਰਫਿਊ 'ਚ ਸਵੇਰੇ 5 ਤੋਂ ਸ਼ਾਮ 5 ਵਜੇ ਤੱਕ ਢਿੱਲ ਦੇਣ ਦਾ ਫੈਸਲਾ ਕੀਤਾ ਤਾਂ ਜੋ ਲੋਕ ਦਵਾਈਆਂ ਤੇ ਖੁਰਾਕੀ ਵਸਤਾਂ ਸਣੇ ਹੋਰ ਜ਼ਰੂਰੀ ਸਾਮਾਨ ਖਰੀਦ ਸਕਣ। 3 ਮਈ ਨੂੰ ਕੁੱਕੀ ਤੇ ਮੈਤੇਈ ਭਾਈਚਾਰਿਆਂ ਦਰਮਿਆਨ ਭੜਕੀ ਹਿੰਸਾ ਮਗਰੋਂ ਮਣੀਪੁਰ ਵਿਚ ਕਰਫਿਊ ਆਇਦ ਹੈ।

## ਜੇ ਈ ਏ ਐਡਵਾਂਸਡ ਪ੍ਰੀਖਿਆ 'ਚ ਚਿਦਵਿਲਾਸ ਤੇ ਭਵਿਆਸ੍ਰੀ ਅੱਵਲ

**ਨਵੀਂ ਦਿੱਲੀ :** ਆਈ ਆਈ ਟੀ ਦਾਖਲਾ ਪ੍ਰੀਖਿਆ ਜੇ ਈ ਏ ਐਡਵਾਂਸਡ ਦੇ ਨਤੀਜੇ ਐਲਾਨ ਦਿੱਤੇ ਗਏ ਹਨ। ਹੈਦਰਾਬਾਦ ਜ਼ੋਨ ਦੇ ਵਾਵੀਲਾਲਾ ਚਿਦਵਿਲਾਸ ਰੈੱਡੀ ਨੇ ਸਿਖਰਲਾ ਸਥਾਨ ਹਾਸਲ ਕੀਤਾ ਹੈ।

ਆਈ ਆਈ ਟੀ ਗੁਹਾਟੀ, ਜਿਸ ਨੇ ਇਸ ਸਾਲ ਦੀ ਪ੍ਰੀਖਿਆ ਲਈ ਸੀ, ਮੁਤਾਬਕ ਰੈੱਡੀ ਨੇ 360 ਵਿੱਚੋਂ 341 ਅੰਕ ਹਾਸਲ ਕੀਤੇ ਹਨ। ਮਹਿਲਾ ਵਰਗ 'ਚ ਆਈ ਆਈ ਟੀ ਹੈਦਰਾਬਾਦ ਜ਼ੋਨ ਦੀ ਨਯਾਕਾਂਤੀ ਨਾਗਾ ਭਵਿਆਸ੍ਰੀ 298 ਅੰਕਾਂ ਨਾਲ ਅੱਵਲ ਰਹੀ। ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਆਈ ਆਈ ਟੀ ਐਡਵਾਂਸਡ ਦੀਆਂ ਦੋਵਾਂ ਪ੍ਰੀਖਿਆਵਾਂ ਲਈ 1,80,372 ਵਿਦਿਆਰਥੀ ਬੈਠੇ ਸਨ, ਜਿਨ੍ਹਾਂ ਵਿੱਚੋਂ 43,773 ਹੀ ਇਸ ਨੂੰ ਪਾਸ ਕਰ ਸਕੇ। ਇਨ੍ਹਾਂ ਵਿਚ 36,204 ਮੁੰਡੇ ਤੇ 7509 ਕੁੜੀਆਂ ਹਨ। ਇੰਜੀਨੀਅਰਿੰਗ ਕਾਲਜਾਂ ਵਿਚ ਦਾਖਲੇ ਦੇ ਇੱਛੁਕ ਵਿਦਿਆਰਥੀਆਂ ਨੂੰ ਪਹਿਲਾਂ ਜੇ ਈ ਈ ਮੇਨ ਤੇ ਮਗਰੋਂ ਜੇ ਈ ਈ ਐਡਵਾਂਸਡ ਦੀ ਪ੍ਰੀਖਿਆ ਪਾਸ ਕਰਨੀ ਹੁੰਦੀ ਹੈ। ਜੇ ਈ ਈ ਐਡਵਾਂਸਡ ਪ੍ਰੀਖਿਆ 4 ਜੂਨ ਨੂੰ ਲਈ ਗਈ ਸੀ।

# ਰਿਸ਼ਤਿਆਂ 'ਚ ਤਣਾਅ ਦਰਮਿਆਨ ਬਲਿੰਕਨ ਬੀਜਿੰਗ 'ਚ

**ਬੀਜਿੰਗ :** ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਚੀਨ ਦੇ ਸਰਕਾਰੀ ਦੌਰੇ 'ਤੇ ਬੀਜਿੰਗ ਪੁੱਜ ਗਏ ਹਨ। ਦੋਵਾਂ ਆਲਮੀ ਤਾਕਤਾਂ ਦਰਮਿਆਨ ਵਧਦੀ ਕਸ਼ੀਦਗੀ ਨੂੰ ਘਟਾਉਣ ਦੀਆਂ ਕੋਸ਼ਿਸ਼ਾਂ ਵਜੋਂ ਬਲਿੰਕਨ ਦੀ ਇਸ ਫੇਰੀ ਨੂੰ ਅਹਿਮ ਮੰਨਿਆ ਜਾ ਰਿਹਾ ਹੈ।

ਜੋਅ ਬਾਇਡਨ ਦੇ ਅਮਰੀਕੀ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਣ ਮਗਰੋਂ ਬਲਿੰਕਨ ਚੀਨ ਦੀ ਯਾਤਰਾ 'ਤੇ ਆਉਣ ਵਾਲੇ ਪਹਿਲੇ ਸਿਖਰਲੇ ਪੱਧਰ ਦੇ ਪਹਿਲੇ ਅਮਰੀਕੀ ਅਧਿਕਾਰੀ ਹਨ। ਬਲਿੰਕਨ ਪਿਛਲੇ ਪੰਜ ਸਾਲਾਂ 'ਚ ਬੀਜਿੰਗ ਦੀ ਯਾਤਰਾ ਕਰਨ ਵਾਲੇ ਪਹਿਲੇ ਅਮਰੀਕੀ ਵਿਦੇਸ਼ ਮੰਤਰੀ ਹਨ। ਅਮਰੀਕਾ ਦੇ ਹਵਾਈ ਖੇਤਰ ਵਿਚ ਕਥਿਤ ਚੀਨੀ ਜਾਸੂਸੀ ਗੁਬਾਰਾ ਨਜ਼ਰ ਆਉਣ ਮਗਰੋਂ ਬਲਿੰਕਨ ਨੇ ਫਰਵਰੀ 'ਚ ਆਪਣੀ ਚੀਨ ਯਾਤਰਾ ਰੱਦ ਕਰ ਦਿੱਤੀ ਸੀ। ਬਲਿੰਕਨ ਨੇ ਆਪਣੇ ਚੀਨੀ ਹਮਰੁਤਬਾ ਕਿੰਨ ਗੈਂਗ ਨਾਲ ਮੁਲਾਕਾਤ ਕਰਕੇ ਦੁਵੱਲੇ ਮੁੱਦਿਆਂ 'ਤੇ ਚਰਚਾ ਕੀਤੀ।



## ਕੇਰਲਾ ਦੇ ਸ਼ਸ਼ੀ ਕੁਮਾਰ ਦੀ ਲੰਡਨ 'ਚ ਹੱਤਿਆ

**ਲੰਡਨ :** ਇੱਥੇ 37 ਸਾਲਾ ਅਰਵਿੰਦ ਸ਼ਸ਼ੀ ਕੁਮਾਰ ਦਾ ਉਸ ਦੇ ਨਾਲ ਰਹਿੰਦੇ 25 ਸਾਲਾ ਸਲਮਾਨ ਸਲੀਮ ਨੇ ਚਾਕੂ ਮਾਰ ਕੇ ਕਤਲ ਕਰ ਦਿੱਤਾ। ਦੋਨੋਂ ਕੇਰਲਾ ਤੋਂ ਸਨ ਤੇ ਕੈਂਬਰਵੈੱਲ ਦੇ ਸਾਉਥੈਂਪਟਨ ਵੇ ਇਲਾਕੇ 'ਚ ਰਹਿੰਦੇ ਸਨ। ਫਲੈਟ 'ਚ ਉਨ੍ਹਾਂ ਦੇ ਰਹਿਣ ਵਾਲੇ ਦੋ ਲੋਕਾਂ ਨੇ ਦੱਸਿਆ ਕਿ ਦੋਹਾਂ ਵਿਚਾਲੇ ਝਗੜਾ ਹੋਇਆ ਸੀ ਤੇ ਵਾਰਦਾਤ ਸ਼ੁੱਕਰਵਾਰ ਰਾਤ ਇਕ ਵਜੇ ਦੇ ਬਾਅਦ ਹੋਈ। ਪੁਲਸ ਨੇ ਸਲਮਾਨ ਦੇ ਇਲਾਵਾ ਵਾਰਦਾਤ ਵੇਲੇ ਮੌਜੂਦ ਦੋ ਮਲਿਆਲੀਆਂ ਨੂੰ ਵੀ ਹਿਰਾਸਤ 'ਚ ਲਿਆ ਹੈ। ਸ਼ਸ਼ੀ ਕੁਮਾਰ 10 ਸਾਲ ਤੋਂ ਸਟੂਡੈਂਟ ਵੀਜ਼ੇ 'ਤੇ ਲੰਡਨ ਵਿਚ ਰਹਿ ਰਿਹਾ ਸੀ। ਇਸ ਤੋਂ ਪਹਿਲਾਂ ਹੈਦਰਾਬਾਦ ਨਾਲ ਸੰਬੰਧਤ ਵਿਦਿਆਰਥਣ ਤੇਜਸਵਿਨੀ ਕੋਨਥਾਮ ਦਾ ਵੀ ਇਸੇ ਤਰ੍ਹਾਂ ਚਾਕੂ ਮਾਰ ਕੇ ਕਤਲ ਕੀਤਾ ਗਿਆ ਸੀ।

## ਸ਼ਾਹ ਦਾ ਮਾਨ 'ਤੇ ਹਮਲਾ

**ਗੁਰਦਾਸਪੁਰ :** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਤਵਾਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਘੇਰਦਿਆਂ ਕਿਹਾ ਕਿ ਸਰਹੱਦੀ ਸੂਬੇ 'ਚ ਅਮਨ ਤੇ ਕਾਨੂੰਨ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ ਕਿਉਂਕਿ ਮਾਨ ਆਪਣਾ ਬਹੁਤਾ ਸਮਾਂ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਸੈਰ-ਸਪਾਟੇ 'ਚ ਬਿਤਾਉਂਦੇ ਹਨ। ਇੱਥੇ ਰੈਲੀ ਨੂੰ ਸੰਬੋਧਨ ਕਰਦਿਆਂ ਸ਼ਾਹ ਨੇ 'ਆਪ' ਉੱਤੇ ਲੋਕਾਂ ਨਾਲ ਖੋਖਲੇ ਵਾਅਦੇ ਕਰਨ ਦਾ ਦੋਸ਼ ਲਾਇਆ।

ਉਨ੍ਹਾ ਕਿਹਾ ਕਿ ਪੰਜਾਬ ਦੀਆਂ ਮਹਿਲਾਵਾਂ ਨੂੰ ਇਕ ਹਜ਼ਾਰ ਰੁਪਏ ਮਾਸਿਕ ਦੇਣ ਦੇ ਚੋਣ ਵਾਅਦੇ ਦਾ ਕੀ ਬਣਿਆ। ਸ਼ਾਹ ਨੇ ਰੈਲੀ ਦੌਰਾਨ ਮੋਦੀ ਸਰਕਾਰ ਦੇ 9 ਸਾਲ ਦੇ ਕਾਰਜਕਾਲ ਦੀਆਂ ਪ੍ਰਾਪਤੀਆਂ ਵੀ ਗਿਣਾਈਆਂ। ਉਨ੍ਹਾ ਕਿਹਾ ਕਿ ਭਾਰਤ ਨੂੰ ਹੁਣ ਵਿਕਾਸ ਇੰਜਨ ਵਜੋਂ ਜਾਣਿਆ ਜਾਂਦਾ ਹੈ।

# ਅਮਰੀਕਾ ਦੌਰੇ ਤੋਂ ਪਹਿਲਾਂ 'ਮਨ ਕੀ ਬਾਤ'

**ਨਵੀਂ ਦਿੱਲੀ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਕਿਹਾ ਕਿ ਐਮਰਜੈਂਸੀ ਭਾਰਤ ਦੇ ਇਤਿਹਾਸ ਦਾ 'ਕਾਲਾ ਦੌਰ' ਸੀ, ਜਦੋਂ ਜਮਹੂਰੀਅਤ ਦੇ ਹਮਾਇਤੀਆਂ 'ਤੇ ਜ਼ੁਲਮ ਕੀਤਾ ਗਿਆ ਤੇ ਉਨ੍ਹਾਂ ਨੂੰ ਤਸੀਹੇ ਦਿੱਤੇ ਗਏ। ਆਪਣੇ ਮਾਸਿਕ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਦੀ 102ਵੀਂ ਕੜੀ ਦੌਰਾਨ ਵਿਚਾਰ ਸਾਂਝੇ ਕਰਦਿਆਂ ਮੋਦੀ ਨੇ ਕਿਹਾ ਕਿ ਭਾਰਤ 'ਜਮਹੂਰੀਅਤ ਦੀ ਜਨਨੀ' ਹੈ, ਜੋ ਜਮਹੂਰੀ ਆਦਰਸ਼ਾਂ ਤੇ ਸੰਵਿਧਾਨ ਨੂੰ ਸਭ ਤੋਂ ਉੱਤੇ ਰੱਖਦਾ ਹੈ, ਲਿਹਾਜ਼ਾ 25 ਜੂਨ ਦੀ ਤਰੀਕ ਨੂੰ ਨਹੀਂ ਭੁਲਾਇਆ ਜਾ ਸਕਦਾ। ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ 1975 'ਚ ਪੂਰੇ ਦੇਸ਼ 'ਚ ਐਮਰਜੈਂਸੀ ਲਾਗੂ ਕੀਤੀ ਸੀ। ਮੋਦੀ ਨੇ 21 ਜੂਨ ਨੂੰ ਮਨਾਏ ਜਾਣ ਵਾਲੇ ਕੌਮਾਂਤਰੀ ਯੋਗ ਦਿਹਾੜੇ ਦਾ ਜ਼ਿਕਰ ਕਰਦਿਆਂ ਦੇਸ਼ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਯੋਗ ਨੂੰ ਆਪਣੇ ਨਿੱਤ ਦੀ ਰੂਟੀਨ ਦਾ ਹਿੱਸਾ ਬਣਾਉਣ। ਚੱਕਰਵਾਤੀ ਤੂਫਾਨ ਬਿਪਰਜੁਆਏ ਨਾਲ ਗੁਜਰਾਤ ਦੇ ਕੱਛ ਜ਼ਿਲ੍ਹੇ 'ਚ ਤਬਾਹੀ ਦੀ ਗੱਲ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਥੋਂ ਦੇ ਲੋਕਾਂ ਨੇ ਜਿਸ ਮਜ਼ਬੂਤੀ ਨਾਲ ਇਸ ਦਾ ਮੁਕਾਬਲਾ ਕੀਤਾ, ਉਹ ਸ਼ਾਨਦਾਰ ਹੈ। ਉਨ੍ਹਾ ਆਸ ਜਤਾਈ ਕਿ ਕੱਛ ਦੇ ਲੋਕ ਜਲਦੀ ਹੀ ਇਸ ਤਬਾਹੀ ਤੋਂ ਉੱਭਰ ਜਾਣਗੇ।

ਮੋਦੀ 21 ਤੋਂ 24 ਜੂਨ ਤੱਕ ਅਮਰੀਕਾ ਦੇ ਸਰਕਾਰੀ ਦੌਰੇ 'ਤੇ ਜਾ ਰਹੇ ਹਨ, ਜਿਸ ਕਰਕੇ ਐਤਕੀਂ 'ਮਨ ਕੀ ਬਾਤ' ਪ੍ਰੋਗਰਾਮ ਨੂੰ ਇਕ ਹਫਤੇ ਪਹਿਲਾਂ ਪ੍ਰਸਾਰਤ ਕੀਤਾ ਗਿਆ ਹੈ।

## ਮਣੀਪੁਰ ਬਾਰੇ 'ਮੌਨ'

**ਨਵੀਂ ਦਿੱਲੀ :** ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਟਵੀਟ ਕੀਤਾ—ਇਕ ਹੋਰ ਮਨ ਕੀ ਬਾਤ, ਪਰ ਮਣੀਪੁਰ 'ਤੇ 'ਮੌਨ'।

ਆਫਤ ਪ੍ਰਬੰਧਨ ਨੂੰ ਲੈ ਕੇ ਭਾਰਤ ਦੀ ਵੱਡੀ ਸਮਰੱਥਾ ਨੂੰ ਲੈ ਕੇ ਪ੍ਰਧਾਨ ਮੰਤਰੀ ਆਪਣੀ ਹੀ ਪਿੱਠ ਥਾਪੜਦੇ ਹਨ, ਪਰ ਮਨੁੱਖ ਵੱਲੋਂ ਖੁਦ ਸਹੇੜੀ ਮਾਨਵੀ ਆਫਤ ਦਾ ਕੀ, ਜਿਸ ਦਾ ਮਣੀਪੁਰ ਨੂੰ ਸਾਹਮਣਾ ਕਰਨਾ ਪੈ ਰਿਹੈ। ਉਨ੍ਹਾ ਅਜੇ ਤੱਕ ਸ਼ਾਂਤੀ ਬਣਾਈ ਰੱਖਣ ਨੂੰ ਲੈ ਕੇ ਕੋਈ ਅਪੀਲ ਨਹੀਂ ਕੀਤੀ। ਪੀ ਐੱਮ-ਕੇਅਰਜ਼ ਫੰਡ ਦਾ ਅਜੇ ਤੱਕ ਆਡਿਟ ਨਹੀਂ ਹੋਇਆ, ਪਰ ਅਸਲ ਸਵਾਲ ਹੈ ਕਿ ਕੀ ਪ੍ਰਧਾਨ ਮੰਤਰੀ ਨੂੰ ਮਣੀਪੁਰ ਦੀ ਕੇਅਰ (ਫਿਕਰ) ਹੈ।

## ਸਿੱਕਮ 'ਚ ਫਸੇ 2464 ਸੈਲਾਨੀ ਕੱਢੇ

**ਗੰਗਟੋਕ :** ਸਿੱਕਮ 'ਚ ਪਿਛਲੇ ਤਿੰਨ ਦਿਨਾਂ ਤੋਂ ਪੈ ਰਹੇ ਮੋਹਲੇਧਾਰ ਮੀਂਹ ਕਰਕੇ ਢਿੱਗਾਂ ਡਿੱਗਣ ਕਰਕੇ ਫਸੇ 2464 ਸੈਲਾਨੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ।

ਉੱਤਰੀ ਸਿੱਕਮ ਦੇ ਜ਼ਿਲ੍ਹਾ ਕੁਲੈਕਟਰ ਹੇਮ ਕੁਮਾਰ ਛੇਤਰੀ ਨੇ ਕਿਹਾ ਕਿ ਮੌਸਮ 'ਚ ਆਈ ਤਬਦੀਲੀ ਕਰਕੇ ਸੈਲਾਨੀਆਂ ਨੂੰ ਘੁੰਮਣ-ਫਿਰਨ ਵਾਲੀਆਂ ਥਾਵਾਂ ਲਈ ਨਵੇਂ ਪਰਮਿਟ ਜਾਰੀ ਕਰਨ ਦਾ ਅਮਲ ਰੋਕ ਦਿੱਤਾ ਹੈ।



## ਅੱਜ-ਨਾਮਾ

ਮੁੜ-ਮੁੜ ਹੱਦਾਂ ਤੋਂ ਆਂਵਦੀ ਖਬਰ ਏਹੀ,
ਨਿੱਤ ਦਿਨ ਨਸ਼ੇ ਦੀ ਖੇਪ ਹੀ ਆਏ ਬੇਲੀ।
ਨਕਸ਼ਾ ਮਿੱਥ ਕੇ ਹੁੰਦੀ ਹੈ ਤਸਕਰੀ ਇਹ,
ਮਿੱਥ ਕੇ ਜਾਂਦੇ ਹਨ ਪੈਕੇਟ ਪੁਚਾਏ ਬੇਲੀ।
ਧੰਦਾ ਹੋ ਗਿਆ ਹਾਈ-ਟੈੱਕ ਤਸਕਰੀ ਦਾ,
ਪੈਕੇਟ ਪੁਚਾਉਣ ਡਰੋਨ ਹਨ ਲਾਏ ਬੇਲੀ।
ਕਦੀ ਕੋਈ ਫੋਰਸ ਡਰੋਨ ਵੀ ਸੁੱਟ ਲੈਂਦੀ,
ਕਦੇ ਉਹ ਸੁੱਕਾ ਵੀ ਬਚ ਕੇ ਜਾਏ ਬੇਲੀ।
ਬਾਰਡਰ ਟੱਪਣ ਦੀ ਲੋੜ ਨਾ ਰਹੀ ਲੱਗਦੀ,
ਮਸ਼ੀਨ ਨੇ ਲਿਆ ਸਭ ਕੰਮ ਸੰਭਾਲ ਬੇਲੀ।
ਅਗਲੀ ਗੱਲ ਵੀ ਕਦੀ ਇਹ ਸੁਣੀਂਦੀ ਆ,
ਰਲ ਜਾਏ ਕੁੱਤੀ ਵੀ ਚੋਰਾਂ ਦੇ ਨਾਲ ਬੇਲੀ।

-ਤੀਸ ਮਾਰ ਖਾਂ

# ਖੇਤੀ ਨੂੰ ਕਿਸਾਨ, ਮਜ਼ਦੂਰ, ਸਮਾਜ ਤੇ ਵਾਤਾਵਰਨ ਪੱਖੀ ਬਣਾਉਣ ਦੀ ਮੰਗ

**ਬਠਿੰਡਾ (ਬਖਤੌਰ ਢਿੱਲੋਂ)**

ਸ਼ੁੱਕਰਵਾਰ ਪੰਜਾਬ ਦੇ ਖੇਤੀਬਾੜੀ ਮੰਤਰੀ ਸ: ਗੁਰਮੀਤ ਸਿੰਘ ਖੁੱਡੀਆਂ ਨਾਲ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਨੇ ਸੂਬਾ ਕਾਰਜਕਾਰੀ ਪ੍ਰਧਾਨ ਮਨਜੀਤ ਸਿੰਘ ਧਨੇਰ ਦੀ ਅਗਵਾਈ ਵਿੱਚ ਉਹਨਾਂ ਦੇ ਪਿੰਡ ਖੁੱਡੀਆਂ ਵਿਖੇ ਲੰਬੀ ਮੀਟਿੰਗ ਕੀਤੀ। ਇਸ ਵਿੱਚ ਜਥੇਬੰਦੀ ਵੱਲੋਂ ਪੰਜਾਬ ਸਰਕਾਰ ਕੋਲ ਪਹਿਲਾਂ ਹੀ ਪੇਸ਼ ਕੀਤੀ ਹੋਈ ਖੇਤੀ ਨੀਤੀ 'ਤੇ ਵਿਚਾਰ-ਚਰਚਾ ਕੀਤੀ ਗਈ।

ਮੀਟਿੰਗ ਦੌਰਾਨ ਸੂਬਾ ਕਾਰਜਕਾਰੀ ਪ੍ਰਧਾਨ ਮਨਜੀਤ ਸਿੰਘ ਧਨੇਰ, ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ, ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਅਤੇ ਸੂਬਾ ਕਮੇਟੀ ਮੈਂਬਰ ਕੁਲਵੰਤ ਸਿੰਘ ਕਿਸ਼ਨਗੜ੍ਹ ਨੇ ਖੇਤੀ ਨੀਤੀ ਬਾਰੇ ਵਿਆਖਿਆ ਕੀਤੀ। ਲੰਬੀ ਵਿਚਾਰ ਚਰਚਾ ਦੌਰਾਨ ਮੁੱਖ ਤੌਰ 'ਤੇ ਵਿਚਾਰਿਆ ਗਿਆ ਕਿ ਹਰੇ ਇਨਕਲਾਬ ਦੀ ਨੀਤੀ ਕਾਰਨ ਪੰਜਾਬ ਦੀ ਮਿੱਟੀ, ਪਾਣੀ ਅਤੇ ਹਵਾ ਜ਼ਹਿਰੀਲੀ ਹੋ ਚੁੱਕੀ ਹੈ, ਕਿਸਾਨ ਪਰਵਾਰਾਂ 'ਤੇ ਔਸਤਨ ਦਸ ਲੱਖ ਦਾ ਕਰਜ਼ਾ ਹੈ ਅਤੇ ਕਰਜ਼ਿਆਂ ਕਾਰਨ ਸੂਬੇ ਅੰਦਰ ਕੁੱਲ ਖੁਦਕੁਸ਼ੀਆਂ ਵਿੱਚੋਂ 87% ਕਿਸਾਨਾਂ ਨੇ ਕੀਤੀਆਂ ਹਨ। ਇਸ ਲਈ ਨਵੀਂ ਖੇਤੀ ਨੀਤੀ ਕਿਸਾਨ, ਕੁਦਰਤ, ਸਮਾਜ ਅਤੇ ਵਾਤਾਵਰਨ ਪੱਖੀ ਹੋਣੀ ਚਾਹੀਦੀ ਹੈ। ਇਸ ਲਈ ਫਸਲਾਂ ਦੇ ਲਾਹੇਵੰਦ ਭਾਅ ਦੇਣ ਲਈ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਸੀ-2 ਸਮੇਤ ਪੰਜਾਹ ਪ੍ਰਤੀਸ਼ਤ ਮੁਨਾਫਾ ਜੋੜ ਕੇ ਲਾਗੂ ਕੀਤੀ ਜਾਵੇ। ਸਾਰੀਆਂ ਫਸਲਾਂ ਦੀ ਐੱਮ ਐੱਸ ਪੀ ਤੇ ਖਰੀਦ ਦੀ ਗਰੰਟੀ ਹੋਵੇ ਤਾਂ ਕਿ ਕਣਕ-ਝੋਨੇ ਦੇ ਫਸਲੀ ਚੱਕਰ ਨੂੰ ਤੋੜਿਆ ਜਾ ਸਕੇ। ਸਹਿਕਾਰੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਖੇਤੀ ਇਨਪੁਟਸ ਸਰਕਾਰ ਵੱਲੋਂ ਸਸਤੇ ਰੇਟਾਂ 'ਤੇ ਮੁਹੱਈਆ ਕਰਵਾਏ ਜਾਣ। ਖੇਤੀ ਮਸ਼ੀਨਰੀ, ਖਾਦਾਂ, ਤੇਲ ਅਤੇ ਦਵਾਈਆਂ ਵਗੈਰਾ ਤੋਂ ਕਾਰਪੋਰੇਟ ਘਰਾਣਿਆਂ ਦਾ ਗਲਬਾ ਖਤਮ ਕੀਤਾ ਜਾਵੇ। ਖੇਤੀ ਅਧਾਰਤ ਛੋਟੇ ਕਾਰਖਾਨੇ ਲਾਏ ਜਾਣ ਤਾਂ ਕਿ ਖੇਤੀ ਵਿੱਚੋਂ ਬਾਹਰ ਹੋ ਰਹੇ ਕਿਸਾਨਾਂ, ਮਜ਼ਦੂਰਾਂ ਨੂੰ ਰੁਜ਼ਗਾਰ ਮਿਲ ਸਕੇ। ਫਸਲੀ ਕਰਜ਼ਾ ਬਿਨਾਂ ਵਿਆਜ ਦਿੱਤਾ ਜਾਵੇ



ਦਰਿਆਈ ਪਾਣੀਆਂ ਦਾ ਰਿਪੇਰੀਅਨ ਕਾਨੂੰਨ ਅਨੁਸਾਰ ਨਿਪਟਾਰਾ ਕੀਤਾ ਜਾਵੇ। ਹਾਸਲ ਨਹਿਰੀ ਪਾਣੀ ਦੀ ਯੋਗ ਵਰਤੋਂ ਲਈ ਨਹਿਰਾਂ ਸੂਇਆਂ ਅਤੇ ਖਾਲਾਂ ਦੀ ਮੁਰੰਮਤ ਕਰਵਾਈ ਜਾਵੇ, ਨਹਿਰਾਂ, ਸੂਇਆਂ ਨੂੰ ਪੱਕਾ ਕਰਨ ਵੇਲੇ ਤਲ ਕੱਚਾ ਰੱਖਿਆ ਜਾਵੇ। ਮੋਘਿਆਂ ਦਾ ਪੱਧਰ ਪਹਿਲਾਂ ਵਾਲਾ ਬਰਕਰਾਰ ਰੱਖਿਆ ਜਾਵੇ, ਟੇਲਾਂ ਤੱਕ ਪਾਣੀ ਪਹੁੰਚਣਾ ਯਕੀਨੀ ਬਣਾਇਆ ਜਾਵੇ। ਦਰਿਆਵਾਂ, ਨਹਿਰਾਂ ਦੇ ਪਾਣੀ ਵਿੱਚ ਫੈਕਟਰੀਆਂ ਅਤੇ ਸ਼ਹਿਰਾਂ ਦਾ ਗੰਦ-ਮੰਦ ਪਾਉਣ 'ਤੇ ਮੁਕੰਮਲ ਰੋਕ ਲਗਾਈ ਜਾਵੇ।

60 ਸਾਲ ਦੀ ਉਮਰ ਹੋਣ 'ਤੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਪੈਨਸ਼ਨ ਦਿੱਤੀ ਜਾਵੇ। ਮਨਰੇਗਾ ਨੂੰ ਸਹੀ ਢੰਗ ਨਾਲ ਲਾਗੂ ਕੀਤਾ ਜਾਵੇ। ਫਸਲਾਂ ਦੇ ਨੁਕਸਾਨ ਲਈ ਮੁਆਵਜ਼ਾ ਏਕੜ ਨੂੰ ਇਕਾਈ ਮੰਨ ਕੇ ਦਿੱਤਾ ਜਾਵੇ ਅਤੇ ਬੀਮੇ ਦਾ ਪ੍ਰੀਮੀਅਮ ਸਰਕਾਰ ਅਦਾ ਕਰੇ। ਇਹ ਵਿਚਾਰ ਚਰਚਾ ਬੜੇ ਉਸਾਰੂ ਮਾਹੌਲ ਵਿੱਚ ਹੋਈ। ਖੇਤੀਬਾੜੀ ਮੰਤਰੀ ਨੇ ਪੰਜਾਬ ਸਰਕਾਰ ਦੀ ਖੇਤੀ ਨੀਤੀ ਬਣਾਉਣ ਸਮੇਂ ਇਹਨਾਂ ਨੁਕਤਿਆਂ ਨੂੰ ਧਿਆਨ ਵਿੱਚ ਰੱਖਣ ਦਾ ਯਕੀਨ ਦਿਵਾਇਆ। ਇਸ ਸਮੇਂ ਸੂਬਾ ਪ੍ਰੈੱਸ ਸਕੱਤਰ ਅੰਗਰੇਜ ਸਿੰਘ ਅਤੇ ਸੂਬਾ ਕਮੇਟੀ ਮੈਂਬਰ ਮੱਖਣ ਸਿੰਘ ਭੈਣੀ ਬਾਘਾ ਤੋਂ ਇਲਾਵਾ ਹੋਰ ਕਿਸਾਨ ਆਗੂ ਵੀ ਹਾਜ਼ਰ ਸਨ।

## ਦਿੱਲੀ 'ਚ ਦੋ ਭੈਣਾਂ ਦਾ ਕਤਲ

**ਨਵੀਂ ਦਿੱਲੀ :** ਆਰ ਕੇ ਪੁਰਮ ਇਲਾਕੇ ਵਿਚ ਐਤਵਾਰ ਤੜਕੇ ਦੋ ਭੈਣਾਂ ਪਿੰਕੀ (30) ਤੇ ਜਿਓਤੀ (29) ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਪੁਲਸ ਨੇ ਕਿਹਾ ਕਿ ਉਨ੍ਹਾਂ ਨੂੰ ਤੜਕੇ 4:40 ਵਜੇ ਦੇ ਕਰੀਬ ਫੋਨ ਆਇਆ ਸੀ ਕਿ ਅੰਬੇਦਕਰ ਬਸਤੀ 'ਚ ਦੋ ਭੈਣਾਂ ਨੂੰ ਗੋਲੀ ਲੱਗੀ ਹੈ। ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ, ਜਿੱਥੇ ਇਲਾਜ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ। ਕੁਝ ਘੰਟਿਆਂ ਅੰਦਰ ਪੁਲਸ ਨੇ ਮੁੱਖ ਮੁਲਜ਼ਮ ਤੇ ਉਸ ਦੇ ਦੋ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਮੁੱਢਲੀ ਜਾਂਚ ਮੁਤਾਬਕ ਹਮਲਾਵਰ ਪੈਸੇ ਦੇ ਮਾਮਲੇ ਵਿਚ ਮ੍ਰਿਤਕਾਵਾਂ ਦੇ ਭਰਾ ਨੂੰ ਮਾਰਨ ਆਏ ਸਨ ਤੇ ਘਰ ਦੇ ਬਾਹਰ ਦੋਹਾਂ ਭੈਣਾਂ ਨੂੰ ਗੋਲੀਆਂ ਮਾਰ ਕੇ ਭੱਜ ਗਏ। ਪੁਲਸ ਨੇ ਅਰਜੁਨ, ਮਾਈਕਲ ਤੇ ਦੇਵ ਨੂੰ ਗ੍ਰਿਫ਼ਤਾਰ ਕੀਤਾ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਸ ਵਾਰਦਾਤ ਨੂੰ ਦੁਖਦਾਈ ਦੱਸਿਆ ਤੇ ਦਿੱਲੀ ਦੀ ਅਮਨ-ਕਾਨੂੰਨ ਦੀ ਸੁਰੱਖਿਆ ਬਾਰੇ ਗੰਭੀਰ ਟਿੱਪਣੀ ਕੀਤੀ। ਉਨ੍ਹਾਂ ਦੋਵਾਂ ਔਰਤਾਂ ਦੇ ਪਰਵਾਰਾਂ ਨਾਲ ਸੰਵੇਦਨਾ ਜ਼ਾਹਰ ਕੀਤੀ ਹੈ। ਕੇਜਰੀਵਾਲ ਨੇ ਕਿਹਾ ਕਿ ਦਿੱਲੀ ਦੇ ਲੋਕ ਬੇਹੱਦ ਅਸੁਰੱਖਿਅਤ ਮਹਿਸੂਸ ਕਰਨ ਲੱਗੇ ਹਨ। ਜਿਨ੍ਹਾਂ ਲੋਕਾਂ ਨੇ ਦਿੱਲੀ ਦੇ ਅਮਨ-ਕਾਨੂੰਨ ਨੂੰ ਸੰਭਾਲਣਾ ਹੈ, ਉਹ ਇਸ ਨੂੰ ਠੀਕ ਕਰਨ ਦੀ ਬਜਾਏ ਪੂਰੀ ਦਿੱਲੀ ਸਰਕਾਰ 'ਤੇ ਕਬਜ਼ਾ ਕਰਨ ਦੀ ਸਾਜ਼ਿਸ਼ ਰਚ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਅੱਜ ਜੇ ਦਿੱਲੀ ਦੀ ਕਾਨੂੰਨ ਵਿਵਸਥਾ ਉਪ ਰਾਜਪਾਲ ਦੀ ਥਾਂ 'ਆਪ' ਸਰਕਾਰ ਦੇ ਅਧੀਨ ਹੁੰਦੀ ਤਾਂ ਦਿੱਲੀ ਸਭ ਤੋਂ ਸੁਰੱਖਿਅਤ ਹੁੰਦੀ।

19-JUNE-PAGE-4.qxd 6/18/2023 8:28 PM Page 1

ਨਵਾਂ ਜ਼ਮਾਨਾ

ਸੋਮਵਾਰ, 19 ਜੂਨ 2023

# ਅੰਧ-ਵਿਸ਼ਵਾਸਾਂ ਵਿਰੁੱਧ ਤਰਕਸ਼ੀਲਤਾ ਸਮੇਂ ਦੀ ਲੋੜ

*ਇਸ ਸਮੇਂ ਸਾਡੇ ਦੇਸ਼ ਵਿੱਚ ਅੰਧ-ਵਿਸ਼ਵਾਸਾਂ ਦੀ ਹਨੇਰੀ ਚੱਲ ਰਹੀ ਹੈ। ਹਮੇਸ਼ਾ ਤੋਂ ਹੀ ਸੱਤਾਧਾਰੀ ਵਰਗ ਆਪਣੀ ਸੱਤਾ ਨੂੰ ਕਾਇਮ ਰੱਖਣ ਲਈ ਅੰਧ-ਵਿਸ਼ਵਾਸਾਂ ਨੂੰ ਇੱਕ ਹਥਿਆਰ ਵਜੋਂ ਵਰਤਦਾ ਰਿਹਾ ਹੈ। ਭਾਜਪਾ ਦੇ ਕੇਂਦਰ ਦੀ ਸੱਤਾ ਉੱਤੇ ਕਾਬਜ਼ ਹੋ ਜਾਣ ਤੋਂ ਬਾਅਦ ਅੰਧ-ਵਿਸ਼ਵਾਸਾਂ ਦਾ ਸਿਲਸਿਲਾ ਤੇਜ਼ੀ ਨਾਲ ਵਧਿਆ ਹੈ। ਭਾਜਪਾ ਅੰਧ-ਵਿਸ਼ਵਾਸਾਂ ਨੂੰ ਫੈਲਾਉਣ ਲਈ ਬਾਬਿਆਂ ਤੇ ਅਖੌਤੀ ਧਰਮ ਗੁਰੂਆਂ ਦੀ ਪੁਸ਼ਤਪਨਾਹੀ ਕਰਦੀ ਰਹਿੰਦੀ ਹੈ। ਯਾਦ ਕਰੋ ਜਦੋਂ ਫਰਾਂਸ ਤੋਂ ਪਹਿਲਾ ਰਾਫੇਲ ਜੰਗੀ ਜਹਾਜ਼ ਲਿਆਂਦਾ ਗਿਆ ਸੀ ਤਾਂ ਸਭ ਤੋਂ ਪਹਿਲਾਂ ਰਾਜਨਾਥ ਨੇ ਉਸ ਦਾ ਨਿੰਬੂ ਤੇ ਮਿਰਚ ਬੰਨ੍ਹ ਕੇ ਸਵਾਗਤ ਕੀਤਾ ਸੀ। ਹਰ ਨਿੱਕੇ-ਵੱਡੇ ਕੰਮ ਦੇ ਉਦਘਾਟਨ ਸਮੇਂ ਨਾਰੀਅਲ ਭੰਨਣਾ ਤੇ ਹੋਰ ਧਾਰਮਕ ਪਾਖੰਡ ਕਰਨਾ ਇੱਕ ਵਰਤਾਰਾ ਬਣ ਚੁੱਕਾ ਹੈ।*

*ਇਸ ਸਮੇਂ ਮੀਡੀਆ ਅੰਧ-ਵਿਸ਼ਵਾਸ ਫੈਲਾਉਣ ਦਾ ਮੁੱਖ ਜ਼ਰੀਆ ਬਣਿਆ ਹੋਇਆ ਹੈ। ਪੱਤਰਕਾਰਤਾ ਮਰ ਚੁੱਕੀ ਹੈ। ਪੱਤਰਕਾਰਤਾ ਦੀ ਥਾਂ ਪਾਖੰਡੀ ਬਾਬਿਆਂ ਦੀਆਂ ਕਲਪਿਤ ਕਹਾਣੀਆਂ ਛਾਪੀਆਂ ਜਾ ਰਹੀਆਂ ਹਨ। ਅਖ਼ਬਾਰ ਖੋਲ੍ਹਦਿਆਂ ਹੀ ਸਭ ਤੋਂ ਪਹਿਲਾਂ ਰਾਸ਼ੀਫਲ ਮੱਥੇ ਵਿੱਚ ਵੱਜਦਾ ਹੈ। ਪੂਜਾ-ਪਾਠ ਤੇ ਵਰਤਾਂ ਦਾ ਵਿਧੀ-ਵਿਧਾਨ ਸਮਝਾਇਆ ਜਾਂਦਾ ਹੈ। ਟੀ ਵੀ ਚੈਨਲਾਂ ਉੱਤੇ ਇੱਛਾਧਾਰੀ ਨਾਗਿਨਾਂ, ਪਿਛਲੇ ਜਨਮਾਂ ਦਾ ਹਾਲ ਸੁਣਾਉਣ ਵਾਲੇ ਬੱਚਿਆਂ ਨੂੰ ਲਿਆ ਕੇ ਟੀ ਆਰ ਪੀ ਵਧਾਉਣ ਦੇ ਨਾਲ-ਨਾਲ ਜਨਤਾ ਦੀ ਸੋਚ ਨੂੰ ਖੁੰਢਿਆਂ ਕੀਤਾ ਜਾਂਦਾ ਹੈ। ਹੁਣ ਤਾਂ ਬਾਬਿਆਂ ਨੇ ਵੀ ਆਪਣੇ ਚੈਨਲ ਸ਼ੁਰੂ ਕਰ ਲਏ ਹਨ, ਜਿਨ੍ਹਾਂ ਰਾਹੀਂ ਚਮਤਕਾਰਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਭੂਤਾਂ-ਪ੍ਰੇਤਾਂ ਦੀਆਂ ਡਰਾਉਣੀਆਂ ਫਿਲਮਾਂ ਬਣ ਰਹੀਆਂ ਹਨ। ਸਰਕਾਰ ਵਿਗਿਆਨਕ ਨਜ਼ਰੀਆ ਪੇਸ਼ ਕਰਨ ਵਾਲੇ ਪੱਤਰਕਾਰਾਂ ਉੱਤੇ ਤਾਂ ਕਈ ਬੰਦਸ਼ਾਂ ਲਾ ਰਹੀ ਹੈ, ਪਰ ਇਨ੍ਹਾਂ ਅੰਧ-ਵਿਸ਼ਵਾਸ ਵਾਲੇ ਚੈਨਲਾਂ ਤੇ ਹੋਰ ਮੀਡੀਆ ਅਦਾਰਿਆਂ ਨੂੰ ਖੁੱਲ੍ਹੀ ਛੁੱਟੀ ਹੈ ਕਿ ਉਹ ਜੋ ਮਰਜ਼ੀ ਝੂਠ-ਤੂਫ਼ਾਨ ਲੋਕਾਂ ਨੂੰ ਪਰੋਸੀ ਜਾਣ। ਇਸ ਲਈ ਜ਼ਰੂਰੀ ਹੈ ਕਿ ਹਰ ਤਰ੍ਹਾਂ ਦੀ ਗੈਰ-ਵਿਗਿਆਨਕ ਸਮੱਗਰੀ ਦੇ ਪ੍ਰਸਾਰਨ ਉੱਤੇ ਰੋਕ ਲਾਈ ਜਾਵੇ ਪਰ ਮੌਜੂਦਾ ਸਰਕਾਰ ਤੋਂ ਤਾਂ ਇਹ ਆਸ ਨਹੀਂ ਕੀਤੀ ਜਾ ਸਕਦੀ, ਉਹ ਤਾਂ ਖੁਦ ਹੀ ਵੇਦਾਂ ਦੀਆਂ ਕਾਲਪਨਿਕ ਕਹਾਣੀਆਂ ਨੂੰ ਵਿਗਿਆਨਕ ਸਿੱਧ ਕਰਨ ਲੱਗੀ ਹੋਈ ਹੈ।*

*ਸਵਾਲ ਪੈਦਾ ਹੁੰਦਾ ਹੈ ਕਿ ਆਖਰ ਅੰਧ-ਵਿਸ਼ਵਾਸ ਖ਼ਤਮ ਕੌਣ ਕਰੇਗਾ। ਇਹ ਜ਼ਿੰਮੇਵਾਰੀ ਲੇਖਕਾਂ, ਵਿਗਿਆਨੀਆਂ, ਡਾਕਟਰਾਂ ਤੇ ਅਧਿਆਪਕਾਂ ਉੱਤੇ ਹੁੰਦੀ ਹੈ। ਪਰ ਸਮਾਜਕ ਸਚਾਈ ਇਹ ਹੈ ਕਿ ਇਹ ਲੋਕ ਖ਼ੁਦ ਅੰਧ-ਵਿਸ਼ਵਾਸ ਵਿੱਚ ਜਕੜੇ ਹੋਏ ਹਨ।*

*ਡਾਕਟਰ ਜਦੋਂ ਕੰਮ ਸ਼ੁਰੂ ਕਰਦੇ ਹਨ ਤਾਂ ਸਭ ਤੋਂ ਪਹਿਲਾਂ ਆਪਣੇ ਕਮਰੇ ਵਿੱਚ ਲੱਗੀਆਂ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਨੂੰ ਧੂਫ਼-ਬੱਤੀ ਕਰਕੇ ਨਮਸਕਾਰ ਕਰਦੇ ਹਨ। ਇਹੋ ਹਾਲ ਬਹੁਤੇ ਵਿਗਿਆਨੀਆਂ ਤੇ ਲੇਖਕਾਂ ਦਾ ਹੈ।*

*ਅੰਧ-ਵਿਸ਼ਵਾਸਾਂ ਨੂੰ ਖ਼ਤਮ ਕਰਨ ਦੀ ਸਭ ਤੋਂ ਮੁਢਲੀ ਜ਼ਿੰਮੇਵਾਰੀ ਅਧਿਆਪਕਾਂ ਦੀ ਹੁੰਦੀ ਹੈ। ਸਕੂਲ ਹੀ ਉਹ ਥਾਂ ਹੈ, ਜਿੱਥੇ ਬੱਚੇ ਨੂੰ ਵਿਗਿਆਨ ਦਾ ਚਾਨਣ ਵੰਡਿਆ ਜਾ ਸਕਦਾ ਹੈ। ਅੱਜ ਸਕੂਲਾਂ ਵਿੱਚ ਵੀ ਬੱਚਿਆਂ ਨੂੰ ਅੰਧ-ਵਿਸ਼ਵਾਸ ਪਰੋਸਿਆ ਜਾ ਰਿਹਾ ਹੈ। ਭਾਰਤ ਇੱਕ ਧਰਮ-ਨਿਰਪੱਖ ਦੇਸ਼ ਹੈ, ਪਰ ਸਕੂਲ ਵਿੱਚ ਪੜ੍ਹਾਈ ਦੀ ਸ਼ੁਰੂਆਤ ਸਰਸਵਤੀ ਵੰਦਨਾ ਨਾਲ ਹੁੰਦੀ ਹੈ। ਸਕੂਲਾਂ ਦੇ ਕਮਰਿਆਂ ਵਿੱਚ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਲਟਕੀਆਂ ਹੁੰਦੀਆਂ ਹਨ। ਕਈ ਸਕੂਲਾਂ ਵਿੱਚ ਤਾਂ ਪ੍ਰਵੇਸ਼ ਦੁਆਰ ਅੱਗੇ ਸਰਸਵਤੀ ਦੇ ਬੁੱਤ ਵੀ ਲੱਗ ਗਏ ਹਨ, ਜਿੱਥੇ ਬੱਚੇ ਪ੍ਰਣਾਮ ਕਰਕੇ ਜਾਂਦੇ ਹਨ ਤਾਂ ਜੋ ਉਹ ਇਮਤਿਹਾਨਾਂ ਵਿੱਚ ਸਫ਼ਲ ਹੋ ਸਕਣ। ਇਹ ਸਾਰੇ ਕਰਮਕਾਂਡ ਅਧਿਆਪਕਾਂ ਦੀ ਅਗਵਾਈ ਵਿੱਚ ਹੁੰਦੇ ਹਨ। ਜਦੋਂ ਗਿਆਨ ਦੇਣ ਵਾਲੇ ਹੀ ਅਗਿਆਨੀ ਹੋਣ ਤਦ ਬੱਚੇ ਤਰਕਸ਼ੀਲ ਤੇ ਵਿਗਿਆਨੀ ਕਿਵੇਂ ਹੋ ਸਕਦੇ ਹਨ। ਇੰਜ ਕਰਦੇ ਰਹਿਣ ਨਾਲ ਬੱਚਿਆਂ ਨੂੰ ਆਪਣੇ ਨਾਲੋਂ ਰੱਬ ਉੱਤੇ ਵੱਧ ਭਰੋਸਾ ਹੋ ਜਾਂਦਾ ਹੈ। ਬੱਚੇ ਮਿਹਨਤ ਦੀ ਥਾਂ ਪੂਜਾ-ਪਾਠ ਤੇ ਪਾਖੰਡ ਉੱਤੇ ਨਿਰਭਰ ਹੋ ਕੇ ਅੰਧ-ਵਿਸ਼ਵਾਸਾਂ ਦੇ ਧਾਰਨੀ ਹੋ ਜਾਂਦੇ ਹਨ। ਹਰ ਦਿਨ ਬਾਬਿਆਂ ਤੇ ਅਖੌਤੀ ਧਰਮ ਗੁਰੂਆਂ ਦੇ ਪੈਰੋਕਾਰਾਂ ਦੀ ਵਧ ਰਹੀ ਸੰਖਿਆ ਪਿੱਛੇ ਇਹੋ ਕਾਰਕ ਹਨ। ਇਸ ਤਰ੍ਹਾਂ ਹੌਲੀ-ਹੌਲੀ ਸਮਾਜ ਦਾ ਬਹੁਤਾ ਹਿੱਸਾ ਮਨੋਰੋਗੀ ਹੋ ਜਾਂਦਾ ਹੈ। ਸੱਤਾਧਾਰੀਆਂ ਲਈ ਇਹ ਲੋਕ ਇੱਕ ਵਰਤੋਂ ਦੀ ਵਸਤੂ ਬਣ ਜਾਂਦੇ ਹਨ, ਤੇ ਉਹ ਇਸ ਨੂੰ ਆਪਣੇ ਮਕਸਦ ਲਈ ਵਰਤਦੇ ਹਨ।*

*ਲੋਕਾਂ ਵਿੱਚੋਂ ਅੰਧ-ਵਿਸ਼ਵਾਸਾਂ ਨੂੰ ਖ਼ਤਮ ਕਰਨ ਦੀ ਮੁੱਖ ਜ਼ਿੰਮੇਵਾਰੀ ਵਿਗਿਆਨਕ ਦ੍ਰਿਸ਼ਟੀ ਵਾਲੇ ਕਾਮਰੇਡਾਂ ਨੂੰ ਨਿਭਾਉਣੀ ਪਵੇਗੀ। ਇਹ ਉਨ੍ਹਾਂ ਦੀ ਜ਼ਿੰਮੇਵਾਰੀ ਹੀ ਨਹੀਂ, ਫ਼ਰਜ਼ ਵੀ ਹੈ। ਇਸ ਲਈ ਤਰਕਸ਼ੀਲ ਲਹਿਰ ਨੂੰ ਮਜ਼ਬੂਤ ਕਰਕੇ ਹਰ ਪਿੰਡ ਤੇ ਮੁਹੱਲੇ ਤੱਕ ਪੁਚਾ ਦਿੱਤਾ ਜਾਣਾ ਚਾਹੀਦਾ ਹੈ। ਇਸ ਕੰਮ ਵਿੱਚ ਸਿਆਸੀ ਤੇ ਵਿਚਾਰਧਾਰਕ ਵਖਰੇਵਿਆਂ ਨੂੰ ਅੜਿੱਕਾ ਨਹੀਂ ਬਣਨ ਦੇਣਾ ਚਾਹੀਦਾ।*

**-ਚੰਦ ਫਤਿਹਪੁਰੀ**

# ਨਵੀਂ ਆਮਦਨ ਟੈਕਸ ਪ੍ਰਣਾਲੀ ਅਤੇ ਪੁਰਾਣੀ ਵਿੱਚੋਂ ਕਿਹੜੀ ਲਾਭਦਾਇਕ ?

**ਹਰਭਜਨ ਸਿੰਘ**

ਕੇਂਦਰ ਸਰਕਾਰ ਨੇ ਆਪਣੇ ਬੱਜਟ ਰਾਹੀਂ ਵਿੱਤੀ ਸਾਲ 2023-24 ਲਈ ਆਮਦਨ ਕਰ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਕੀਤੀਆਂ ਹਨ। ਨਵੀਂ ਟੈਕਸ ਪ੍ਰਣਾਲੀ ਵਿੱਚ ਖਾਸ ਤੌਰ ’ਤੇ ਕਈ ਮਹੱਤਵਪੂਰਨ ਤਬਦੀਲੀਆਂ ਕੀਤੀਆਂ ਹਨ। ਉਸ ਉਪਰੰਤ ਕਰਮਚਾਰੀਆਂ ਅਤੇ ਪੈਨਸ਼ਨਰਾਂ ਵਿੱਚ ਕਾਫੀ ਭੰਬਲਭੂਸਾ ਪੈਦਾ ਹੋ ਗਿਆ ਹੈ ਕਿ ਉਹ ਨਵੀਂ ਟੈਕਸ ਪ੍ਰਣਾਲੀ ਦੀ ਚੋਣ ਕਰਨ ਜਾਂ ਪੁਰਾਣੀ ਟੈਕਸ ਪ੍ਰਣਾਲੀ ਦੀ। ਇਨ੍ਹਾਂ ਦੋਵਾਂ ਵਿੱਚੋਂ ਕਿਹੜੀ ਬਿਹਤਰ ਰਹੇਗੀ ? ਕਰਮਚਾਰੀ ਦੇ ਸੇਵਾ ਨਿਵਿਰਤੀ ਸਮੇਂ ਜੋ ਸੇਵਾ ਗਰੈਚੁਟੀ, ਕਮਿਊਟਿਡ ਪੈਨਸ਼ਨ, ਜਮ੍ਹਾਂ ਛੁੱਟੀ ਬਦਲੇ ਨਕਦ ਤਨਖਾਹ ਆਦਿ ਮਿਲਦੇ ਹਨ। ਕੀ ਇਨ੍ਹਾਂ ਉੱਪਰ ਆਮਦਨ ਕਰ ਲੱਗਦਾ ਹੈ, ਜੇ ਲੱਗਦਾ ਹੈ ਤਾਂ ਮਿਲਦੇ ਲਾਭ ਦੀ ਕਿਸ ਸੀਮਾ ਤੱਕ। ਇਨ੍ਹਾਂ ਸਾਰੀਆਂ ਸ਼ੰਕਾਵਾਂ ਅਤੇ ਪ੍ਰਸ਼ਨਾਂ ਦਾ ਉੱਤਰ ਅਸੀਂ ਨਵੀਂ ਟੈਕਸ ਪ੍ਰਣਾਲੀ ਦੀਆਂ ਦਰਾਂ ਕੀ ਹਨ, ਉਸ ਨੂੰ ਅਪਨਾਉਣ ਨਾਲ ਕਿਹੜੀਆਂ ਛੋਟਾਂ ਅਤੇ ਕਟੌਤੀਆਂ ਦਾ ਲਾਭ ਮਿਲਦਾ ਹੈ। ਪੁਰਾਣੀ ਟੈਕਸ ਪ੍ਰਣਾਲੀ ਦੀਆਂ ਟੈਕਸ ਦਰਾਂ ਕੀ ਹਨ। ਇਸ ਨੂੰ ਅਪਣਾਉਣ ਨਾਲ ਕਿਹੜੀਆਂ ਛੋਟਾਂ ਅਤੇ ਕਟੌਤੀਆਂ ਦਾ ਲਾਭ ਮਿਲਦਾ ਹੈ। ਇਹ ਲਾਭ ਲੈਂਦੇ ਹੋਏ ਦੋਵਾਂ ਟੈਕਸ ਪ੍ਰਣਾਲੀਆਂ ਵਿੱਚੋਂ ਆਮਦਨ ਦੇ ਵੱਖ-ਵੱਖ ਪੱਧਰਾਂ ਉੱਪਰ ਕੁੱਲ ਕਟੌਤੀਆਂ ਨੂੰ ਵਿਚਾਰਦੇ ਹੋਏ ਕਿਹੜੀ ਬਿਹਤਰ, ਲਾਭਦਾਇਕ ਰਹੇਗੀ, ਸਪੱਸ਼ਟ ਕਰਨ ਦੀ ਕੋਸ਼ਿਸ਼ ਕਰਾਂਗੇ।

ਵਿੱਤੀ ਸਾਲ 2023-24 ਲਈ ਨਵੀਂ ਆਮਦਨ ਟੈਕਸ ਪ੍ਰਣਾਲੀ-

1. ਇਸ ਨਵੀਂ ਆਮਦਨ ਟੈਕਸ ਪ੍ਰਣਾਲੀ ਦੀਆਂ ਦਰਾਂ ਹੇਠਾਂ ਅਨੁਸਾਰ ਹਨ –

| ਆਮਦਨ ਸਲੈਬ | ਟੈਕਸ ਦੀ ਦਰ |
|---|---|
| 3,00,000 ਰੁਪਏ ਤੱਕ | ਕੋਈ ਟੈਕਸ ਨਹੀਂ |
| 3,00,001 ਰੁ. ਤੋਂ ਲੈ ਕੇ 6,00,000 ਰੁ. ਤੱਕ | 5 ਪ੍ਰਤੀਸ਼ਤ |
| 6,00,001 ਰੁ. ਤੋਂ ਲੈ ਕੇ 9,00,000 ਰੁ. ਤੱਕ | 10 ਪ੍ਰਤੀਸ਼ਤ |
| 9,00,001 ਰੁ. ਤੋਂ ਲੈ ਕੇ 12,00,000 ਰੁ. ਤੱਕ | 15 ਪ੍ਰਤੀਸ਼ਤ |
| 12,00,001 ਰੁ. ਤੋਂ ਲੈ ਕੇ 15,00,000 ਰੁ. ਤੱਕ | 20 ਪ੍ਰਤੀਸ਼ਤ |
| 15,00,000 ਲੱਖ ਰੁਪਏ ਤੋਂ ਉੱਪਰ | 30 ਪ੍ਰਤੀਸ਼ਤ |

ਸਿਹਤ ਅਤੇ ਵਿੱਦਿਆ ਸੈੱਸ-ਆਮਦਨ ਕਰ ਰਕਮ ਉੱਪਰ 4 ਪ੍ਰਤੀਸ਼ਤ+ਸਰਚਾਰਜ ਜੇ ਲਾਗੂ ਹੋਵੇ।

2.ਨਵੀਂ ਆਮਦਨ ਟੈਕਸ ਪ੍ਰਣਾਲੀ ਅਧੀਨ 7 ਲੱਖ ਰੁਪਏ ਤੱਕ ਦੀ ਆਮਦਨ ਉੱਪਰ ਕੋਈ ਆਮਦਨ ਕਰ ਨਹੀਂ ਹੈ, ਭਾਵ 7 ਲੱਖ ਰੁਪਏ ਦੀ ਆਮਦਨ ਉੱਪਰ ਕੋਈ ਟੈਕਸ ਦੇਣਾ ਨਹੀਂ ਪਵੇਗਾ।

3.ਨਵੀਂ ਟੈਕਸ ਪ੍ਰਣਾਲੀ ਅਧੀਨ ਆਮਦਨ ਵਿਚੋਂ 50,000 ਰੁਪਏ ਦੀ ਮਿਆਰੀ ਕਟੌਤੀ (Standard Deduction) ਕਰਨ ਦੀ ਛੋਟ ਦਿੱਤੀ ਗਈ ਹੈ। ਇਸ ਛੋਟ ਦੇ ਨਾਲ, ਨਵੀਂ ਟੈਕਸ ਪ੍ਰਣਾਲੀ ਤਹਿਤ 7.5 ਲੱਖ ਰੁਪਏ ਤੱਕ ਆਮਦਨ ਟੈਕਸ ਮੁਕਤ ਆਮਦਨ ਬਣ ਜਾਂਦੀ ਹੈ, ਭਾਵ 7.5 ਲੱਖ ਰੁਪਏ ਦੀ ਆਮਦਨ ਉੱਪਰ ਕੋਈ ਟੈਕਸ ਨਹੀਂ ਲੱਗਦਾ। 7,50,000-50,000=7,00,000 ਰੁਪਏ ਉੱਪਰ ਕੋਈ ਆਮਦਨ ਟੈਕਸ ਨਹੀਂ ਲੱਗੇਗਾ।

4. ਜੇ ਕੋਈ ਕਰਮਚਾਰੀ, ਪੈਨਸ਼ਨਰ ਨਵੀਂ ਆਮਦਨ ਟੈਕਸ ਪ੍ਰਣਾਲੀ ਦੀ ਚੋਣ ਕਰਦਾ ਹੈ ਤਾਂ ਉਸ ਦਾ ਆਮਦਨ ਕਰ ਉਪਰੋਕਤ ਲੜੀ ਨੰਬਰ-1 ’ਚ ਦਿਖਾਈਆਂ ਆਮਦਨ ਦਰਾਂ ਲੜੀ ਨੰ. 2 ’ਚ 7 ਲੱਖ ਰੁਪਏ ਦੀ ਆਮਦਨ ਤੱਕ ਬਣਦੇ ਆਮਦਨ ਟੈਕਸ ਦੀ ਛੋਟ ਅਤੇ ਲੜੀ ਨੰਬਰ 3 ’ਚ ਦਰਸਾਈ 50,000 ਰੁਪਏ ਦੀ ਮਿਆਰੀ ਕਟੌਤੀ ਆਮਦਨ ’ਚੋਂ ਘਟਾ ਕੇ ਲੱਗੇਗਾ।

5. ਇਸ ਤੋਂ ਬਿਨਾਂ 60 ਸਾਲ ਤੋਂ ਵੱਧ ਉਮਰ ਦੇ ਸੇਵਾ-ਮੁਕਤ ਕਰਮਚਾਰੀ (ਪੈਨਸ਼ਨਰਜ਼) ਜਿਨ੍ਹਾਂ ਨੇ ਸਿਹਤ ਬੀਮਾ ਪ੍ਰੀਮੀਅਮ ਦੀ ਅਦਾਇਗੀ ਕੀਤੀ ਹੈ, ਉਨ੍ਹਾਂ ਨੂੰ ਵਿੱਤੀ ਸਾਲ 2023-24 ਲਈ 50,000 ਰੁਪਏ ਤੱਕ ਅਦਾ ਕੀਤੀ ਸਿਹਤ ਬੀਮਾ ਪ੍ਰੀਮੀਅਮ ਦੀ ਵੱਧ ਤੋਂ ਵੱਧ ਛੋਟ ਆਮਦਨ ਕਰ ਦੀ ਧਾਰਾ 80 ਡੀ ਤਹਿਤ ਦਿੱਤੀ ਗਈ ਹੈ। ਜੇਕਰ 60 ਸਾਲ ਤੋਂ ਉੱਪਰ ਵਾਲੇ ਪੈਨਸ਼ਨਰ ਨੇ ਸਿਹਤ ਬੀਮੇ ਲਈ ਕੋਈ ਰਕਮ ਅਦਾ ਨਹੀਂ ਕੀਤੀ ਤਾਂ ਉਹ ਸੀਨੀਅਰ ਪੈਨਸ਼ਨਰ ਜਿਸ ਨੇ ਆਪਣੀ ਸਿਹਤ ਉੱਪਰ ਡਾਕਟਰੀ ਖਰਚੇ ਕੀਤੇ ਹਨ, ਉਸ ਨੂੰ 50,000 ਰੁਪਏ ਤੱਕ ਕੀਤੇ ਡਾਕਟਰੀ ਖਰਚਿਆਂ ਦੀ ਆਮਦਨ ਵਿੱਚੋਂ ਛੋਟ ਹੈ, ਬੇਸ਼ਰਤੇ ਕਿ ਇਹ ਖਰਚਿਆਂ ਦਾ ਭੁਗਤਾਨ ਨਕਦ ਤੋਂ ਇਲਾਵਾ ਕਿਸੇ ਹੋਰ ਢੰਗ ਨਾਲ ਕੀਤਾ ਹੋਵੇ।

6. ਜੇਕਰ ਤੁਸੀਂ ਸੀਨੀਅਰ ਸਿਟੀਜ਼ਨ ਹੋ, ਭਾਵ 60 ਸਾਲ ਦੀ ਉਮਰ ਹੈ ਅਤੇ ਤੁਹਾਨੂੰ ਖਾਸ ਬਿਮਾਰੀ ਜਾਂ ਬਿਮਾਰੀ ਦੇ ਡਾਕਟਰੀ ਇਲਾਜ ਲਈ ਖਰਚੇ ਦੀ ਅਦਾਇਗੀ ਕਰਨੀ ਪਈ ਹੈ ਤਾਂ ਤੁਸੀਂ ਆਮਦਨ ਵਿੱਚੋਂ 1,00,000 ਰੁਪਏ ਤੱਕ ਦੀ ਕਟੌਤੀ ਆਮਦਨ ਕਰ ਦੀ ਧਾਰਾ 80 ਡੀ.ਡੀ.ਬੀ. ਤਹਿਤ ਕਰ ਸਕਦੇ ਹੋ।

ਉਪਰੋਕਤ ਲੜੀ ਨੰ. 5 ਅਤੇ 6 ਵਿੱਚ ਦਰਸਾਈ ਕਟੌਤੀ ਦਾ ਲਾਭ ਨਵੀਂ ਆਮਦਨ ਟੈਕਸ ਪ੍ਰਣਾਲੀ ਜਾਂ ਪੁਰਾਣੀ ਟੈਕਸ ਪ੍ਰਣਾਲੀ ਦੀ ਚੋਣ ਕਰਨ ਵਾਲਾ ਪੈਨਸ਼ਨਰ ਲੈ ਸਕਦਾ ਹੈ।

ਹੋਰ ਜੋ ਕਈ ਛੋਟਾਂ ਅਤੇ ਕਟੌਤੀਆਂ ਹਨ, ਜਿਵੇਂ ਮਕਾਨ ਉੱਪਰ ਲਏ ਕਰਜ਼ੇ ਉੱਪਰ 2 ਲੱਖ ਰੁਪਏ ਵਿਆਜ ਦੀ ਛੋਟ, 80 ਸੀ ਅਧੀਨ 1,50,000 ਤੱਕ ਕੀਤੇ ਨਿਵੇਸ਼ ਦੀ ਛੋਟ ਆਦਿ ਉਨ੍ਹਾਂ ਦਾ ਕਲੇਮ ਨਵੀਂ ਆਮਦਨ ਟੈਕਸ ਪ੍ਰਣਾਲੀ ਦੀ ਚੋਣ ਕਰਨ ਵਾਲੇ ਕਰਮਚਾਰੀ ਅਤੇ ਪੈਨਸ਼ਨਰ ਨਹੀਂ ਲੈ ਸਕਦੇ, ਉਨ੍ਹਾਂ ਦਾ ਕਲੇਮ ਪੁਰਾਣੀ ਆਮਦਨ ਟੈਕਸ ਪ੍ਰਣਾਲੀ ਦੀ ਚੋਣ ਕਰਨ ਵਾਲੇ ਕਰਮਚਾਰੀ ਅਤੇ ਪੈਨਸ਼ਨਰ ਹੀ ਕਰ ਸਕਦੇ ਹਨ, ਜਿਨ੍ਹਾਂ ਦਾ ਪੂਰਾ ਵਰਨਣ ਅਸੀਂ ਪੁਰਾਣੀ ਆਮਦਨ ਟੈਕਸ ਪ੍ਰਣਾਲੀ ਦੀ ਵਿਆਖਿਆ ਕਰਨ ਸਮੇਂ ਦੇ ਰਹੇ ਹਾਂ।

ਵਿੱਤੀ ਸਾਲ 2023-24 ਲਈ ਪੁਰਾਣੀ ਆਮਦਨ ਟੈਕਸ ਪ੍ਰਣਾਲੀ-

ਇਸ ਪੁਰਾਣੀ ਆਮਦਨ ਟੈਕਸ ਪ੍ਰਣਾਲੀ ਦੀਆਂ ਦਰਾਂ ਹੇਠ ਲਿਖੇ ਅਨੁਸਾਰ ਹਨ-

| ਆਮਦਨ ਸਲੈਬ | ਟੈਕਸ ਦੀ ਦਰ |
|---|---|
| 2,50,000 ਰੁਪਏ ਤੱਕ | ਕੋਈ ਟੈਕਸ ਨਹੀਂ |
| 2,50,001 ਰੁ. ਤੋਂ ਲੈ ਕੇ 5,00,000 ਰੁ. ਤੱਕ | 5 ਪ੍ਰਤੀਸ਼ਤ |
| 5,00,001 ਰੁ. ਤੋਂ ਲੈ ਕੇ 10,00,000 ਰੁ. ਤੱਕ | 20 ਪ੍ਰਤੀਸ਼ਤ |
| 10,00,000 ਰ. ਤੋਂ ਉੱਪਰ | 30 ਪ੍ਰਤੀਸ਼ਤ |

ਸਿਹਤ ਅਤੇ ਵਿੱਦਿਆ ਸੈੱਸ- ਆਮਦਨ ਕਰ ਰਕਮ ਉਪਰ 4 ਪ੍ਰਤੀਸ਼ਤ+ਸਰਚਾਰਜ ਜੇ ਲਾਗੂ ਹੋਵੇ।

ਨੋਟ- 60 ਸਾਲ ਤੋਂ 80 ਸਾਲ ਦੇ ਸੀਨੀਅਰ ਸਿਟੀਜ਼ਨ ਲਈ 3 ਲੱਖ ਰੁਪਏ ਅਤੇ 80 ਸਾਲ ਤੋਂ ਉੱਪਰ ਲਈ 5 ਲੱਖ ਰੁਪਏ ਦੀ ਆਮਦਨ ਉੱਪਰ ਕੋਈ ਟੈਕਸ ਨਹੀਂ ਹੈ।

2. ਪੁਰਾਣੀ ਆਮਦਨ ਟੈਕਸ ਪ੍ਰਣਾਲੀ ਅਧੀਨ 5 ਲੱਖ ਰੁਪਏ ਤੱਕ ਦੀ ਆਮਦਨ ਉੱਪਰ ਕੋਈ ਆਮਦਨ ਕਰ ਨਹੀਂ ਹੈ। ਭਾਵ 5 ਲੱਖ ਰੁਪਏ ਦੀ ਆਮਦਨ ਉੱਪਰ ਕੋਈ ਟੈਕਸ ਨਹੀਂ ਦੇਣਾ ਪਵੇਗਾ।

3. ਪੁਰਾਣੀ ਟੈਕਸ ਪ੍ਰਣਾਲੀ ਅਧੀਨ ਆਮਦਨ ਵਿੱਚੋਂ 50,000 ਰੁਪਏ ਦੀ ਮਿਆਰੀ ਕਟੌਤੀ (Standard deduction) ਕਰਨ ਦੀ ਛੋਟ ਦਿੱਤੀ ਗਈ ਹੈ। ਇਸ ਛੋਟ ਦੇ ਨਾਲ ਪੁਰਾਣੀ ਟੈਕਸ ਪ੍ਰਣਾਲੀ ਤਹਿਤ 5.5 ਲੱਖ ਰੁਪਏ ਤੱਕ ਆਮਦਨ ਟੈਕਸ ਮੁਕਤ ਆਮਦਨ ਬਣ ਜਾਂਦੀ ਹੈ। ਭਾਵ 5,50,000 ਰੁਪਏ ਦੀ ਆਮਦਨ ਉੱਪਰ ਕੋਈ ਟੈਕਸ ਨਹੀਂ ਲੱਗੇਗਾ।

5,50,000-50,000=5,00,000 ਰੁਪਏ ਉੱਪਰ ਕੋਈ ਆਮਦਨ ਟੈਕਸ ਨਹੀਂ ਲੱਗੇਗਾ।

4. ਪੁਰਾਣੀ ਆਮਦਨ ਟੈਕਸ ਪ੍ਰਣਾਲੀ ਅਧੀਨ ਕਰਮਚਾਰੀ ਅਤੇ ਪੈਨਸ਼ਨਰ 70 ਤੋਂ ਵੱਧ ਛੋਟਾਂ ਅਤੇ ਕਟੌਤੀਆਂ ਦਾ ਲਾਭ ਲੈ ਕੇ ਟੈਕਸਯੋਗ ਆਮਦਨ ਅਤੇ ਅਦਾ ਕਰਨਯੋਗ ਆਮਦਨ ਕਰ ਨੂੰ ਘਟਾ ਸਕਦਾ ਹੈ।

— ਧਾਰਾ 23 (2) ਅਧੀਨ ਘਰ ਵਾਸਤੇ ਲਏ ਕਰਜ਼ੇ ਉੱਪਰ ਵਿਆਜ ਦੀ 2 ਲੱਖ ਰੁਪਏ ਤੱਕ ਛੋਟ ਮਿਲ ਸਕਦੀ ਹੈ।

— ਆਮਦਨ ਕਰ ਦੀ ਧਾਰਾ 80 ਸੀ ਅਧੀਨ ਕਰਮਚਾਰੀ ਭਵਿੱਖ ਨਿਧੀ (ਈ.ਪੀ.ਐੱਫ), ਜੀਵਨ ਬੀਮਾ ਪ੍ਰੀਮੀਅਮ, ਜਨਰਲ ਭਵਿੱਖ ਨਿਧੀ, ਇਕੁਇਟੀ ਲਿੰਕਡ ਸੇਵਿੰਗ ਸਕੀਮ, ਪੀ.ਪੀ.ਐੱਫ., ਐੱਨ.ਪੀ.ਐੱਸ. ਆਦਿ ਉੱਪਰ 1,50,000 ਰੁਪਏ ਤੱਕ ਆਮਦਨ ’ਚ ਛੋਟ ਹੈ।

— ਧਾਰਾ 80 ਸੀ.ਸੀ.ਡੀ. ਅਧੀਨ 50,000 ਰੁਪਏ ਤੱਕ ਐੱਨ.ਪੀ.ਐੱਸ. ’ਚ ਕੀਤੇ ਨਿਵੇਸ਼ ਲਈ ਛੋਟ ਹੈ।

— ਧਾਰਾ 80 ਡੀ ਅਧੀਨ ਆਪਣੇ ਜਾਂ ਆਪਣੇ ਉੱਪਰ ਨਿਰਭਰ ਮਾਪਿਆਂ ਲਈ ਮੈਡੀਕਲ ਬੀਮੇ ਵਿੱਚ 25,000/50,000 ਰੁਪਏ ਤੱਕ ਆਮਦਨ ’ਚ ਛੋਟ ਹੈ।

—ਧਾਰਾ 80 ਈ.ਈ.ਬੀ. ਤਹਿਤ ਇਲੈਕਟ੍ਰਿਕ ਵਾਹਨ ਖਰੀਦਣ ਉਪਰ ਲਏ ਕਰਜ਼ੇ ’ਤੇ ਵਿਆਜ ਦੀ 1.50,000 ਰੁਪਏ ਤੱਕ ਦੀ ਕੀਤੀ ਅਦਾਇਗੀ ਦੀ ਧਾਰਾ 80 ਈ ਅਨੁਸਾਰ ਛੋਟ ਹੈ।

—ਸਿੱਖਿਆ ਕਰਜ਼ੇ ਵਿੱਚ ਪੂਰੀ ਵਿਆਜ ਦੀ ਰਕਮ ਦੀ ਧਾਰਾ 10 (13 ਏ) ਤਹਿਤ ਛੋਟ ਹੈ।

—ਮਕਾਨ ਕਿਰਾਏ ਭੱਤੇ ਦੀ (ਕਰਮਚਾਰੀ ਦੀ ਤਨਖਾਹ ਅਨੁਸਾਰ ਅਤੇ ਅਦਾ ਕੀਤੇ ਕਿਰਾਏ ਅਨੁਸਾਰ) ਛੋਟ ਹੈ।

ਉਪਰੋਕਤ ਨਵੀਂ ਅਤੇ ਪੁਰਾਣੀ ਆਮਦਨ ਪ੍ਰਣਾਲੀ ਦੀ ਜਾਣਕਾਰੀ ਨਾਲ ਸਪੱਸ਼ਟ ਹੋ ਗਿਆ ਹੈ ਕਿ ਕਿਸੇ ਕਰਮਚਾਰੀ ਅਤੇ ਪੈਨਸ਼ਨਰ ਨੇ ਨਵੀਂ ਆਮਦਨ ਟੈਕਸ ਪ੍ਰਣਾਲੀ ਦੀ ਚੋਣ ਕਰਨੀ ਹੈ ਜਾਂ ਪੁਰਾਣੀ ਆਮਦਨ ਟੈਕਸ ਪ੍ਰਣਾਲੀ ਦੀ, ਇਹ ਇਸ ਗੱਲ ’ਤੇ ਨਿਰਭਰ ਕਰੇਗਾ ਕਿ ਕਰਮਚਾਰੀ ਜਾਂ ਪੈਨਸ਼ਨਰ ਦੀ ਆਮਦਨ ਦਾ ਪੱਧਰ ਕੀ ਹੈ। ਆਮਦਨ ਕਰ ਦੀ ਬੱਚਤ ਲਈ ਉਸ ਕੋਲ ਕਟੌਤੀਆਂ ਅਤੇ ਛੋਟਾਂ ਕਿੰਨੀਆਂ ਹਨ। ਜੇਕਰ ਆਮਦਨ 7.5 ਲੱਖ ਰੁਪਏ ਹੈ ਤਾਂ ਕਰਮਚਾਰੀ ਅਤੇ ਪੈਨਸ਼ਨਰ ਨੂੰ ਨਵੀਂ ਆਮਦਨ ਟੈਕਸ ਪ੍ਰਣਾਲੀ ਲਾਭਦਾਇਕ ਰਹੇਗੀ। ਕੁੱਲ ਕਟੌਤੀਆਂ 1.50 ਲੱਖ ਜਾਂ ਇਸ ਤੋਂ ਘੱਟ ਹਨ ਤਾਂ ਕਰਮਚਾਰੀ ਅਤੇ ਪੈਨਸ਼ਨਰ ਲਈ ਨਵੀਂ ਆਮਦਨ ਟੈਕਸ ਪ੍ਰਣਾਲੀ ਲਾਭਦਾਇਕ ਹੋਵੇਗੀ। ਜੇਕਰ ਕੁੱਲ ਕਟੌਤੀਆਂ 3.75 ਲੱਖ ਤੋਂ ਵੱਧ ਹਨ ਤਾਂ ਪੁਰਾਣੀ ਆਮਦਨ ਕਰ ਪ੍ਰਣਾਲੀ ਲਾਭਦਾਇਕ ਰਹੇਗੀ। ਜਦੋਂ ਕੁੱਲ ਕਟੌਤੀਆਂ 1.5 ਲੱਖ ਤੋਂ 3.75 ਲੱਖ ਦੇ ਵਿਚਕਾਰ ਹੁੰਦੀਆਂ ਹਨ, ਇਹ ਕਰਮਚਾਰੀ ਅਤੇ ਪੈਨਸ਼ਨਰ ਦੀ ਆਮਦਨ ਦੇ ਪੱਧਰ ਉੱਪਰ ਨਿਰਭਰ ਰਹੇਗਾ ਕਿ ਕਿਹੜੀ ਦਰ ਪ੍ਰਣਾਲੀ ਲਾਭਦਾਇਕ ਰਹੇਗੀ।

ਗਰੈਚੁਟੀ ਉੱਪਰ ਆਮਦਨ ਕਰ ਦੀ ਛੋਟ ਸੀਮਾ :- 29 ਮਾਰਚ 2018 ਤੋਂ ਪਹਿਲਾਂ 10 ਲੱਖ ਰੁਪਏ ਤੱਕ ਗਰੈਚੁਟੀ ਉੱਪਰ ਕੋਈ ਟੈਕਸ ਨਹੀਂ ਲੱਗਦਾ ਸੀ। ਛੋਟ ਸੀਮਾ 10 ਲੱਖ ਰੁਪਏ ਸੀ, ਪਰ 29-3-2018 ਤੋਂ ਬਾਅਦ ਹੁਣ ਸੇਵਾ ਨਿਵਿਰਤ ਜਾਂ ਮੌਤ ਜਾਂ ਅਪਾਹਜ ਹੋਣ ਦੀ ਸਥਿਤੀ ’ਚ ਰਿਟਾਇਰਮੈਂਟ ਸਮੇਂ ਮਿਲਣ ਵਾਲੀ 20 ਲੱਖ ਰੁਪਏ ਦੀ ਗਰੈਚੁਟੀ ਉੱਪਰ ਕੋਈ ਆਮਦਨ ਕਰ ਨਹੀਂ ਲੱਗਦਾ। ਹੁਣ ਗਰੈਚੁਟੀ ਲਈ ਆਮਦਨ ਕਰ ਦੇ ਉਦੇਸ਼ ਲਈ ਛੋਟ ਸੀਮਾ 20 ਲੱਖ ਰੁਪਏ ਹੈ।

ਜਮ੍ਹਾਂ ਛੁੱਟੀ ਦੇ ਬਦਲ ’ਚ ਨਕਦ ਅਦਾਇਗੀ (Leave in Cashment) ਉੱਪਰ ਆਮਦਨ ਕਰ ਦੀ ਛੋਟ :- ਕਰਮਚਾਰੀਆਂ ਨੂੰ ਸੇਵਾ ਨਿਵਿਰਤੀ ਸਮੇਂ ਲੀਵ ਐਨਕੈਸ਼ਮੈਂਟ ਜੋ ਮਿਲਦਾ ਸੀ, ਪਹਿਲੇ 3 ਲੱਖ ਰੁਪਏ ਤੱਕ ਕੋਈ ਆਮਦਨ ਕਰ ਨਹੀਂ ਲੱਗਦਾ ਸੀ। ਹੁਣ ਵਿੱਤੀ ਸਾਲ 2023-24 ਤੋਂ ਇਹ ਸੀਮਾ ਵਧਾ ਕੇ 25 ਲੱਖ ਰੁਪਏ ਕਰ ਦਿੱਤੀ ਗਈ ਹੈ। ਜਮ੍ਹਾਂ ਛੁੱਟੀ ਦੇ ਬਦਲੇ ’ਚ ਮਿਲੀ 25 ਲੱਖ ਰੁਪਏ ਤੱਕ ਨਕਦ ਅਦਾਇਗੀ ਉੱਪਰ ਕੋਈ ਆਮਦਨ ਕਰ ਨਹੀਂ ਲੱਗੇਗਾ।

ਕਮਿਊਟਡ ਪੈਨਸ਼ਨ ਉਪਰ ਆਮਦਨ ਕਰ :- ਕੇਂਦਰ ਸਰਕਾਰ, ਰਾਜ ਸਰਕਾਰ, ਸਥਾਨਕ ਅਥਾਰਟੀ ਅਤੇ ਇੱਕ ਕਾਨੂੰਨੀ ਕਾਰਪੋਰੇਸ਼ਨ ਦੇ ਕਰਮਚਾਰੀਆਂ ਨੂੰ ਪ੍ਰਾਪਤ ਪੈਨਸ਼ਨ ਦੀ ਕਮਿਊਟਡ ਰਕਮ ਧਾਰਾ 10 (10ਏ) ਦੇ ਤਹਿਤ ਪੂਰੀ ਤਰ੍ਹਾਂ ਆਮਦਨ ਕਰ ਤੋਂ ਛੋਟ ਹੈ।

*# ਸੰਪਰਕ : 96460-01023*

# ਪੰਜਾਬੀਓ ! ਡਾਲਰਾਂ ਦੀ ਚਮਕ-ਦਮਕ ’ਚ ਆਪਣੇ ਬੱਚਿਆਂ ਨੂੰ ਮੌਤ ਦੇ ਮੂੰਹ ’ਚ ਨਾ ਧੱਕੋ



ਜੰਗ ਸਿੰਘ

ਪੰਜਾਬ ਹੀ ਨਹੀਂ ਹੁਣ ਤਾਂ ਦੇਸ਼ ਦੇ ਹੋਰ ਪ੍ਰਾਂਤਾਂ ਹਰਿਆਣਾ , ਰਾਜਸਥਾਨ , ਉੱਤਰ ਪ੍ਰਦੇਸ਼ ਤੋਂ ਬਿਨਾਂ ਦੱਖਣੀ ਪ੍ਰਾਂਤਾਂ ਦੇ ਮਾਪੇ ਵੀ ਆਪਣੀਆਂ ਜ਼ਮੀਨਾਂ-ਜਾਇਦਾਦਾਂ ਵੇਚ ਕੇ ਸਿਰਫ ਡਾਲਰ ਕਮਾਉਣ ਦੇ ਲਾਲਚ ਵਿੱਚ ਧੜਾਧੜ ਆਪਣੇ ਬੱਚੇ ਅਮਰੀਕਾ, ਇੰਗਲੈਂਡ, ਆਸਟਰੇਲੀਆ, ਇਟਲੀ ਆਦਿ ਸੰਸਾਰ ਦੇ ਕਈ ਦੇਸ਼ਾਂ ਵਿੱਚ ਭੇਜਦੇ ਆ ਰਹੇ ਹਨ । ਇਕ ਸਮਾਂ ਹੁੰਦਾ ਸੀ ਕਿ ਜਦੋਂ ਦੇਸ਼ ਅਜ਼ਾਦ ਨਹੀਂ ਸੀ ਹੋਇਆ, ਉਸ ਸਮੇਂ ਵੀ ਪੰਜਾਬ ਵਿੱਚੋਂ ਖਾਸ ਕਰ ਕੇ ਦੁਆਬੇ ਦੇ ਨੌਜੁਆਨ ਜਿਨ੍ਹਾਂ ਵਿੱਚ ਕੁਝ ਉੱਚ ਪੜ੍ਹਾਈ ਕਰਨ ਲਈ ਤੇ ਬਹੁਤੇ ਰੁਜ਼ਗਾਰ ਦੀ ਖਾਤਰ ਜਾਂਦੇ ਸਨ । ਇਸ ਸਮੇਂ ਕੈਨੇਡਾ ਤਾਂ ਇਕ ਤਰ੍ਹਾਂ ਦਾ ਮਿਨੀ ਪੰਜਾਬ ਬਣ ਚੁੱਕਾ ਹੈ । ਹਰ ਸਾਲ ਲੱਖਾਂ ਦੀ ਗਿਣਤੀ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਤੋਂ ਇਲਾਵਾ ਹੋਰ ਵੀ ਪੰਜਾਬੀ ਨੌਜੁਆਨ ਚੰਗੇ ਰੁਜ਼ਗਾਰ ਦੀ ਭਾਲ ਵਿੱਚ ਆ ਰਹੇ ਹਨ । ਕੋਰੋਨਾ ਦੇ ਭਿਅੰਕਰ ਸਮੇਂ ਤੋਂ ਬਾਅਦ ਰੂਸ-ਯੂਕਰੇਨ ਦੀ ਜੰਗ ਨੇ ਦੂਸਰੇ ਦੇਸ਼ਾਂ ਦੇ ਨਾਲ ਕੈਨੇਡਾ ਵਿੱਚ ਆਉਣ ਵਾਲੇ ਵਿਦਿਆਰਥੀਆਂ ਲਈ ਕਾਫੀ ਚਿੰਤਾਜਨਕ ਸਥਿਤੀ ਬਣਾ ਦਿੱਤੀ ਹੈ । ਇਸ ਬਾਰੇ ਕੈਨੇਡਾ ਦੀ ਇਕ ਸਿੱਖ ਸੰਸਥਾ ਦੇ ਆਗੂ ਨੇ ਆਪਣੀ ਵੀਡੀਓ ਸੋਸ਼ਲ ਸਾਈਟ ’ਤੇ ਪਾ ਕੇ ਵਿਸ਼ੇਸ਼ ਕਰਕੇ ਪੰਜਾਬ ਦੇ ਮਾਪਿਆਂ ਨੂੰ ਚੁਕੰਨਿਆਂ ਕਰ ਦਿੱਤਾ ਹੈ ਕਿ ਜਿਹੜੇ ਮਾਪੇ ਆਰਥਿਕ ਪੱਖੋਂ ਕਮਜ਼ੋਰ ਹਨ, ਉਹ ਆਪਣੇ ਬੱਚਿਆਂ ਨੂੰ ਇੱਥੇ ਨਾ ਭੇਜਣ। ਉਨ੍ਹਾਂ ਨੇ ਕਿਹਾ ਹੈ ਕਿ ਪਿਛਲੇ ਕਾਫੀ ਸਮੇਂ ਤੋਂ ਬਹੁਤ ਸਾਰੀਆਂ ਚਿੰਤਾਜਨਕ ਘਟਨਾਵਾਂ ਵਾਪਰ ਰਹੀਆਂ ਹਨ । ਮਾਨਸਿਕ ਪ੍ਰੇਸ਼ਾਨੀ ਕਾਰਨ ਬੱਚੇ ਹਾਰਟ ਅਟੈਕ ਕਾਰਨ ਮੌਤ ਦੇ ਮੂੰਹ ਪੈ ਰਹੇ ਹਨ । ਉਨ੍ਹਾਂ ਦੀ ਪਰੇਸ਼ਾਨੀ ਦੇ ਨਾਲ ਜੁੜੇ ਹੋਏ ਹੋਰ ਕਾਰਨਾਂ ਬਾਰੇ ਦੱਸਦਿਆਂ ਕਿਹਾ ਹੈ ਕਿ ਕੈਨੇਡਾ ਵਿੱਚ ਮਹਿੰਗਾਈ ਵੱਡੇ ਪੱਧਰ ’ਤੇ ਵਧਣ ਕਾਰਨ ਬੇਸਮੈਂਟਾਂ ਦੇ ਕਿਰਾਏ, ਸਕੂਲੀ ਫੀਸਾਂ, ਰੋਜ਼ਾਨਾ ਖਾਣ-ਪੀਣ ਤੇ ਵਰਤੋਂ ਦੀਆਂ ਜ਼ਰੂਰੀ ਚੀਜ਼ਾਂ ਹੱਦੋਂ ਵੱਧ ਮਹਿੰਗੀਆਂ ਤਾਂ ਹੋਈਆਂ ਹਨ, ਸਭ ਤੋਂ ਮਾੜੀ ਗੱਲ ਇਹ ਹੈ ਕਿ ਰੁਜ਼ਗਾਰ ਵੱਡੇ ਪੱਧਰ ’ਤੇ ਪ੍ਰਭਾਵਤ ਹੋਣ ਨਾਲ ਪੰਜਾਬ ਤੋਂ ਆਉਣ ਵਾਲੇ ਬੱਚਿਆਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ ਤੇ ਅੱਗੋਂ ਉਨ੍ਹਾਂ ਦੇ ਖਰਚੇ ਕਾਫੀ ਵਧ ਗਏ ਹਨ । ਉਨ੍ਹਾਂ ਨੇ ਦੱਸਿਆ ਹੈ ਕਿ ਉਨ੍ਹਾਂ ਦੀ ਸੰਸਥਾ ਆਪਣੇ ਵੱਲੋਂ ਹਰ ਸੰਭਵ ਯਤਨ ਕਰ ਰਹੀ ਹੈ ਕਿ ਇਨ੍ਹਾਂ ਬੱਚਿਆਂ ਦੀ ਵੱਧ ਤੋਂ ਵੱਧ ਮਦਦ ਕੀਤੀ ਜਾਵੇ। ਉਨ੍ਹਾਂ ਨੇ ਬੜੇ ਦੁੱਖ ਨਾਲ ਘਟਨਾ ਦਾ ਵਰਨਣ ਕਰਦੇ ਕਿਹਾ ਹੈ ਕਿ ਉਨ੍ਹਾਂ ਦੇ ਧਿਆਨ ਵਿੱਚ ਇਕ ਕੇਸ ਅਜਿਹਾ ਆਇਆ ਹੈ, ਜਿਸ ਨੇ ਉਨ੍ਹਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਉਨ੍ਹਾਂ ਨੇ ਦੱਸਿਆ ਕਿ ਮੈਨੂੰ ਇਕ ਅਜਿਹਾ ਵਿਦਿਆਰਥੀ ਮਿਲਿਆ ਹੈ, ਜਿਸ ਨੇ ਇਕ ਬਰੈੱਡ ਦਾ ਪੈਕਟ ਜਿਹੜਾ ਇਕ ਆਦਮੀ ਲਈ ਇਕ ਹਫਤੇ ਲਈ ਹੀ ਬੜੀ ਮੁਸ਼ਕਲ ਨਾਲ ਢਿੱਡ ਭਰਦਾ ਹੈ । ਉਸ ਵਿਦਿਆਰਥੀ ਨੇ ਪਤਾ ਨਹੀਂ ਕਿਵੇਂ ਉਸ ਨਾਲ ਇਕ ਮਹੀਨਾ ਲੰਘਾਇਆ ਹੈ ? ਬੜਾ ਸਪੱਸ਼ਟ ਹੈ ਕਿ ਉਸ ਦੇ ਆਰਥਿਕ ਪੱਖੋਂ ਇਹ ਹਾਲਾਤ ਅਜਿਹੇ ਬਣ ਗਏ ਹੋਣਗੇ ਕਿ ਉਸ ਕੋਲ ਭੋਜਨ ਖਾਣ ਵਾਸਤੇ ਪੈਸੇ ਨਹੀਂ ਹੋਣਗੇ । ਸਿੱਖ ਸੰਸਥਾ ਦੇ ਉਸ ਆਗੂ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਨੇ ਇਹੋ ਜਿਹੇ ਕਈ ਕੇਸ ਲੱਭ ਕੇ ਉਨ੍ਹਾਂ ਨੂੰ ਰਾਸ਼ਨ ਮੁਹੱਈਆ ਕੀਤਾ ਹੈ, ਕਈ ਬੱਚੇ ਜਿਹੜੇ ਬਿਮਾਰ ਹੋ ਗਏ ਸਨ ਉਨ੍ਹਾਂ ਦਾ ਇਲਾਜ ਵੀ ਕਰਾਇਆ ਹੈ। ਕਈਆਂ ਦੀਆਂ ਗੰਭੀਰ ਬਿਮਾਰੀਆਂ ਵਿੱਚ ਉਨ੍ਹਾਂ ਦੇ ਮੈਡੀਕਲ ਬੀਮੇ ਵੀ ਕਰਵਾਏ ਹਨ ਤਾਂ ਕਿ ਉਨ੍ਹਾਂ ਦਾ ਠੀਕ ਢੰਗ ਨਾਲ ਇਲਾਜ ਹੋ ਸਕੇ । ਉਨ੍ਹਾਂ ਨੇ ਇਹ ਵੀ ਕਿਹਾ ਕਿ ਬੱਚਿਆਂ ਨੂੰ ਰੁਜ਼ਗਾਰ ਨਾ ਮਿਲਣ ਕਾਰਨ ਨਾ ਤਾਂ ਉਹ ਆਪਣੀਆਂ ਕਾਲਜਾਂ ਦੀਆਂ ਫੀਸਾਂ ਭਰ ਸਕਦੇ ਹਨ, ਨਾ ਹੀ ਉਹ ਬੇਸਮੈਂਟਾਂ ਦਾ ਕਰਾਇਆ ਦੇਣ ਦੇ ਸਮਰੱਥ ਹਨ, ਨਾ ਹੀ ਢਿੱਡ ਭਰ ਕੇ ਖਾਣ ਦੇ ਸਮਰੱਥ ਹਨ ਤੇ ਨਾ ਹੀ ਘਰ ਕੁਝ ਭੇਜ ਸਕਦੇ ਹਨ, ਜੋ ਉਹ ਇਹ ਸਭ ਕੁਝ ਕਰਨ ਦਾ ਸੋਚ ਕੇ ਵਿਦੇਸ਼ ਆਏ ਸਨ, ਪਰ ਉਹ ਅਜਿਹਾ ਨਹੀਂ ਕਰ ਰਹੇ, ਜਿਸ ਕਾਰਨ ਉਹ ਇਨ੍ਹਾਂ ਹਾਲਤਾਂ ਵਿੱਚ ਇੰਨੀ ਬੇਚੈਨੀ ਵਿੱਚ ਚਲੇ ਜਾਂਦੇ ਹਨ, ਜੋ ਉਨ੍ਹਾਂ ਦੇ ਹਾਰਟ ਅਟੈਕ ਦਾ ਕਾਰਨ ਬਣ ਰਿਹਾ ਹੈ ਤੇ ਉਹ ਮੌਤ ਦੇ ਮੂੰਹ ਪੈ ਰਹੇ ਹਨ । ਉਨ੍ਹਾਂ ਨੇ ਸਪੱਸ਼ਟ ਤੌਰ ’ਤੇ ਕਿਹਾ ਕਿ ਜਿਹੜੇ ਮਾਪੇ ਆਰਥਿਕ ਪੱਖੋਂ ਮਜ਼ਬੂਤ ਨਹੀਂ, ਉਹ ਇਨ੍ਹਾਂ ਡਾਲਰਾਂ ਦੀ ਲਿਸ਼ਕ ਵਿੱਚ ਆਪਣੇ ਬੱਚਿਆਂ ਨੂੰ ਮੌਤ ਦੇ ਮੂੰਹ ਵਿੱਚ ਨਾ ਪਾਉਣ । ਇਸ ਸੰਬੰਧ ਵਿੱਚ ਇਕ ਹੋਰ ਟੀ ਵੀ ਚੈਨਲ ਨੇ ਰਿਪੋਰਟ ਦੇ ਕੇ ਉਨ੍ਹਾਂ ਮਾਪਿਆਂ ਨੂੰ ਜਾਣੂ ਕਰਾਇਆ ਕਿ ਜਿਹੜੇ ਆਪਣੇ ਬੱਚੇ ਕੈਨੇਡਾ ਭੇਜ ਰਹੇ ਹਨ । ਉਹਨਾਂ ਕਿਹਾ ਹੈ ਕਿ ਮੌਜੂਦਾ ਜਦੋਂ ਕਿ ਕੈਨੇਡਾ ਆਰਥਿਕ ਸੰਕਟ ਵਿੱਚ ਜਕੜਿਆ ਹੋਇਆ ਰੁਜ਼ਗਾਰ ਦੇ ਵਸੀਲੇ ਬੜੇ ਸੀਮਤ ਹੋ ਗਏ ਹਨ । ਜਿਸ ਕਾਰਨ ਉਹ ਵੀ ਵਿਦਿਆਰਥੀਆਂ ਨੂੰ ਰੁਜ਼ਗਾਰ ਦੁਆਉਣ ਦੇ ਸਮਰੱਥ ਨਹੀਂ ਹਨ । ਇਸ ਲਈ ਜਿੰਨਾ ਚਿਰ ਹਾਲਾਤ ਸਾਜ਼ਗਾਰ ਨਹੀਂ ਹੁੰਦੇ, ਖਾਸ ਕਰਕੇ ਉਹ ਮਾਪੇ ਜੋ ਆਰਥਿਕ ਪੱਖੋਂ ਮਜ਼ਬੂਤ ਨਹੀਂ, ਉਹ ਸੋਚ-ਸਮਝ ਕੇ ਵਿਦਿਆਰਥੀਆਂ ਨੂੰ ਕੈਨੇਡਾ ਭੇਜਣ । ਸਿੱਖ ਸੰਸਥਾ ਦੇ ਆਗੂ ਨੇ ਇਹ ਵੀ ਦੱਸਿਆ ਕਿ ਜਦੋਂ ਰੁਜ਼ਗਾਰ ਨਹੀਂ ਮਿਲਦਾ ਤਾਂ ਉਹ ਕਈ ਪ੍ਰਕਾਰ ਦੇ ਗਲਤ ਕੰਮ ਕਰਨ ਲੱਗ ਜਾਂਦੇ ਹਨ, ਜਿਸ ਨਾਲ ਉਨ੍ਹਾਂ ਦੇ ਨਾਲ ਪੰਜਾਬ ਦਾ ਨਾਂਅ ਵੀ ਬਦਨਾਮ ਹੁੰਦਾ ਹੈ। ਮੌਜੂਦਾ ਇਨ੍ਹਾਂ ਹਾਲਤਾਂ ਨੂੰ ਭਾਂਪਦੇ ਹੋਏ ਪੰਜਾਬ ਦੇ ਕੁਝ ਨੌਜੁਆਨਾਂ ਨੇ ਆਪਣੇ ਸੂਬੇ ਵਿੱਚ ਪੰਜਾਬ ਵਿੱਚ ਹੀ ਰਹਿ ਕੇ ਛੋਟੇ-ਛੋਟੇ ਰੁਜ਼ਗਾਰ ਸ਼ੁਰੂ ਕੀਤੇ ਹਨ, ਜਿਨ੍ਹਾਂ ਨੂੰ ਪੰਜਾਬ ਦੇ ਵਾਸੀ ਭਰਪੂਰ ਸਹਿਯੋਗ ਵੀ ਦੇ ਰਹੇ ਹਨ, ਜਿਸ ਕਾਰਨ ਉਨ੍ਹਾਂ ਦੇ ਪੰਜਾਬ ਵਿੱਚ ਹੀ ਰਹਿਣ ਦੇ ਅਸਾਰ ਚੰਗੇ ਬਣ ਰਹੇ ਹਨ। ਪੰਜਾਬ ਦੀ ਭਗਵੰਤ ਸਿੰਘ ਮਾਨ ਦੀ ਸਰਕਾਰ ਨੂੰ ਇਸ ਵੱਲ ਥੋੜ੍ਹਾ ਜਿਹਾ ਹੋਰ ਧਿਆਨ ਦੇਣ ਦੀ ਜ਼ਰੂਰਤ ਹੈ। ਉਨ੍ਹਾਂ ਨੇ ਸਰਕਾਰ ਬਣਨ ਵੇਲੇ ਪੰਜਾਬ ਦੇ ਨੌਜੁਆਨਾਂ ਨੂੰ ਕਿਹਾ ਸੀ ਕਿ ਉਨਾਂ ਨੂੰ ਵਿਦੇਸ਼ ਜਾਣ ਨਹੀਂ ਦਿੱਤਾ ਜਾਵੇਗਾ। ਉਨਾਂ ਨੂੰ ਪੰਜਾਬ ਵਿੱਚ ਹੀ ਰੁਜ਼ਗਾਰ ਦੇ ਚੰਗੇ ਮੌਕੇ ਪ੍ਰਦਾਨ ਕੀਤੇ ਜਾਣਗੇ।

ਇਸੇ ਪੰਜਾਬ ਨੂੰ ਰੰਗਲਾ ਬਣਾਇਆ ਜਾਵੇਗਾ । ਇਸ ਲਈ ਉਨ੍ਹਾਂ ਨੂੰ ਚਾਹੀਦਾ ਹੈ ਕਿ ਨੌਜੁਆਨਾਂ ਨੂੰ ਬਾਹਰ ਜਾਣ ਤੋਂ ਰੋਕਣ ਲਈ ਸਭ ਤੋਂ ਵਧੀਆ ਸਮਾਂ ਹੈ । ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਨੌਜੁਆਨਾਂ ਨੂੰ ਪੰਜਾਬ ਵਿੱਚ ਰੁਜ਼ਗਾਰ ਦੇਣ ਲਈ ਆਰਥਿਕ ਤੌਰ ’ਤੇ ਦਿੱਲ ਖੋਲ੍ਹ ਕੇ ਮਦਦ ਕਰਨ ਤਾਂ ਕਿ ਉਹ ਪੰਜਾਬ ਵਿੱਚ ਹੀ ਛੋਟੇ-ਮੋਟੇ ਕਾਰੋਬਾਰ ਕਰਕੇ ਆਪਣਾ ਰੁਜ਼ਗਾਰ ਸਥਾਪਤ ਕਰ ਸਕਣ ਤੇ ਉਹ ਵਿਦੇਸ਼ਾਂ ਵਿੱਚ ਜਾਣ ਬਾਰੇ ਉੱਕਾ ਹੀ ਨਾ ਸੋਚਣ।

*# ਸੰਪਰਕ: +1 415 603 7380*

# ਆਮ ਇਨਸਾਨ ਦੀ ਮਿਹਨਤ ’ਤੇ ਲਗਦਾ ਟੈਕਸ



ਵਿੱਕੀ ਸੁਰਖਾਬ

ਜ਼ਿਦਗੀ ਜਿਉਣ ਲਈ ਜ਼ਰੂਰੀ ਹੈ ਦੁਨੀਆ ’ਚ ਵਿਚਰਨਾ । ਦੁਨੀਆਂਦਾਰੀ ਇਨਸਾਨ ਨੂੰ ਬਹੁਤ ਕੁਝ ਸਿਖਾਉਣ ਲਈ ਨਿੱਤ ਨਵੇਂ ਸਬਕ ਖੋਲ੍ਹ ਕੇ ਰੱਖਦੀ ਹੈ। ਮਨੁੱਖ ਉਹ ਸਬਕ ਕਿਸੇ ਨਾ ਕਿਸੇ ਰੂਪ ਵਿੱਚ ਸਿੱਖਦਾ ਵੀ ਹੈ। ਮਾੜਾ ਵਕਤ ਇਨਸਾਨ ਨੂੰ ਸਬਕ ਦੇ ਰੂਪ ਵਿਚ ਮਿਲਦਾ ਹੈ । ਇੱਕ ਆਮ ਇਨਸਾਨ ਜਨਮ ਤੋਂ ਲੈ ਕੇ ਮੌਤ ਤੱਕ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਹੱਥ-ਪੈਰ ਮਾਰਦਾ ਖੁਦ ਮਰ ਜਾਂਦਾ ਹੈ, ਪਰ ਉਹਦੇ ਸੁਪਨਿਆਂ ਨੂੰ ਪਰ ਨਹੀਂ ਲੱਗਦੇ । ਮਿੱਟੀ ਨਾਲ ਮਿੱਟੀ ਹੋ ਕੇ ਮਿੱਟੀ ਵੀ ਨਹੀਂ ਜੁੜਦੀ। ਆਮ ਇਨਸਾਨ ਲਈ ਸੁਪਨੇ ਪੂਰੇ ਕਰਨੇ ਮਿਸ਼ਨ ਮੰਗਲ ਪੂਰਾ ਹੋਣ ਦੇ ਬਰਾਬਰ ਹਨ। ਕਿਸੇ ਆਮ ਆਦਮੀ ਦੇ ਸੁਪਨੇ ਪੂਰੇ ਹੋਣ ਦੀ ਖੁਸ਼ੀ ਉਸ ਦੇ ਚਿਹਰੇ ਤੋਂ ਬੜੀ ਆਸਾਨੀ ਨਾਲ ਵੇਖੀ ਜਾ ਸਕਦੀ ਹੈ, ਪਰ ਸਵਾਲ ਖੜਾ ਹੁੰਦਾ ਹੈ ਕਿ ਆਖਰ ਕਦੋਂ ਤੱਕ। ਕਦੋਂ ਉਹ ਇਨਸਾਨ ਜੋ ਰਾਤਾਂ ਜਾਗ ਕੇ ਸਿਖਰ ਦੁਪਹਿਰੇ ਕੱਟ ਕੇ ਹੱਡ ਤੋੜਵੀਂ ਮਿਹਨਤ ਕਰਦਾ ਹੈ, ਉਸ ਨੂੰ ਉਸਦੀ ਮਿਹਨਤ ਦਾ ਫਲ ਮਿਲੇਗਾ। ਇੱਕ ਮਜ਼ਦੂਰ ਜਦੋਂ ਸ਼ਹਿਰ ਦੇ ਚੌਕ ਵਿੱਚ ਖੜਾ ਹੋ ਕੇ ਆਪਣੇ ਹੱਕ ਦੀ ਮਿਹਨਤ ਤਹਿ ਕਰਦਾ ਹੈ ਤਾਂ ਅਸੀਂ ਉਸ ਉੱਤੇ ਕਿੰਤੂ-ਪ੍ਰੰਤੂ ਜ਼ਰੂਰ ਕਰਦੇ ਹਾਂ। ਇਹ ਨਹੀਂ ਸੋਚਦੇ ਕਿ ਉਸ ਨੇ ਇਹ ਪੈਸੇ ਪੂਰੇ ਦਿਨ ਦੀ ਸਖਤ ਮਿਹਨਤ ਤੋਂ ਬਾਅਦ ਲੈਣੇ ਨੇ ਤੇ ਘਰ ਤੱਕ ਜਾਂਦੇ ਘਰ ਦੇ ਹਰ ਇੱਕ ਜੀਅ ਦਾ ਖਿਆਲ ਰੱਖਣਾ ਹੈ। ਇੱਥੋਂ ਹੀ ਉਸ ਦੀਆਂ ਤੇ ਉਸ ਦੇ ਪਰਵਾਰ ਦੀਆਂ ਰੀਝਾਂ ਪੂਰੀਆਂ ਹੋਣੀਆਂ ਹਨ। ਇਹ ਸਥਿਤੀ ਹਰ ਮੁਲਕ ਦੀ ਨਹੀਂ ਹੈ। ਕੁਝ ਮੁਲਕ ਅਜੇ ਵੀ ਇਸ ਸੰਕਟ ’ਚੋਂ ਬਾਹਰ ਨਹੀਂ ਆ ਸਕੇ । ਇਹ ਗੱਲ ਮੇਰੇ ਭਾਰਤ ਮਹਾਨ ਨਾਲ ਵੀ ਮਿਲਦੀ ਹੈ , ਜਿੱਥੇ ਇਕ ਆਮ ਮਨੁੱਖ ਦੀ ਜ਼ਿੰਦਗੀ ਨਰਕ ਬਣ ਕੇ ਰਹਿ ਜਾਂਦੀ ਹੈ । ਕੋਈ ਸਰਕਾਰ ਉਸ ਦੀ ਬਾਂਹ ਫੜਨ ਲਈ ਨਹੀਂ ਆਉਂਦੀ । ਇੱਕ ਫੇਰੀ ਜ਼ਰੂਰ ਵੱਜਦੀ ਪੰਜ ਸਾਲ ਬਾਅਦ । ਉਸ ਤੋਂ ਬਾਅਦ ਫੇਰ ਉਹ ਹੀ ਲਾਰੇ ਲੱਪੇ ਵਿਚ ਵਕਤ ਲੰਘਾਉਂਦੇ । ਸਾਡੇ ਭਾਰਤ ਦੇਸ਼ ਵਿੱਚ ਇੱਕ ਗੱਲ ਹੈਰਾਨ ਕਰਨ ਵਾਲੀ ਹੈ ਕਿ ਹਰ ਇੱਕ ਆਦਮੀ ਆਪਣੀ ਰੋਜ਼ੀ-ਰੋਟੀ ਲਈ ਕਮਾਉਂਦਾ ਹੈ । ਮਜ਼ਦੂਰ ਵਰਗ ਅਤੇ ਮਿਡਲ ਕਲਾਸ ਲੋਕ ਸੰਘਰਸ਼ ਕਰਦੇ ਵੇਖੇ ਗਏ ਹਨ। ਸਾਡੇ ਦੇਸ਼ ਵਿੱਚ ਹਰ ਇੱਕ ਵਿਅਕਤੀ ਜੋ ਵੀ ਵਸਤੂ ਖਰੀਦ ਕਰਦਾ ਹੈ, ਉਹ ਉਸ ਉੱਤੇ ਆਪਣਾ ਫਰਜ਼ ਸਮਝਦੇ ਹੋਏ ਟੈਕਸ ਕਟਵਾਉਂਦਾ ਹੈ। ਛੋਟੀ ਤੋਂ ਛੋਟੀ ਚੀਜ਼ ਵੀ ਉਸ ਨੂੰ ਟੈਕਸ ਲੱਗ ਕੇ ਮਿਲਦੀ ਹੈ ਤੇ ਉਹ ਉਸ ਉੱਤੇ ਕਦੇ ਵੀ ਕਿੰਤੂ-ਪ੍ਰੰਤੂ ਨਹੀਂ ਕਰਦਾ, ਚੁੱਪ-ਚਾਪ ਆਪਣਾ ਬਣਦਾ ਟੈਕਸ ਸਰਕਾਰ ਦੀ ਝੋਲੀ ਪਾਉਂਦਾ ਹੈ ਅਤੇ ਇਹ ਸੋਚ ਕੇ ਸ਼ਾਇਦ ਮੈਨੂੰ ਕੋਈ ਇਸ ਦਾ ਲਾਭ ਮਿਲੇ , ਪ੍ਰੰਤੂ ਹਰ ਵਾਰ ਉਸ ਦੇ ਪੱਲੇ ਨਿਰਾਸ਼ਾ ਪੈਂਦੀ।

ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਟੈਕਸ ਹਰ ਇੱਕ ਮੁਲਕ ਵਸੂਲਦਾ ਹੈ। ਇਹ ਇਕੱਲੇ ਭਾਰਤ ਵਿਚ ਹੀ ਨਹੀਂ ਵਸੂਲਿਆ ਜਾਂਦਾ, ਪਰ ਕੀ ਸਾਨੂੰ ਭਾਰਤ ਵਿੱਚ ਰਹਿ ਕੇ ਇੱਕ-ਇੱਕ ਚੀਜ਼ ’ਤੇ ਟੈਕਸ ਦੇ ਕੇ ਉਹ ਸਭ ਸਹੂਲਤਾਂ ਮੁਹੱਈਆ ਹੋ ਰਹੀਆਂ ਹਨ, ਜੋ ਬਾਕੀ ਦੇਸ਼ਾਂ ਵਿੱਚ ਹਨ । ਇੱਥੇ ਹਰ ਭਾਰਤੀ ਦਾ ਜਵਾਬ ਹੋਵੇਗਾ ਨਹੀਂ।

ਏਨੇ ਸਾਰੇ ਟੈਕਸ ਲਾਉਣ ਤੋਂ ਬਾਅਦ ਸਾਨੂੰ ਮਿਲਦਾ ਕੀ ਧੱਕੇ ਅਤੇ ਨਿਰਾਸ਼ਾ। ਨਾ ਸਾਨੂੰ ਵਿੱਦਿਆ ਦੇ ਖੇਤਰ ਵਿੱਚ ਕੋਈ ਲਾਭ ਦਿੱਤਾ ਜਾਂਦਾ, ਨਾ ਹੀ ਕੋਈ ਮੈਡੀਕਲ ਸਹੂਲਤਾਂ। ਹਰ ਚੀਜ਼ ’ਤੇ ਟੈਕਸ ਕਟਵਾਉਣ ਤੋਂ ਬਾਅਦ ਜੇ ਵਿਅਕਤੀ ਵਿੱਦਿਆ ਤੋਂ ਅਤੇ ਸਿਹਤ ਸਹੂਲਤਾਂ ਤੋਂ ਸਾਂਝਾ ਹੀ ਮਰ ਜਾਵੇ ਤਾਂ ਉਹ ਮੇਰੇ ਹਿਸਾਬ ਨਾਲ ਜਾਣ-ਬੁੱਝ ਕੇ ਕੀਤੇ ਕਤਲ ਬਰਾਬਰ ਹੈ। ਅਫਸੋਸ ਕਿ ਸਾਡੀਆਂ ਅਦਾਲਤਾਂ ਵੀ ਇਸ ਵਿਚ ਦਖਲ ਨਹੀਂ ਦਿੰਦੀਆਂ ਕਿ ਇਨਸਾਨ ਨੂੰ ਉਸ ਦੀ ਮਿਹਨਤ ਦੀ ਕਮਾਈ ਵਿੱਚੋਂ ਵੀ ਟੈਕਸ ਲਗਾ ਕੇ ਫੇਰ ਉਸ ਨੂੰ ਖੱਜਲ-ਖੁਆਰੀ ਕਰਨਾ ਤਾਂ ਫੇਰ ਕਿਉਂ ਉਹ ਟੈਕਸ ਭਰ ਰਿਹਾ। ਜੇ ਉਸ ਨੂੰ ਕੋਈ ਸਹੂਲਤ ਨਹੀਂ ਤਾਂ ਟੈਕਸ ਕਿਸ ਗੱਲ ਦਾ ਕੀ ਜੋਅਸੀਂ ਟੈਕਸ ਦੇ ਰਹੇ ਹਾਂ, ਉਹ ਸਿਰਫ ਮੰਤਰੀਆਂ ਦੀ ਐਸ਼ੋ-ਆਰਾਮ ਲਈ ਹਨ ਜਾਂ ਫੇਰ ਹਥਿਆਰਾਂ ਦੇ ਭੰਡਾਰ ਭਰਨ ਲਈ, ਆਮ ਇਨਸਾਨ ਨੂੰ ਉਸ ਚੀਜ਼ ਨਾਲ ਕੋਈ ਮਤਲਬ ਨਹੀਂ ਕਿ ਉਸ ਦੇ ਦੇਸ਼ ਕੋਲ ਕਿੰਨੇ ਹਥਿਆਰ ਹਨ। ਕਿੰਨੇ ਫਾਇਟਰ ਪਲੇਨ ਹਨ, ਕਿੰਨੇ ਪ੍ਰਕਾਰ ਦੇ ਟੈਂਕ-ਤੋਪਾਂ ਹਨ। ਕਿੰਨੀ ਸੰਖਿਆ ਵਿਚ ਥਲ ਸੈਨਾ ਹੈ ਕਿੰਨੀ ਜਲ ਸੈਨਾ ਹੈਂ ਤੇ ਕਿੰਨੀ ਹਵਾਈ। ਉਸ ਨੂੰ ਕੋਈ ਫਰਕ ਨਹੀਂ ਪੈਂਦਾ ਇਹ ਸਭ ਜਾਣਕਾਰੀ ਰੱਖ ਕੇ। ਫਰਕ ਪੈਂਦਾ ਹੈ ਤਾਂ ਉਸ ਨੂੰ ਜਦੋਂ ਉਹ ਖਾਲੀ ਹੱਥ ਘਰ ਜਾਂਦਾ । ਫਰਕ ਪੈਂਦਾ ਹੈ ਜਦੋਂ ਵਧਦੇ ਟੈਕਸ ਤੇ ਮਹਿੰਗਾਈ ਕਾਰਨ ਘਰ ਦਾ ਪੂਰਾ ਸੌਦਾ ਨਹੀਂ ਲੈ ਸਕਦਾ। ਫਰਕ ਪੈਂਦਾ ਹੈ ਜਦੋਂ ਬੱਚਿਆਂ ਦੀਆਂ ਖਵਾਹਿਸ਼ਾਂ ਪੂਰੀਆਂ ਨਹੀਂ ਹੁੰਦੀਆਂ। ਕੋਈ ਚੱਜ ਦੇ ਸਰਕਾਰੀ ਸਕੂਲ ਨਹੀਂ ਬਣ ਰਹੇ । ਸਿਰਫ ਦੋ-ਚਾਰ ਲੀਟਰ ਕੰਧਾਂ ਨੂੰ ਰੰਗ ਕਰ ਦੇਣ ਨਾਲ ਸਮਾਰਟ ਸਕੂਲ ਨਹੀਂ ਬਣ ਸਕਦੇ। ਚੱਜ ਦੇ ਸਰਕਾਰੀ ਹਸਪਤਾਲ ਨਹੀਂ । ਡਾਕਟਰਾਂ ਦਾ ਪੂਰਾ ਅਮਲਾਂ ਨਹੀਂ, ਸਰਕਾਰੀ ਹਸਪਤਾਲ ਆਪਣਾ ਵਿਸ਼ਵਾਸ ਗਵਾ ਚੁੱਕੇ ਹਨ, ਲੋਕ ਜਾਣ ਲਈ ਤਿਆਰ ਨਹੀਂ। ਆਖਰ ਕਮੀ ਕਿੱਥੇ ਹੈ। ਸਿਸਟਮ ਨੂੰ ਅੱਪਗ੍ਰੇਡ ਕਰਨ ਦੀ ਜ਼ਿੰਮੇਵਾਰੀ ਸਰਕਾਰਾਂ ਦੀ ਹੁੰਦੀ ਹੈ, ਜੋ ਲੋਕਾਂ ਦੁਆਰਾ ਹੀ ਚੁਣੀ ਹੁੰਦੀ ਹੈ। ਅਸੀਂ ਹਰ ਵਾਰ ਵੋਟਾਂ ਪਾ ਕੇ ਆਪਣੇ ਪੈਰਾਂ ’ਤੇ ਆਪ ਕੁਹਾੜਾ ਮਾਰ ਲੈਂਦੇ ਹਾਂ। ਬਿਨਾਂ ਵਜ੍ਹਾ ਅਰਬਾਂ ਰੁਪਏ ਜੋ ਸਾਡੀ ਖਰੀਦੀ ਇੱਕ-ਇੱਕ ਚੀਜ਼ ਇਕੱਠਾ ਹੁੰਦਾ ਹੈ ਤੇ ਖਰਚਣ ਵੇਲੇ ਕੋਈ ਸੋਚ ਨਹੀਂ ਹੁੰਦੀ। ਐਸੀਆਂ ਬਹੁਤ ਸਾਰੀਆਂ ਉਦਾਹਰਣਾਂ ਹਨ, ਜਿਨ੍ਹਾਂ ’ਤੇ ਫਾਲਤੂ ਪੈਸਾ ਬਰਬਾਦ ਹੋਇਆ। ਸਰਕਾਰਾਂ ਨੂੰ ਧਿਆਨ ਤਾਂ ਇਸ ਗੱਲ ਵੱਲ ਦੇਣਾ ਚਾਹੀਦਾ ਹੈ ਕਿ ਜੋ ਦੇਸ਼ ਦੇ ਲੋਕਾਂ ਦੀ ਲੋਕਤੰਤਰੀ ਤਾਕਤ ਵੋਟਾਂ ਅਤੇ ਟੈਕਸ ਦੇ ਰੂਪ ਵਿੱਚ ਜੋ ਸਰਕਾਰਾਂ ਕੋਲ ਪਹੁੰਚਦੀ ਹੈ, ਉਸ ਦਾ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਇਸਤੇਮਾਲ ਕਰੇ। ਉਹ ਕਿਸੇ ਨਾ ਕਿਸੇ ਤਰ੍ਹਾਂ ਤਰੀਕੇ ਉਲੀਕ ਕੇ ਸਪੱਸ਼ਟ ਰੂਪ ਵਿੱਚ ਲੋਕਾਂ ਨੂੰ ਸਹੂਲਤਾਂ ਦੇ ਰੂਪ ਵਿੱਚ ਟੈਕਸ ਵਾਪਸ ਕਰੇ।

ਭਾਰਤ ਇੱਕ ਲੋਕਤੰਤਰੀ ਢਾਂਚੇ ਦਾ ਦੇਸ਼ ਹੈ। ਜਿੱਥੇ ਲੋਕਾਂ ਦੀ, ਲੋਕਾਂ ਦੁਆਰਾ, ਲੋਕਾਂ ਲਈ ਸੰਵਿਧਾਨ ਦਾ ਨਾਅਰਾ ਹੈ। ਇੱਥੇ ਇਸ ਨਾਅਰੇ ਦਾ ਮਤਲਬ ਦਾ ਸਾਫ ਪਤਾ ਲਗਦਾ ਹੈ, ਪਰ ਸਰਕਾਰ ਬਣ ਜਾਣ ਤੋਂ ਬਾਅਦ ’ਚ ਸਰਕਾਰ ’ਚ ਲੋਕਾਂ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ। ਲੋਕਾਂ ਦੁਆਰਾ ਬਣੀ ਸਰਕਾਰ ਦੀ ਲੋਕਤੰਤਰੀ ਪ੍ਰਣਾਲੀ ਲੋਕਾਂ ਤੋਂ ਕੋਹਾਂ ਦੂਰ ਕੰਮ ਕਰਦੀ ਹੈ। ਇਹ ਨਹੀਂ ਕਿ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਦੀ ਲੋੜ ਹੈ, ਦੇਸ਼ ਦੀ ਆਰਥਿਕ ਸਥਿਤੀ ਮਜ਼ਬੂਤ ਹੈ ਤਾਂ ਹੀ ਤਾਂ ਸੈਂਕੜੇ ਫੁੱਟ ਉੱਚੀਆਂ ਬੇਜ਼ੁਬਾਨ ਮੂਰਤੀਆਂ ਬਣ ਗਈਆਂ ਹਨ, ਪਰ ਜੋ ਅਸੀਂ ਪੰਜ ਸਾਲ ਚੀਕ ਕੇ ਕੱਢ ਦਿੰਦੇ ਹਾਂ, ਉਹਨਾਂ ਦੀਆਂ ਚੀਕਾਂ ਸੁਣਾਈ ਨਹੀਂ ਦਿੰਦੀਆਂ। ਜਿੱਥੇ ਸਰਕਾਰਾਂ ਬੋਲੀਆਂ ਹੋਣ, ਸਿਸਟਮ ਗੂੰਗਾ ਤੇ ਕਾਨੂੰਨ ਅੰਨ੍ਹਾ ਹੋਵੇ, ਉਸ ਮੁਲਕ ਦਾ ਰੱਬ ਹੀ ਰਾਖਾ ਹੈ।

ਜੇ ਭਾਰਤ ਵਿਕਾਸਸ਼ੀਲ ਦੇਸ਼ਾਂ ਦੀ ਕਤਾਰ ਵਿੱਚ ਖੜਾ ਹੈ ਤਾਂ ਭਾਰਤੀ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਜਨਤਾ ਨੂੰ ਸਹੂਲਤਾਂ ਵੀ ਵਿਕਸਿਤ ਦੇਸ਼ਾਂ ਵਾਲੀਆਂ ਦੇਣ ਤਾਂ ਕਿ ਹਰ ਕੋਈ ਇਹ ਮੰਨ ਸਕੇ ਕਿ ਅੱਜ ਭਾਰਤ ਸਹੀ ਅਰਥਾਂ ਵਿਚ ਵਿਕਾਸਸ਼ੀਲ ਦੇਸ਼ ਹੈ। ਸੁਝਾਅ ਦੇ ਤੌਰ ’ਤੇ ਭਾਰਤ ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਬਾਹਰਲੇ ਮੁਲਕਾਂ ਵਾਂਗ ਬੱਚਾ ਪੈਦਾ ਹੋਣ ਤੋਂ ਲੈ ਕੇ 18 ਸਾਲ ਤੱਕ ਦਾ ਸਾਰਾ ਖਰਚ ਸਰਕਾਰ ਚੁੱਕੇ । ਜਵਾਨ ਹੋਣ ’ਤੇ ਨੌਕਰੀਆਂ ਦਾ ਪ੍ਰਬੰਧ ਕਰੇ ਤਾਂ ਜੋ ਨੌਜਵਾਨ ਨਸ਼ੇੜੀ ਜਾ ਅਪਰਾਧਿਕ ਨਾ ਬਣ ਸਕਣ। ਬੁਢਾਪੇ ਵਿਚ ਹਰ ਇੱਕ ਇਨਸਾਨ ਦੀ ਪੈਨਸਨ ਲਾਜ਼ਮੀ ਹੋਵੇ ਤਾਂ ਜੋ ਕੋਈ ਵਿਅਕਤੀ ਬੁਢਾਪੇ ਵਿੱਚ ਨਾ ਰੁਲੇ, ਨਾ ਹੀ ਕਿਸੇ ਸਹਾਰੇ ਜੀਣ ਦੀ ਆਸ ਰੱਖੇ। ਹਰ ਇੱਕ ਵਿਅਕਤੀ ਦਾ ਬੀਮਾ ਸਰਕਾਰ ਵੱਲੋਂ ਲਾਜ਼ਮੀ ਕੀਤਾ ਜਾਣਾ ਚਾਹੀਦਾ ਹੈ। ਜਨਮ ਤੋਂ ਲੈ ਕੇ ਮੌਤ ਤੱਕ ਮੈਡੀਕਲ ਸਹੂਲਤਾਂ ਬਿਲਕੁਲ ਫ੍ਰੀ ਦਿੱਤੀਆਂ ਜਾਣ। ਵਿੱਦਿਅਕ ਅਦਾਰਿਆਂ ਵਿੱਚ ਸਿੱਖਿਆ ਫ੍ਰੀ ਕੀਤੀ ਜਾਵੇ, ਨਾ ਕਿ ਆਟਾ-ਦਾਲ ਸਕੀਮ ਲਿਆ ਕੇ ਲੋਕਾਂ ਨੂੰ ਭਰਮਾਉਣਾ ਪਹਿਲ ਹੋਵੇ। ਜਨਤਾ ਨੂੰ ਮੰਗਤੇ ਨਾ ਬਣਾਓ, ਆਤਮ-ਨਿਰਭਰ ਬਣਾਓ ਤਾਂ ਕਿ ਉਹ ਆਪ ਕਮਾ ਕੇ ਖਾ ਸਕਣ। ਜੇ ਸਰਕਾਰਾਂ ਇਹ ਸੋਚਦੀਆਂ ਹਨ ਕਿ ਉੱਚੀਆਂ ਇਮਾਰਤਾਂ ਤੇ ਚੰਦਰਮਾ ’ਤੇ ਜਾਣਾ ਤਰੱਕੀ ਹੈ ਤਾਂ ਯਾਦ ਰਹੇ ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਤੇ ਅਪਰਾਧ ਦੀਆਂ ਇਮਾਰਤਾਂ ਦੀ ਇੱਕ ਮੰਜ਼ਲ ਹਰ ਰੋਜ਼ ਵਧ ਰਹੀ ਹੈ, ਜਿਹੜੀ ਵਿਕਾਸ ਦੀਆਂ ਇਮਾਰਤਾਂ ਤੋਂ ਬਹੁਤ ਉਪਰ ਚਲੀ ਜਾਵੇਗੀ, ਜਿੱਥੇ ਪਹੁੰਚਣ ਲਈ ਕੋਈ ਪੌੜੀ ਜਾਂ ਲਿਫਟ ਕੰਮ ਨਹੀਂ ਆਉਣੀ।

ਆਮ ਇਨਸਾਨ ਨੂੰ ਉਸ ਦੇ ਬਣਦੇ ਹੱਕ ਦਿੱਤੇ ਜਾਣ, ਜਿਸ ਖਾਤਰ ਉਸ ਨੇ ਆਪਣੇ ਬਣਦੇ ਪੈਸੇ ਟੈਕਸ ਦੇ ਰੂਪ ਵਿਚ ਸਰਕਾਰ ਨੂੰ ਦਿੱਤੇ ਹਨ । ਜੇ ਨਹੀਂ ਤਾਂ ਫੇਰ ਆਖਰ ਕਿਸ ਲਈ ਗਰੀਬ ਦਾ ਗਲ ਘੁੱਟਿਆ ਜਾ ਰਿਹਾ । ਮੇਰੀ ਤਾਂ ਸਮਝ ਤੋਂ ਬਾਹਰ ਹੈ। ਸ਼ਾਇਦ ਇਸ ਬਾਰੇ ਸਰਕਾਰਾਂ ਨੂੰ ਕਦੇ ਖਿਆਲ ਨਹੀਂ ਆਉਣਾ। ਪਰਮਾਤਮਾ ਕਰੇ ਸਾਡੀਆਂ ਸਰਕਾਰਾਂ ਦੇ ਮਨਾਂ ਵਿਚ ਆਮ ਇਨਸਾਨ ਵਾਸਤੇ ਦਇਆ ਆਵੇ । ਜੋ ਵੀ ਉਹ ਆਪਣੀ ਮਿਹਨਤ ਤੇ ਟੈਕਸ ਦੇ ਰਿਹਾ, ਉਸ ਦੇ ਬਦਲੇ ਉਸ ਨੂੰ ਸੁੱਖ-ਸਹੂਲਤਾਂ ਪ੍ਰਾਪਤ ਹੋਣ।

*# ਸੰਪਰਕ : 84274-57224*

CMYK

# ਤਿੰਨ ਕਿਸਾਨ ਜਥੇਬੰਦੀਆਂ ਨੇ ਅਮਿਤ ਸ਼ਾਹ ਦੇ ਫੂਕੇ ਪੁਤਲੇ


ਮੋਗਾ


ਸਮਾਣਾ

**ਮੋਗਾ (ਅਮਰਜੀਤ ਬੱਬਰੀ)**

ਪੰਜਾਬ ਦੀਆਂ ਤਿੰਨ ਕਿਸਾਨ ਜਥੇਬੰਦੀਆਂ (ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ, ਭਾਰਤੀ ਕਿਸਾਨ ਯੂਨੀਅਨ ਬਰਹਮਕੇ, ਆਜ਼ਾਦ ਕਿਸਾਨ ਕਮੇਟੀ ਦੁਆਬਾ) ਵੱਲੋਂ ਅਮਿਤ ਸ਼ਾਹ ਦੀ ਗੁਰਦਾਸਪੁਰ ਰੈਲੀ ਦਾ ਜ਼ਬਰਦਸਤ ਵਿਰੋਧ ਕੀਤਾ ਗਿਆ। ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਸੂਬਾ ਮੀਤ ਪ੍ਰਧਾਨ ਗੁਰਦੀਪ ਸਿੰਘ ਨੇ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਗੁਰਦਸਪੁਰ ਤੇ ਅਮ੍ਰਿਤਸਰ ਦੀਆਂ ਕਮੇਟੀਆਂ ਅਮਿਤ ਸ਼ਾਹ ਨੂੰ ਕਾਲੇ ਝੰਡੇ ਦਿਖਾਉਣਗੀਆਂ ਤੇ ਬਾਕੀ ਸਾਰੇ ਜ਼ਿਲ੍ਹਿਆਂ ਦੀਆਂ ਪਿੰਡ ਕਮੇਟੀਆਂ ਅਮਿਤ ਸ਼ਾਹ ਦੀਆਂ ਅਰਥੀਆਂ ਸਾੜਨਗੀਆਂ। ਇਹ ਰੋਸ ਵਿਖਾਵੇ ਇਸ ਲਈ ਕੀਤੇ ਜਾ ਰਹੇ ਹਨ ਕਿ ਕੇਂਦਰ ਸਰਕਾਰ ਨੇ ਕਿਸਾਨੀ ਮੰਗਾਂ ਦਾ ਨਿਪਟਾਰਾ ਨਹੀਂ ਕੀਤਾ। ਪਹਿਲਵਾਨ ਔਰਤਾਂ ਨਾਲ ਜਿਨਸੀ ਸ਼ੋਸ਼ਣ ਕਰਨ ਵਾਲੇ ਦੋਸ਼ੀ ਬ੍ਰਿਜ ਭੂਸ਼ਨ ਸਰਨ ਸਿੰਘ ਨੂੰ ਸਾਰੇ ਅਹੁਦਿਆਂ ਤੋਂ ਖਾਰਜ ਕਰਕੇ ਗ੍ਰਿਫਤਾਰ ਨਹੀਂ ਕੀਤਾ। ਨੀਲਾ ਸਾਕਾ ਅਪ੍ਰੇਸ਼ਨ ਬਾਰੇ ਕੇਂਦਰ ਸਰਕਾਰ ਨੇ ਮਾਫੀ ਨਹੀਂ ਮੰਗੀ। ਜੇਲ੍ਹਾਂ ਵਿੱਚ ਬੰਦ ਬੰਦੀ ਸਿੰਘ, ਜੋ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਰਿਹਾਅ ਨਹੀਂ ਕੀਤੇ। ਕੇਂਦਰ ਸਰਕਾਰ ਨੇ ਫਸਲਾਂ ਉਤੇ ਐੱਮ ਐੱਸ ਪੀ ਦੀ ਗਰੰਟੀ ਨਹੀਂ ਦਿੱਤੀ। ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਨਹੀਂ ਦਿੱਤੇ। ਪੰਜਾਬ ਦੇ ਪਾਣੀਆਂ ਦਾ ਨਿਪਟਾਰਾ ਰਿਪੇਰੀਅਨ ਲਾਅ ਮੁਤਾਬਕ ਨਹੀਂ ਕਰਦੇ। ਦਿੱਲੀ ਅੰਦੋਲਨ ਦੇ ਪੁਲਸ ਕੇਸ ਖਾਰਜ ਨਹੀਂ ਕੀਤੇ। ਲਖੀਮਪੁਰ ਖੀਰੀ ਦੇ ਸ਼ਹੀਦਾਂ ਨੂੰ ਇਨਸਾਫ ਨਹੀਂ ਦਿੱਤਾ ਆਦਿ ਮਸਲੇ ਹਾਲੇ ਜਿਉਂ ਦੇ ਤਿਉਂ ਖੜੇ ਹਨ। ਜ਼ਿਲ੍ਹਾ ਮੋਗਾ ਦੇ ਬਲਾਕ ਬਾਘਾ ਪੁਰਾਣਾ ਦੇ ਸਕੱਤਰ ਅਮਨਾ ਲੰਬੜਦਾਰ ਤੇ ਜ਼ਿਲ੍ਹਾ ਪ੍ਰਧਾਨ ਲਾਭ ਸਿੰਘ ਰੋਡੇ ਨੇ ਦੱਸਿਆ ਕਿ ਪਿੰਡ ਰੋਡੇ, ਮਾਹਲਾ ਕਲਾ, ਵੈਰੋਕੇ, ਲਧਾਈ ਕੇ, ਮੌੜ ਨੌ ਆਬਾਦ ਆਦਿ ਪਿੰਡਾਂ ਵਿੱਚ ਅਮਿਤ ਸ਼ਾਹ ਦੀਆਂ ਅਰਥੀਆਂ ਸਾੜੀਆਂ ਗਈਆਂ।

**ਸਮਾਣਾ (ਇਕਬਾਲ ਸਿੰਘ ਬੱਲ)**-ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਸੱਦੇ 'ਤੇ ਅੱਜ ਪੂਰੇ ਪੰਜਾਬ ਵਿੱਚ ਅਮਿਤ ਸ਼ਾਹ ਦੇ ਪੰਜਾਬ ਆਉਣ ਦੇ ਵਿਰੋਧ ਵਿੱਚ ਕਿਸਾਨ ਜਥੇਬੰਦੀਆਂ ਵੱਲੋਂ ਅਮਿਤ ਸ਼ਾਹ ਦੇ ਪੁਤਲੇ ਸਾੜੇ ਗਏ। ਸਮਾਣਾ ਬਲਾਕ ਦੇ ਪ੍ਰਧਾਨ ਗੁਰਨਾਮ ਸਿੰਘ ਢੈਂਠਲ ਦੀ ਅਗਵਾਈ ਹੇਠ ਸਮਾਣਾ ਬਲਾਕ ਦੇ ਕਈ ਪਿੰਡਾਂ ਵਿੱਚ ਅਮਿਤ ਸ਼ਾਹ ਦੇ ਪੁਤਲੇ ਫੂਕੇ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਨਾਮ ਸਿੰਘ ਨੇ ਦੱਸਿਆ ਕਿ ਬੀਜੇਪੀ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕਰ ਰਹੀ, ਜੋ ਕਈ ਸਾਲ ਪਹਿਲਾਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਬੀਜੇਪੀ ਦੀ ਸਰਕਾਰ ਨੇ ਕਿਸਾਨ ਯੂਨੀਅਨਾਂ ਦੀਆਂ ਮੰਗਾਂ ਮੰਨਦਿਆਂ ਕਿਹਾ ਸੀ ਕਿ ਦੇਸ਼ ਵਿੱਚ ਐੱਮ ਐੱਸ ਪੀ ਲਾਗੂ ਕਰ ਦਿੱਤੀ ਜਾਵੇਗੀ, ਪਰ ਕੇਂਦਰ ਦੀ ਬੀਜੇਪੀ ਸਰਕਾਰ ਨੇ ਅਜੇ ਤੱਕ ਐੱਮ ਐੱਸ ਪੀ ਲਾਗੂ ਨਹੀਂ ਕੀਤੀ ਤੇ ਕਿਸਾਨਾਂ ਦੀਆਂ ਹੋਰ ਮੰਗਾਂ ਮੰਗਣ ਤੋਂ ਵੀ ਬੀ ਜੇ ਪੀ ਸਰਕਾਰ ਮੁਨਕਰ ਹੋ ਰਹੀ ਹੈ, ਜਿਸ ਕਰਕੇ ਕਿਸਾਨ ਜਥੇਬੰਦੀਆਂ ਬੀ ਜੇ ਪੀ ਦਾ ਵਿਰੋਧ ਕਰਦੀਆਂ ਹਨ ਤੇ ਇਸੇ ਕਰਕੇ ਅੱਜ ਅਮਿਤ ਸ਼ਾਹ ਦਾ ਪੰਜਾਬ ਆਉਣ ਦਾ ਵਿਰੋਧ ਕਰਦਿਆਂ ਪਿੰਡ ਰਤਨਹੇੜੀ, ਚੌਹਠ, ਰਾਮ ਨਗਰ, ਸੌਂਦੇਵਾਲਾ ਵਿਖੇ ਅਮਿਤ ਸ਼ਾਹ ਦੇ ਪੁਤਲੇ ਫੂਕੇ ਗਏ ਹਨ। ਇਸ ਮੌਕੇ ਪ੍ਰੈੱਸ ਸਕੱਤਰ ਸੁਖਜਿੰਦਰ ਸਿੰਘ ਕੁਲਾਰਾਂ, ਪੁਸ਼ਪਿੰਦਰ ਸਿੰਘ ਰਤਨਹੇੜੀ, ਯਾਦਵਿੰਦਰ ਸਿੰਘ ਕੂਕਾ, ਲਖਵਿੰਦਰ ਸਿੰਘ ਸੌਂਦੇਵਾਲਾ, ਗੁਰਨਾਮ ਸਿੰਘ ਚੌਹਠ, ਕਸ਼ਮੀਰ ਸਿੰਘ ਢੈਂਠਲ, ਭੁਪਿੰਦਰ ਸਿੰਘ ਬਿੱਜਲਪੁਰ, ਗੁਰਦੇਵ ਸਿੰਘ ਚੌਹਠ ਤੋਂ ਇਲਾਵਾ ਹੋਰ ਵੀ ਕਿਸਾਨ ਆਗੂ ਹਾਜ਼ਰ ਸਨ।

## ਪੰਜਾਬ ਪੇ ਸਕੇਲ ਬਹਾਲੀ ਸਾਂਝਾ ਫਰੰਟ ਵੱਲੋਂ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ

**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਪੇ ਸਕੇਲ ਬਹਾਲੀ ਫਰੰਟ ਵੱਲੋਂ ਪੰਜਾਬ ਪੇ ਸਕੇਲ ਬਹਾਲ ਕਰਵਾਉਣ ਤੇ 17/7/2020 ਤੋਂ ਬਾਅਦ ਭਰਤੀ ਮੁਲਾਜ਼ਮਾਂ 'ਤੇ ਥੋਪਿਆ ਕੇਂਦਰੀ ਪੇ ਸਕੇਲ ਰੱਦ ਕਰਵਾਉਣ, ਪਰਖਕਾਲ ਸਮਾਂ ਇੱਕ ਸਾਲ ਕਰਨ ਤੇ ਪਰਖਕਾਲ ਦੌਰਾਨ ਪੂਰੀ ਤਨਖਾਹ ਦੇਣ ਨੂੰ ਲੈ ਕੇ ਮੁੱਖ ਮੰਤਰੀ ਦੀ ਸੰਗਰੂਰ ਰਿਹਾਇਸ਼ ਦਾ ਘਿਰਾਓ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ 'ਚ ਵੇਰਕਾ ਮਿਲਕ ਪਲਾਂਟ ਵਿਖੇ ਇਕੱਠ ਨੂੰ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕੀਤਾ। ਉਨ੍ਹਾਂ ਦੱਸਿਆ ਕਿ ਚੋਣਾਂ ਵੇਲੇ ਪ੍ਰੋਬੇਸ਼ਨ ਪੀਰੀਅਡ ਇੱਕ ਸਾਲ ਕਰਨ, ਪੰਜਾਬ ਦੇ ਭਰਤੀ ਮੁਲਾਜ਼ਮਾਂ 'ਤੇ ਲਾਗੂ ਕੇਂਦਰੀ ਪੇ ਸਕੇਲ ਤੇ ਪਰਖਕਾਲ ਦੌਰਾਨ ਪੂਰੀ ਤਨਖਾਹ ਦੇਣ ਦੀ ਗੱਲ ਕਰਨ ਵਾਲੀ ਪਾਰਟੀ ਹੁਣ ਆਪਣੇ ਵਾਅਦਿਆਂ ਤੋਂ ਭੱਜ ਰਹੀ ਹੈ। ਇਸ ਉਪਰੰਤ ਮੁੱਖ ਮੰਤਰੀ ਦੀ ਕੋਠੀ ਵੱਲ ਮਾਰਚ ਕੀਤਾ ਗਿਆ। ਟਕਰਾਓ ਦੀ ਸਥਿਤੀ ਪੈਦਾ ਹੁੰਦੀ ਦੇਖ ਪ੍ਰਸ਼ਾਸਨ ਵੱਲੋਂ ਮੀਟਿੰਗ ਲਈ ਰਾਬਤਾ ਕੀਤਾ ਗਿਆ। ਇਸ ਮੌਕੇ ਮੁੱਖ ਮੰਤਰੀ ਦੇ ਓ ਐੱਸ ਡੀ ਨਾਲ 28 ਜੂਨ ਦੀ ਮੀਟਿੰਗ ਤੈਅ ਕਰਵਾਈ ਗਈ। ਇਸ ਮੌਕੇ ਸੂਬਾ ਕਨਵੀਨਰ ਹਰਜਿੰਦਰ ਸਿੰਘ, ਸਲਿੰਦਰ ਕੰਬੋਜ, ਸਸਪਾਲ ਸਿੰਘ, ਜੁਝਾਰ ਸਿੰਘ, ਸੰਦੀਪ ਸਿੰਘ, ਯੁੱਧਜੀਤ ਸਿੰਘ ਤੇ ਵੱਖ-ਵੱਖ ਭਰਾਤਰੀ ਜਥੇਬੰਦੀਆਂ ਵੱਲੋਂ ਡੀ ਟੀ ਐੱਫ ਦੇ ਬਲਵੀਰ ਚੰਦ ਲੌਂਗੋਵਾਲ, ਮਾਲਵਿੰਦਰ ਸਿੰਘ ਸੰਧੂ ਪੰਜਾਬ ਸਟੇਟ ਸੁਬਾਰਡੀਨੇਟ ਫੈਡਰੇਸ਼ਨ, ਮਾਸਟਰ ਗੁਰਚਰਨ ਸਿੰਘ ਖੋਖਰ, ਜੁਝਾਰ ਸਿੰਘ ਤਰਕਸ਼ੀਲ ਸੁਸਾਇਟੀ ਪੰਜਾਬ, ਰਵਿੰਦਰ ਸਿੰਘ ਸੰਗਰੂਰ ਆਦਿ ਸਾਥੀ ਹਾਜ਼ਰ ਸਨ।

# ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਮੁੱਖ ਮੰਤਰੀ ਦੇ ਨਾਂਅ ਦਿੱਤਾ ਰੋਸ ਪੱਤਰ

**ਆਪ ਸਰਕਾਰ ਨੇ ਚੋਣਾਂ ਮੌਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ : ਸਿੱਧੂ/ਭੁੱਟੋ**


ਪੰਜਾਬ ਯੂ ਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਨਰੇਸ਼ ਕਟਾਰੀਆ ਦੇ ਸਪੁੱਤਰ ਸ਼ੰਕਰਾ ਕਟਾਰੀਆ ਨੂੰ ਰੋਸ ਪੱਤਰ ਦਿੰਦੇ ਹੋਏ।

**ਜ਼ੀਰਾ (ਨਰਿੰਦਰ ਅਨੇਜਾ)**

ਪੰਜਾਬ, ਯੂ.ਟੀ. ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਪੰਜਾਬ ਸਰਕਾਰ ਦੇ ਮੰਤਰੀਆਂ ਤੇ ਵਿਧਾਇਕਾਂ ਨੂੰ ਰੋਸ ਪੱਤਰ ਦੇਣ ਦੇ ਉਲੀਕੇ ਪ੍ਰੋਗਰਾਮ ਤਹਿਤ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1406/22 ਬੀ ਚੰਡੀਗੜ੍ਹ ਤੇ ਪੈਨਸ਼ਨਰਜ਼ ਐਸੋਸੀਏਸ਼ਨ ਜ਼ੀਰਾ, ਜੰਗਲਾਤ ਵਰਕਰਜ਼ ਯੂਨੀਅਨ, ਪੀ ਡਬਲਿਊ ਡੀ ਫੀਲਡ ਵਰਕਸ਼ਾਪ ਵਰਕਰਜ਼ ਯੂਨੀਅਨ, ਮਕੈਨੀਕਲ ਵਰਕਰਜ਼ ਯੂਨੀਅਨ ਦੇ ਆਗੂਆਂ ਤੇ ਵਰਕਰਾਂ ਵੱਲੋਂ ਭਰਵੇਂ ਇਕੱਠ ਦੌਰਾਨ ਹਲਕਾ ਵਿਧਾਇਕ ਜ਼ੀਰਾ ਨਰੇਸ਼ ਕਟਾਰੀਆ ਦੇ ਸਪੁੱਤਰ ਸ਼ੰਕਰ ਕਟਾਰੀਆ ਨੂੰ ਉਨ੍ਹਾਂ ਦੇ ਦਫਤਰ ਫਿਰੋਜ਼ਪੁਰ ਰੋਡ ਜ਼ੀਰਾ ਵਿਖੇ ਰੋਸ ਪੱਤਰ ਦਿੱਤਾ ਗਿਆ।

ਇਸ ਮੌਕੇ ਮੁਲਾਜ਼ਮ ਆਗੂ ਗੁਰਦੇਵ ਸਿੰਘ ਸਿੱਧੂ ਜ਼ਿਲ੍ਹਾ ਪ੍ਰਧਾਨ ਪ ਸ ਸ ਫ ਫਿਰੋਜ਼ਪੁਰ, ਜੀ ਟੀ ਯੂ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਭੁੱਟੋ, ਜੋਗਿੰਦਰ ਸਿੰਘ ਕੰਡਿਆਲ, ਪੈਨਸ਼ਨਰਜ਼ ਐਸੋਸੀਏਸ਼ਨ ਪ੍ਰਧਾਨ ਕਿੱਕਰ ਸਿੰਘ, ਮਾਸਟਰ ਜਗੀਰ ਸਿੰਘ ਜ਼ੀਰਾ ਆਦਿ ਆਗੂਆਂ ਨੇ ਰੋਸ ਪੱਤਰ ਸੌਂਪਦਿਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ, ਯੂ ਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਵਿੱਤ ਮੰਤਰੀ ਤੋਂ ਇਲਾਵਾ ਹੋਰ ਮੰਤਰੀਆਂ ਨਾਲ ਕਈ ਵਾਰ ਮੁਲਾਜ਼ਮ ਮੰਗਾਂ ਤੇ ਮਸਲਿਆਂ ਉੱਪਰ ਚਰਚਾ ਕਰਨ ਉਪਰੰਤ ਤੇ ਭਰੋਸੇ ਦੇਣ ਦੇ ਬਾਵਜੂਦ ਅਜੇ ਤੱਕ ਕੋਈ ਮਸਲਾ ਹੱਲ ਨਹੀਂ ਕੀਤਾ ਗਿਆ, ਜਿਸ ਦੇ ਰੋਸ ਵਜੋਂ ਸਮੁੱਚੇ ਪੰਜਾਬ ਅੰਦਰ ਵਿਧਾਇਕਾਂ ਰਾਹੀਂ ਆਪਣੀਆਂ ਮੰਗਾਂ ਯਾਦ ਕਰਵਾਉਣ ਲਈ ਰੋਸ ਪੱਤਰ ਦਿੱਤੇ ਗਏ ਹਨ ਤਾਂ ਜੋ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਚੋਣਾਂ ਮੌਕੇ ਮੁਲਾਜ਼ਮ ਵਰਗ ਨਾਲ ਕੀਤੇ ਵਾਅਦੇ ਯਾਦ ਕਰਵਾਏ ਜਾ ਸਕਣ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਧਰਨੇ ਮੁਜ਼ਾਹਰੇ ਕਰਨ ਦਾ ਕੋਈ ਸ਼ੌਕ ਨਹੀ ਮਜਬੂਰੀ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਜੀਟੀਯੂ ਦੇ ਸਰਗਰਮ ਆਗੂ ਹਰਪਾਲ ਸਿੰਘ ਸੰਧੂ, ਮਾਸਟਰ ਭੁਪਿੰਦਰ ਸਿੰਘ ਢਿੱਲੋਂ, ਸੁਖਦੇਵ ਸਿੰਘ ਸਨੇਰ, ਪੈਨਸ਼ਨਰਜ਼ ਐਸੋਸੀਏਸ਼ਨ ਪ੍ਰਧਾਨ ਕਿੱਕਰ ਸਿੰਘ, ਜੰਗਲਾਤ ਵਰਕਰਜ਼ ਯੂਨੀਅਨ ਪਧਾਨ ਪ੍ਰੀਤਮ ਸਿੰਘ, ਸੁਰਜੀਤ ਸਿੰਘ, ਬਲਕਾਰ ਸਿੰਘ, ਹਰਮੇਸ਼ ਸਿੰਘ, ਗੁਰਬਚਨ ਸਿੰਘ, ਕੌਰ ਸਿੰਘ ਸਿਹਤ ਵਿਭਾਗ, ਦਮਨ ਸ਼ਰਮਾ ਨਗਰ ਕੌਂਸਲ, ਰਾਜ ਕੁਮਾਰ ਪੀ ਡਬਲਿਊ ਡੀ ਫੀਲਡ ਵਰਕਸ਼ਾਪ ਵਰਕਰਜ਼ ਯੂਨੀਅਨ, ਗੁਰਮੀਤ ਸਿੰਘ ਜੰਮੂ ਪ੍ਰਧਾਨ ਮਕੈਨੀਕਲ ਵਰਕਸ਼ਾਪ ਵਰਕਰਜ਼ ਯੂਨੀਅਨ, ਦਲਜੀਤ ਸਿੰਘ, ਨਿਸ਼ਾਨ ਸਿੰਘ ਸਿੱਧੂ, ਪ੍ਰੀਤਮ ਸਿੰਘ ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਆਦਿ ਹਾਜ਼ਰ ਸਨ।

## ਕਾਤਰਾਂ

### ਸੁੱਖ-ਸ਼ਾਂਤੀ ਲਈ ਕੀਤਾ ਕੜਾਹ ਪ੍ਰਸ਼ਾਦ ਦਾ ਭੰਡਾਰਾ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਇਲਾਕੇ ਦੀ ਸੁੱਖ-ਸ਼ਾਂਤੀ ਤੇ ਚੜ੍ਹਦੀ ਕਲਾ ਲਈ ਡੇਰਾ ਬਾਬਾ ਬਹਾਲੀ ਰਾਮ ਜੀ ਵੱਲੋਂ ਹਰ ਸਾਲ ਵਾਂਗ ਇਸ ਵਾਰ ਵੀ ਨਗਰ ਵਾਸੀਆਂ ਦੇ ਸਹਿਯੋਗ ਨਾਲ ਕੜਾਹ ਪ੍ਰਸ਼ਾਦ ਦਾ ਭੰਡਾਰਾ ਕੀਤਾ ਗਿਆ। ਡੇਰੇ ਦੇ ਸੰਚਾਲਕ ਬਾਬਾ ਤੇਜ ਰਾਮ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਸਵੇਰ ਤੋਂ ਸ਼ੁਰੂ ਭੰਡਾਰਾ ਸ਼ਾਮ ਤੱਕ ਚਲਦਾ ਰਿਹਾ। ਭੰਡਾਰੇ ਵਿੱਚ ਨਗਰ ਤੇ ਆਸ-ਪਾਸ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਸੇਵਾਦਾਰਾਂ ਨੇ ਸ਼ਰਧਾ ਭਾਵਨਾ ਨਾਲ ਪੁੱਜੀਆਂ ਸੰਗਤਾਂ ਨੂੰ ਪੰਗਤ ਵਿੱਚ ਬਿਠਾ ਕੇ ਕੜਾਹ ਪ੍ਰਸ਼ਾਦ ਛਕਾਇਆ।

### ਰਣਬੀਰ ਸਿੰਘ ਨੇ ਨੈਸ਼ਨਲ ਤਾਈਕਵਾਂਡੋ ਚੈਂਪੀਅਨਸ਼ਿਪ' 'ਚ ਕਾਂਸੀ ਤਮਗਾ ਜਿੱਤਿਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ਼ਾਂਤੀ ਵਿੱਦਿਆ ਮੰਦਰ ਦੇ ਵਿਦਿਆਰਥੀ ਰਣਬੀਰ ਸਿੰਘ ਨੇ ਸ਼ਿਮਲਾ ਵਿਖੇ ਹੋਈ 'ਹਿਮਾਲਿਆ ਨੈਸ਼ਨਲ ਤਾਈਕਵਾਂਡੋ ਚੈਂਪੀਅਨਸ਼ਿਪ' ਵਿੱਚ ਕਾਂਸੀ ਦਾ ਤਮਗਾ ਜਿੱਤ ਕੇ ਆਪਣੇ ਸਕੂਲ, ਮਾਪਿਆਂ ਤੇ ਸ਼ਹਿਰ ਦਾ ਨਾਂਅ ਰੌਸ਼ਨ ਕੀਤਾ ਹੈ।ਉਸ ਨੇ ਇਹ ਮੁਕਾਬਲਾ ਆਪਣੇ ਕੋਚ ਅਭਿਸ਼ੇਕ ਸ਼ਰਮਾ ਦੀ ਰਹਿਨੁਮਾਈ ਹੇਠ ਜਿੱਤਿਆ ਤੇ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।ਇਸ ਮੌਕੇ ਸਕੂਲ ਦੀ ਪ੍ਰਬੰਧਕੀ ਕਮੇਟੀ ਮੈਂਬਰਾਂ ਤੇ ਪ੍ਰਿੰਸੀਪਲ ਰਜਨੀ ਮਡਾਹਰ ਨੇ ਵਿਦਿਆਰਥੀ ਰਣਵੀਰ ਸਿੰਘ ਅਤੇ ਉਸ ਦੇ ਕੋਚ ਅਭਿਸ਼ੇਕ ਸ਼ਰਮਾ ਨੂੰ ਇਸ ਪ੍ਰਾਪਤੀ ਲਈ ਤਹਿ ਦਿਲੋਂ ਵਧਾਈ ਦਿੱਤੀ ਅਤੇ ਹੌਸਲਾ ਅਫਜ਼ਾਈ ਕੀਤੀ।ਉਨ੍ਹਾਂ ਕਿਹਾ ਕਿ ਇਹ ਵਿਦਿਆਰਥੀ ਦੇ ਆਤਮ ਵਿਸ਼ਵਾਸ, ਉਨ੍ਹਾਂ ਦੇ ਕੋਚ ਦੇ ਮਾਰਗਦਰਸ਼ਨ ਤੇ ਉਨ੍ਹਾਂ ਦੇ ਮਾਪਿਆਂ ਦੇ ਸਹਿਯੋਗ ਤੋਂ ਬਿਨਾਂ ਸੰਭਵ ਨਹੀਂ ਸੀ।ਉਨ੍ਹਾਂ ਨੇ ਵਿਦਿਆਰਥੀ ਰਣਬੀਰ ਸਿੰਘ ਦੇ ਮਾਪਿਆਂ ਨੂੰ ਵੀ ਦਿਲੋਂ ਵਧਾਈ ਦਿੱਤੀ ਤੇ ਵਿਦਿਆਰਥੀ ਦੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਤੇ ਹੌਸਲਾ ਅਫਜ਼ਾਈ ਕੀਤੀ।



### ਕਾਰ ਤੇ ਐਕਟਿਵਾ ਦੀ ਟੱਕਰ 'ਚ ਇਕ ਜ਼ਖ਼ਮੀਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਤੀਏਵਾਲਾ ਚੌਕ ਸਪੀਡ ਬਰੇਕਰ ਤੋਂ ਥੋੜ੍ਹਾ ਪਿੱਛੇ ਇੱਕ ਕਾਰ ਤੇ ਐਕਟਿਵਾ ਸਕੂਟਰ ਦੀ ਟੱਕਰ ਵਿੱਚ ਇਕ ਔਰਤ ਦੇ ਜ਼ਖ਼ਮੀਂ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਕੁੱਲਗੜ੍ਹੀ ਪੁਲਸ ਨੇ ਕਾਰ ਚਾਲਕ ਖਿਲਾਫ 279, 337, 338, 427 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਵਿਕਰਮ ਪੁੱਤਰ ਸਤਪਾਲ ਵਾਸੀ ਗਲੀ ਨੰਬਰ 17 ਮਕਾਨ ਨੰਬਰ 34 ਬਸਤੀ ਟੈਂਕਾਂਵਾਲੀ ਕੈਂਟ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਆਪਣੀ ਮਾਤਾ ਨੀਸ਼ਾ ਕਰਨ ਤੇ ਲੜਕੇ ਰਿਤਵਿਕ ਨਾਲ ਐਕਟਿਵਾ ਸਕੂਟਰ 'ਤੇ ਸਵਾਰ ਹੋ ਕੇ ਜਾ ਰਹੇ ਸੀ, ਜਦ ਉਹ ਸਤੀਏ ਵਾਲਾ ਚੌਕ ਸਪੀਡ ਬਰੇਕਰ ਤੋਂ ਥੋੜ੍ਹਾ ਪਿੱਛੇ ਪੁੱਜੇ ਤਾਂ ਮੁਲਜ਼ਮ ਜਸਵੰਤ ਸਿੰਘ ਵਾਸੀ ਸਤੀਏ ਵਾਲਾ ਨੇੜੇ ਪ੍ਰਾਇਮਰੀ ਸਕੂਲ ਨੇ ਆਪਣੀ ਕਾਰ ਆਈ ਟਵੰਟੀ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਦੀ ਐਕਟਿਵਾ ਵਿੱਚ ਮਾਰੀ। ਇਸ ਹਾਦਸੇ ਵਿੱਚ ਉਸ ਦੀ ਮਾਤਾ ਨੀਸ਼ਾ ਕਰਨ ਦੇ ਸੱਟਾਂ ਲੱਗੀਆਂ ਤੇ ਐਕਟਿਵਾ ਸਕੂਟਰੀ ਨੁਕਸਾਨੀ ਗਈ। ਵਿਰਕਮ ਨੇ ਦੱਸਿਆ ਕਿ ਉਸ ਦੀ ਮਾਤਾ ਦਾ ਇਲਾਜ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿਖੇ ਚੱਲ ਰਿਹਾ ਹੈ।

# ਝਗੜੇ ਵਾਲੀ ਜ਼ਮੀਨ 'ਚ ਦੋ ਵਿਅਕਤੀਆਂ ਦੀ ਕੁੱਟਮਾਰ

**ਦੋ ਨੂੰ ਗ੍ਰਿਫਤਾਰ ਕਰਕੇ 8 ਖਿਲਾਫ ਕੀਤਾ ਮਾਮਲਾ ਦਰਜ**

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਕੁੱਲਗੜ੍ਹੀ ਦੇ ਅਧੀਨ ਆਉਂਦੀ ਬਸਤੀ ਖਲੀਲ ਵਾਲੀ ਦਾਖਲੀ ਮੱਲਵਾਲ ਵਿਖੇ ਝਗੜੇ ਵਾਲੀ ਜ਼ਮੀਨ ਦੇ ਚੱਲਦਿਆਂ ਸਟੇਅ ਵਾਲੀ ਜ਼ਮੀਨ ਦੀ ਵੱਟ ਢਾਹ ਕੇ ਦੋ ਵਿਅਕਤੀਆਂ ਨੂੰ ਮਾਰ ਦੇਣ ਦੀ ਨੀਯਤ ਨਾਲ ਸੱਟਾਂ ਮਾਰਨ ਤੇ ਬੰਦੂਕ ਨਾਲ ਹਵਾਈ ਫਾਇਰ ਕਰਨ ਦੇ ਦੋਸ਼ ਵਿੱਚ ਪੁਲਸ ਨੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ 6 ਬਾਏ ਨੇਮ ਲੋਕਾਂ ਤੇ 2 ਅਣਪਛਾਤੇ ਵਿਅਕਤੀਆਂ ਖਿਲਾਫ 307, 452, 324, 336, 323, 148, 149 ਆਈਪੀਸੀ ਤੇ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਗੁਰਭੇਜ ਸਿੰਘ ਪੁੱਤਰ ਜੁਗਰਾਜ ਸਿੰਘ ਵਾਸੀ ਬਸਤੀ ਖਲੀਲ ਵਾਲੀ ਦਾਖਲੀ ਮੱਲਵਾਲ ਕਦੀਮ ਨੇ ਦੱਸਿਆ ਕਿ ਉਸ ਪਾਸ 4 ਕਨਾਲਾ ਜ਼ਮੀਨ ਹੈ, ਇਸ ਜ਼ਮੀਨ ਦਾ ਉਸ ਦੇ ਸ਼ਰੀਕੇ ਵਿੱਚ ਰਿਸ਼ਤੇਦਾਰ ਸਰਵਨਜੀਤ ਸਿੰਘ ਪੁੱਤਰ ਮਿਲਖਾ ਸਿੰਘ ਨਾਲ ਝਗੜਾ ਚੱਲਦਾ ਹੈ ਤੇ ਮਾਣਯੋਗ ਅਦਾਲਤ ਵੱਲੋਂ ਸਟੇਅ ਹੋਇਆ ਹੈ। ਬੀਤੀ 17 ਜੂਨ 2023 ਨੂੰ ਮੁਲਜ਼ਮ ਸਰਵਨਜੀਤ ਸਿੰਘ ਵਗੈਰਾ ਨੇ ਜ਼ਮੀਨ ਸਟੇਅ ਵਾਲੀ ਵੱਟ ਢਾਹ ਦਿੱਤੀ ਤਾਂ ਕਰੀਬ ਸਾਢੇ 8 ਵਜੇ ਉਹ ਤੇ ਕੁਲਦੀਪ ਸਿੰਘ, ਸਾਰਜ ਸਿੰਘ ਤੇ ਹਰਜਿੰਦਰ ਕੌਰ ਆਪਣੇ ਘਰ ਮੌਜੂਦ ਸੀ ਤਾਂ ਦੋਸ਼ੀਆਨ ਸਰਵਨਜੀਤ ਸਿੰਘ, ਬਲਜੀਤ ਸਿੰਘ ਪੁੱਤਰ ਮਿਲਖਾ ਸਿੰਘ, ਗੁਰਮੀਤ ਕੌਰ ਪਤਨੀ ਸਰਵਨਜੀਤ ਸਿੰਘ, ਰਾਜ ਕੌਰ ਪਤਨੀ ਬਲਜੀਤ ਸਿੰਘ ਵਾਸੀਅਨ ਬਸਤੀ ਖਲੀਲ ਵਾਲੀ (ਮੱਲਵਾਲ ਕਦੀਮ) ਹਰਪ੍ਰੀਤ ਸਿੰਘ ਪੁੱਤਰ ਬਚਿੱਤਰ ਸਿੰਘ ਵਾਸੀ ਬਸਤੀ ਟੈਂਕਾਂਵਾਲੀ ਤੇ 2 ਅਣਪਛਾਤੇ ਵਿਅਕਤੀ ਉਸ ਦੇ ਘਰ ਦਾਖਲ ਹੋ ਕੇ ਉਸ ਦੀ ਤੇ ਉਸ ਦੇ ਦੋਸਤ ਸਾਰਜ ਸਿੰਘ 'ਤੇ ਮਾਰ ਦੇਣ ਦੀ ਨੀਅਤ ਨਾਲ ਸੱਟਾਂ ਮਾਰੀਆਂ ਤੇ ਦੋਸ਼ੀ ਸਰਵਨਜੀਤ ਸਿੰਘ ਨੇ ਆਪਣੀ ਲਾਇਸੰਸੀ ਬੰਦੂਕ 12 ਬੋਰ ਨਾਲ ਹਵਾਈ ਫਾਇਰ ਕੀਤੇ। ਗੁਰਭੇਜ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਇਲਾਜ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇਸਪੈਕਟਰ ਸਰਵਨ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਦੋ ਦੋਸ਼ੀਆਨ ਬਲਜੀਤ ਸਿੰਘ ਤੇ ਮਿਲਖਾ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

# 'ਰੋਹੀ ਦਾ ਲਾਲ' ਕਾਮਰੇਡ ਹਰਦੇਵ ਅਰਸ਼ੀ ਤੇ ਆਰਟਿਸਟ ਤਰਸੇਮ ਰਾਹੀ ਦਾ ਸਨਮਾਨ

**ਫਿਰਕਾਪ੍ਰਸਤੀ ਤੇ ਤਾਨਾਸ਼ਾਹੀ ਭਵਿੱਖ ਦੀਆਂ ਵੱਡੀਆਂ ਚੁਣੌਤੀਆਂ : ਅਰਸ਼ੀ**



**ਮਲੋਟ (ਪੱਤਰ ਪ੍ਰੇਰਕ)**-ਭਾਰਤੀ ਕਮਿਊਨਿਸਟ ਪਾਰਟੀ ਬਲਾਕ ਮਲੋਟ ਵੱਲੋਂ ਆਯੋਜਤ ਪਾਰਟੀ ਸਕੂਲ ਵਿੱਚ ਸ਼ਹਿਰ ਦੇ ਪਤਵੰਤੇ ਸੱਜਣਾਂ ਤੇ ਪਾਰਟੀ ਮੈਂਬਰਾਂ ਵੱਲੋਂ 'ਰੋਹੀ ਦਾ ਲਾਲ' ਕਾਮਰੇਡ ਹਰਦੇਵ ਅਰਸ਼ੀ ਨੂੰ ਸਨਮਾਨਤ ਕੀਤਾ ਗਿਆ। ਇਸ ਸਮਾਰੋਹ ਵਿੱਚ ਡਾ. ਗੁਰਜੰਟ ਸਿੰਘ ਸੇਖੋਂ ਨੇ ਜੀ ਆਇਆਂ ਕਹਿੰਦਿਆਂ ਕਾਮਰੇਡ ਅਰਸ਼ੀ ਦੇ ਐੱਮ ਐੱਲ ਏ ਵਕਫੇ ਸਮੇਂ ਉਨ੍ਹਾ ਨੂੰ ਪੰਜਾਬ ਵਿਧਾਨ ਸਭਾ ਅੰਦਰ ਲਗਾਤਾਰ ਬੈਸਟ ਪਾਰਲੀਮੈਂਟੇਰੀਅਨ ਐਵਾਰਡ ਹੋਣ ਦਾ ਜ਼ਿਕਰ ਕੀਤਾ। ਕਾਮਰੇਡ ਰਮਿੰਦਰ ਕੌਰ, ਸਾਬਕਾ ਮੁੱਖ ਅਧਿਆਪਕ ਰਾਕੇਸ਼ ਜੈਨ, ਅਮ੍ਰਿਤ ਪਾਲ ਸਿੰਘ, ਬਲਾਕ ਸਕੱਤਰ ਸੀ ਪੀ ਆਈ ਲੰਬੀ ਹਰਵਿੰਦਰ ਸਿੰਘ ਸ਼ੇਰਾਂਵਾਲੀ, ਜ਼ਿਲ੍ਹਾ ਕੌਂਸਲ ਮੈਂਬਰ ਗੁਰਤੇਜ ਸਿੰਘ, ਗੁਰਨਾਮ ਸਿੰਘ ਲੰਬੀ, ਚਰਨਜੀਤ ਸਿੰਘ ਵਣਵਾਲਾ, ਬਲਾਕ ਕਮੇਟੀ ਮੈਂਬਰ ਕਾਮਰੇਡ ਰਸ਼ਪਾਲ ਸਿੰਘ, ਰੋਸ਼ਨ ਸਿੰਘ, ਸਵਰਨ ਸਿੰਘ, ਹਰੀ ਰਾਮ ਤੋਂ ਇਲਾਵਾ ਪੰਜਾਬ ਇਸਤਰੀ ਸਭਾ ਦੀ ਸੁਦੇਸ਼ ਕੁਮਾਰੀ ਤੇ ਪ੍ਰੇਮ ਕੁਮਾਰੀ ਨੇ ਕਾਮਰੇਡ ਅਰਸ਼ੀ ਨੂੰ ਲੋਈ ਤੇ ਯਾਦਗਾਰੀ ਚਿੰਨ੍ਹ ਭੇਟ ਕੀਤਾ। ਕਾਮਰੇਡ ਅਰਸ਼ੀ ਨੇ ਸੀ ਪੀ ਆਈ ਬਲਾਕ ਵੱਲੋਂ ਮਲੋਟ ਦੇ ਨਾਮਵਰ ਆਰਟਿਸਟ ਤਰਸੇਮ ਰਾਹੀ ਨੂੰ ਉਨ੍ਹਾ ਵੱਲੋਂ ਕਿਤਾਬ ਘਰ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀਆਂ ਸ਼ਹੀਦੇ-ਆਜ਼ਮ ਭਗਤ ਸਿੰਘ, ਸੰਵਿਧਾਨ ਰਚੇਤਾ ਕਮੇਟੀ ਦੇ ਭੀਮ ਰਾਓ ਅੰਬੇਡਕਰ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੀਆਂ ਪੇਂਟਿੰਗ ਲਈ 'ਰੋਹੀ ਦਾ ਲਾਲ' ਕਿਤਾਬ, ਲੋਈ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਕਾਮਰੇਡ ਅਰਸ਼ੀ ਨੇ ਪਾਰਟੀ ਮੈਂਬਰ ਦੀ ਸਕੂਲਿੰਗ ਕਰਦਿਆਂ ਪਾਰਟੀ ਮੈਂਬਰਾਂ ਨੂੰ ਮਨੁੱਖ ਦੇ ਵਿਕਾਸ ਤੋਂ ਮੌਜੂਦਾ ਸਰਮਾਏਦਾਰੀ ਢਾਂਚੇ ਬਾਰੇ ਬੜੇ ਸਰਲ ਸ਼ਬਦਾਂ ਵਿੱਚ ਸਮਝਾਇਆ। ਉਨ੍ਹਾ ਕੇਂਦਰ ਸਰਕਾਰ ਦੇ ਫਿਰਕੂ ਤੇ ਤਾਨਾਸ਼ਾਹੀ ਢੰਗ ਦੀ ਆਲੋਚਨਾ ਕੀਤੀ। ਭਵਿੱਖ ਦੀਆਂ ਇਨ੍ਹਾਂ ਵੱਡੀਆਂ ਚੁਣੌਤੀਆਂ ਲਈ ਪਾਰਟੀ ਦਾ ਦਾਇਰਾ ਵੱਡਾ ਤੇ ਮਜ਼ਬੂਤ ਕਰਨ ਲਈ ਪ੍ਰੇਰਿਆ, ਉਨ੍ਹਾ ਕਾਮਰੇਡ ਸੁਦਰਸ਼ਨ ਜੱਗਾ, ਕਾਮਰੇਡ ਸੁਦੇਸ਼ ਕੁਮਾਰੀ ਤੇ ਮਲੋਟ ਸ਼ਹਿਰ ਵਾਸੀਆਂ ਵੱਲੋਂ ਕਿਤਾਬ ਘਰ ਲਈ ਪਾਏ ਸਹਿਯੋਗ ਦੀ ਪ੍ਰਸ਼ੰਸਾ ਕੀਤੀ। ਕਮੇਟੀ ਵੱਲੋਂ ਪਾਰਟੀ ਸਕੂਲ ਮਗਰੋਂ ਸਭ ਲਈ ਲੰਗਰ, ਚਾਹ-ਪਾਣੀ ਦੀ ਵਿਵਸਥਾ ਕੀਤੀ ਗਈ। ਕਾਮਰੇਡ ਗੁਰਤੇਜ ਸਿੰਘ ਨੇ ਸਭ ਜ਼ਿਲ੍ਹਾ ਕੌਂਸਲ ਮੈਂਬਰਾਂ, ਬਲਾਕ ਕਮੇਟੀ ਮੈਂਬਰਾਂ, ਪਾਰਟੀ ਮੈਂਬਰਾਂ ਤੇ ਕਾਮਰੇਡ ਅਰਸ਼ੀ ਦਾ ਧੰਨਵਾਦ ਕੀਤਾ।

## ਵਜੀਦਕੇ ਕਲਾਂ ਦਾ ਆਰ ਓ ਬਣਿਆ ਚਿੱਟਾ ਹਾਥੀ, ਕਹਿਰ ਦੀ ਗਰਮੀ 'ਚ ਲੋਕ ਪੀਣ ਵਾਲੇ ਸ਼ੁੱਧ ਪਾਣੀ ਨੂੰ ਤਰਸੇ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਅਕਾਲੀ-ਭਾਜਪਾ ਗੱਠਜੋੜ ਸਰਕਾਰ ਵੱਲੋਂ ਸਾਰੇ ਪਿੰਡਾਂ ਦੇ ਲੋਕਾਂ ਨੂੰ ਪੀਣ ਵਾਲੇ ਸ਼ੁੱਧ ਪਾਣੀ ਦੀ ਸਹੂਲਤ ਲਈ ਆਰ ਓ ਸਿਸਟਮ ਲਾਏ ਗਏ ਸੀ, ਜੋ ਮੁਰੰਮਤ ਨਾ ਹੋਣ ਕਾਰਨ ਕਈ ਸਾਲਾਂ ਤੋਂ ਚਿੱਟੇ ਹਾਥੀ ਸਾਬਿਤ ਹੋ ਰਹੇ ਹਨ। ਲੰਘੀ ਕਾਂਗਰਸ ਸਰਕਾਰ ਨੇ ਆਰ ਓ ਸਿਸਟਮ ਵੱਲ ਕੋਈ ਧਿਆਨ ਨਹੀਂ ਦਿੱਤਾ, ਹੁਣ ਆਪ ਸਰਕਾਰ ਨੇ ਵੀ ਆਰ ਓ ਫਿਲਟਰ ਚਲਾਉਣ ਲਈ ਆਪਣੀ ਜ਼ਿੰਮੇਵਾਰੀ ਨਹੀਂ ਸਮਝੀ। ਹਲਕਾ ਮਹਿਲ ਕਲਾਂ ਦੇ ਪਿੰਡ ਵਜੀਦਕੇ ਕਲਾਂ ਵਿਖੇ ਆਰ ਓ ਸਿਸਟਮ ਕਈ ਸਾਲਾਂ ਤੋਂ ਬੰਦ ਪਿਆ ਹੋਣ ਕਰਕੇ ਹੁਣ ਘਾਹ ਉੱਗਿਆ ਖੜਾ ਹੈ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਇੱਥੇ ਲਗਾਈ ਲੱਖਾਂ ਰੁਪਏ ਦੀ ਮਸ਼ੀਨਰੀ ਵੀ ਕਬਾੜ ਬਣਦੀ ਜਾ ਰਹੀ ਹੈ, ਇਸ ਆਰ ਓ ਤੋਂ ਗਰੀਬ ਤੇ ਮੱਧ ਵਰਗੀ ਲੋਕ ਪੀਣ ਲਈ ਸ਼ੁੱਧ ਪਾਣੀ ਲੈ ਕੇ ਜਾਂਦੇ ਸਨ, ਤਾਂ ਕਿ ਪੇਟ ਦੀਆਂ ਬਿਮਾਰੀਆਂ ਤੋਂ ਬਚਿਆ ਜਾ ਸਕੇ। ਲੋਕਾਂ ਦਾ ਕਹਿਣਾ ਹੈ ਕਿ ਵੱਡੇ ਵੱਡੇ ਦਾਅਵੇ ਕਰਨ ਵਾਲੀ ਆਪ ਸਰਕਾਰ ਦਾ ਗਰੀਬ ਤੇ ਮੱਧ ਵਰਗੀ ਲੋਕਾਂ ਦੀਆਂ ਸਹੂਲਤਾਂ ਵੱਲ ਕੋਈ ਧਿਆਨ ਨਹੀਂ। ਪਿੰਡ ਦੇ ਲੋਕਾਂ ਨੇ ਦੱਸਿਆ ਕਿ ਇਨ੍ਹਾਂ ਆਰ ਓ ਉੱਤੇ ਕੰਮ ਕਰਨ ਵਾਲੇ ਮੁਲਾਜ਼ਮ ਵੀ ਬੇਰੁਜ਼ਗਾਰ ਹੋ ਗਏ ਹਨ। ਭਾਕਿਯੂ ਉਗਰਾਹਾਂ ਦੇ ਆਗੂ ਰਾਜਿੰਦਰ ਸਿੰਘ ਵਜੀਦਕੇ, ਮਾਸਟਰ ਦਲਵੀਰ ਸਿੰਘ, ਬਲਜਿੰਦਰ ਸਿੰਘ ਮਿਸ਼ਰਾ, ਹਰਮੋਲਕ ਸਿੰਘ, ਮਾ: ਮਲਕੀਤ ਸਿੰਘ, ਭਰਪੂਰ ਸਿੰਘ, ਸ਼ੇਰ ਸਿੰਘ ਰਵੀ ਆਦਿ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਲੰਬੇ ਸਮੇਂ ਤੋਂ ਬੰਦ ਪਏ ਆਰ ਓ ਨੂੰ ਪਹਿਲ ਦੇ ਆਧਾਰ 'ਤੇ ਚਾਲੂ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਕਹਿਰ ਦੀ ਗਰਮੀ 'ਚ ਪੀਣ ਵਾਲੇ ਸ਼ੁੱਧ ਪਾਣੀ ਦੀ ਸਹੂਲਤ ਮਿਲ ਸਕੇ।

# ਸਵਾਮੀ ਵਿਵੇਕਾਨੰਦ ਇੰਸ. ਬਨੂੜ ਤੇ ਫੌਕਸ ਕਾਲਜ ਕੈਨੇਡਾ ਵਿਚਕਾਰ ਸਿੱਖਿਆ ਪਸਾਰ 'ਤੇ ਸਮਝੌਤਾ



**ਰਾਜਪੁਰਾ (ਰਮੇਸ਼ ਕਟਾਰੀਆ)**-ਸਵਾਮੀ ਵਿਵੇਕਾਨੰਦ ਇੰਸਟੀਚਿਊਟ ਆਫ ਇੰਜੀਨੀਅਰਿੰਗ ਤੇ ਤਕਨਾਲੋਜੀ ਬਨੂੜ ਦੇ ਵਿਦਿਆਰਥੀਆਂ ਲਈ ਵੱਡੀ ਖਬਰ ਹੈ। ਹੁਣ ਇਸ ਕਾਲਜ ਦੇ ਵਿਦਿਆਰਥੀ ਫੋਕਸ ਕਾਲਜ ਕੈਨੇਡਾ ਤੋਂ ਵੀ ਪੜ੍ਹਾਈ ਕਰ ਸਕਣਗੇ। ਇਸ ਦਿਸ਼ਾ ਵਿੱਚ ਇੱਕ ਕਦਮ ਚੁੱਕਦੇ ਹੋਏ, ਸਵਾਇਟ ਕਾਲਜ ਪ੍ਰਬੰਧਨ ਨੇ ਫੋਕਸ ਕਾਲਜ ਕੈਨੇਡਾ (ਐੱਫ.ਸੀ.ਸੀ.) ਨਾਲ ਇੱਕ ਸਮਝੌਤਾ ਕੀਤਾ ਹੈ, ਜਿਸ ਵਿੱਚ ਸਵਾਮੀ ਵਿਵੇਕਾਨੰਦ ਗਰੁੱਪ ਦੇ ਚੇਅਰਮੈਨ ਅਸ਼ਵਨੀ ਗਰਗ, ਪ੍ਰੈਜ਼ੀਡੈਂਟ ਅਸ਼ੋਕ ਗਰਗ, ਡਾਇਰੈਕਟਰ ਫੋਕਸ ਕਾਲਜ ਕੈਨੇਡਾ ਮਿਸ ਰੂਚੀ ਸਿੰਗਲਾ, ਮੀਡੀਆ ਅਡਵਾਈਜ਼ਰ ਹਰਬਨ ਸਿੰਘ ਮਾਨ, ਜਸਵਿੰਦਰ ਸਿੰਘ ਦਿਲਾਵਰੀ (ਸੀ.ਈ.ਓ. ਦਿਲਾਵਰੀ ਇੰਮੀਗ੍ਰੇਸ਼ਨ) ਹਾਜ਼ਰ ਸਨ। ਸ੍ਰੀ ਅਸ਼ੋਕ ਗਰਗ ਨੇ ਕਿਹਾ ਕਿ ਇਹ ਪਹਿਲ ਸਵਾਇਟ ਕਾਲਜ ਦੇ ਅੰਡਰ ਗ੍ਰੈਜੂਏਟ ਤੇ ਪੋਸਟ ਗ੍ਰੈਜੂਏਟ ਵਿਦਿਆਰਥੀਆਂ ਲਈ ਕੈਨੇਡਾ ਵਿਖੇ ਆਪਣੀ ਪੜ੍ਹਾਈ ਪੂਰੀ ਕਰਨ ਲਈ ਨਵੀਆਂ ਸੰਭਾਵਨਾਵਾਂ ਖੋਲ੍ਹੇਗੀ। ਪ੍ਰੋਗਰਾਮ ਦੌਰਾਨ ਦੋਵਾਂ ਵਿੱਦਿਅਕ ਸੰਸਥਾਵਾਂ ਦੇ ਮੁਖੀਆਂ ਨੇ ਨਵੀਂ ਸ਼ੁਰੂਆਤ ਲਈ ਇੱਕ ਦੂਜੇ ਦਾ ਧੰਨਵਾਦ ਕੀਤਾ ਤੇ ਵਿਦਿਆਰਥੀਆਂ ਨੂੰ ਸ਼ੁਭ-ਕਾਮਨਾਵਾਂ ਦਿੱਤੀਆਂ। ਚੇਅਰਮੈਨ ਸ੍ਰੀ ਅਸ਼ਵਨੀ ਗਰਗ ਨੇ ਕਿਹਾ ਕਿ ਸਵਾਇਟ ਦੀ ਸਥਾਪਨਾ 2004 ਵਿੱਚ ਰਘੂਨਾਥ ਰਾਏ ਮੈਮੋਰੀਅਲ ਐਜੂਕੇਸ਼ਨ ਐਂਡ ਚੈਰੀਟੇਬਲ ਟਰੱਸਟ ਵੱਲੋਂ ਕੀਤੀ ਗਈ ਸੀ। ਐੱਨ ਐੱਚ-1 ਚੰਡੀਗੜ੍ਹ-ਪਟਿਆਲਾ ਨੈਸ਼ਨਲ ਹਾਈਵੇ 'ਤੇ ਚੰਡੀਗੜ੍ਹ ਤੋਂ 30 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇੱਕ ਅਤਿ-ਆਧੁਨਿਕ ਕੈਂਪਸ, ਸਵਾਇਟ ਇੰਜੀਨੀਅਰਿੰਗ ਤੇ ਤਕਨਾਲੋਜੀ, ਫਾਰਮੇਸੀ, ਕੰਪਿਊਟਰ ਐਪਲੀਕੇਸ਼ਨ, ਬਿਜ਼ਨੈੱਸ ਸਟੱਡੀਜ਼, ਪੈਰਾ-ਮੈਡੀਕਲ, ਬੇਸਿਕ ਸਾਇੰਸਜ਼ ਤੇ ਕਾਨੂੰਨ ਦੇ ਖੇਤਰ ਵਿੱਚ ਪੜ੍ਹਾਈ ਦੇ ਧੁਰੇ ਵਜੋਂ ਕੰਮ ਕਰ ਰਿਹਾ ਹੈ। ਡਾਇਰੈਕਟਰ ਮਿਸ ਰੂਚੀ ਸਿੰਗਲਾ ਨੇ ਕਿਹਾ ਕਿ ਫੋਕਸ ਕਾਲਜ ਕੈਨੇਡਾ ਦੀ ਸਥਾਪਨਾ ਸਾਲ 1992 ਵਿੱਚ ਕੀਤੀ ਗਈ ਸੀ, ਉਦੋਂ ਤੋਂ ਇਹ ਕਾਲਜ ਲਗਾਤਾਰ ਸਿੱਖਿਆ ਦੀ ਭਾਵਨਾ ਨੂੰ ਜਗਾ ਰਿਹਾ ਹੈ, ਵਿਦਿਆਰਥੀਆਂ ਨੂੰ ਸੰਸਥਾ ਰਾਹੀਂ ਵਧੀਆ ਤੋਂ ਵਧੀਆ ਵਿੱਦਿਅਕ ਸਹੂਲਤਾਂ ਮਿਲ ਰਹੀਆਂ ਹਨ। ਕਾਲਜ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ, ਕਾਰੋਬਾਰ, ਆਈ ਟੀ ਸੈਕਟਰ ਤੇ ਸੈਰ-ਸਪਾਟਾ ਵਿੱਚ ਕੋਰਸਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਰਾਹੀਂ ਰੁਜ਼ਗਾਰ-ਮੁਖੀ ਸਿੱਖਿਆ ਪ੍ਰਦਾਨ ਕਰ ਰਿਹਾ ਹੈ। ਇਸ ਲਈ ਇਹ ਸਮਝੌਤਾ ਭਵਿੱਖ 'ਚ ਉੱਤਮ ਤੇ ਨਾਮੀ ਵਿੱਦਿਅਕ ਅਦਾਰਿਆਂ ਦੋਵਾਂ ਲਈ ਬਹੁਤ ਸਹਾਈ ਸਿੱਧ ਹੋਵੇਗਾ। ਸਵਾਇਟ ਵਿਦਿਆਰਥੀਆਂ ਲਈ ਐੱਫ. ਸੀ., ਕੈਨੇਡਾ ਵਿੱਚ ਕੇਲੋਨਾ, ਐਬਟਸਫੋਰਡ, ਸਰੀ ਤੇ ਵੈਨਕੂਵਰ ਵਿੱਚ ਸਥਿਤ ਚਾਰ ਐੱਫ.ਸੀ. ਕੈਂਪਸਾਂ ਵਿੱਚੋਂ ਕਿਸੇ ਇੱਕ ਤੋਂ ਆਪਣੀ ਪੜ੍ਹਾਈ ਪੂਰੀ ਕਰਨ ਲਈ ਕਈ ਰਸਤੇ ਖੋਲ੍ਹੇਗਾ। ਹੁਣ ਬੱਚਿਆਂ ਨੂੰ ਸਿੱਖਿਆ ਪ੍ਰਾਪਤ ਕਰਨ ਲਈ ਇਨ੍ਹਾਂ ਸੰਸਥਾਵਾਂ ਵਿੱਚ ਭਟਕਣਾ ਨਹੀਂ ਪਵੇਗਾ।

## ਸ਼੍ਰੋਮਣੀ ਕਮੇਟੀ ਚੋਣਾਂ ਲਈ ਲਾਮਬੰਦ ਹੋਣ ਸਿੱਖ ਨੌਜਵਾਨ : ਪੰਥਕ ਅਕਾਲੀ ਲਹਿਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਕਾਲੀ ਰਾਜਨੀਤੀ ਨੂੰ ਬਾਦਲ ਪਰਿਵਾਰ ਦੇ ਚੁੰਗਲ 'ਚੋਂ ਆਜ਼ਾਦ ਕਰਵਾਉਣ ਲਈ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਦੀ ਅਗਵਾਈ 'ਚ ਚਲਾਈ ਜਾ ਰਹੀ ਪੰਥਕ ਅਕਾਲੀ ਲਹਿਰ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਅਗਾਮੀ ਚੋਣਾਂ ਦੇ ਮੱਦੇਨਜ਼ਰ ਅਪੀਲ ਕੀਤੀ ਗਈ ਕਿ ਸਿੱਖ ਨੌਜਵਾਨ ਲਾਮਬੰਦ ਹੋ ਕੇ ਪਿੰਡ ਪੱਧਰ 'ਤੇ ਯੂਥ ਕਮੇਟੀਆਂ ਬਣਾਉਣ। ਉਪਰੋਕਤ ਵਿਚਾਰ ਗੱਲਬਾਤ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੈਂਬਰ ਕਾਰਜਕਾਰਨੀ ਤੇ ਪੰਥਕ ਲਹਿਰ ਦੇ ਆਗੂ ਭਾਈ ਗੁਰਪ੍ਰੀਤ ਸਿੰਘ ਰੰਧਾਵੇ ਵਾਲਿਆਂ ਨੇ ਪ੍ਰਗਟ ਕੀਤੇ।

ਉਨ੍ਹਾ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਪੰਥਕ ਰਹੁ-ਰੀਤਾਂ ਅਨੁਸਾਰ ਕਰਨ ਦੀ ਬਜਾਏ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੀ ਜਾ ਰਹੀ ਹੈ ਤੇ ਸ਼੍ਰੋਮਣੀ ਕਮੇਟੀ ਦੀਆਂ ਅਰਬਾਂ ਖਰਬਾਂ ਰੁਪਏ ਦੀਆਂ ਜਾਇਦਾਦਾਂ ਨੂੰ ਖੁਰਦ ਬੁਰਦ ਕੀਤਾ ਜਾ ਚੁੱਕਾ ਹੈ, ਇਸ ਲਈ ਪੰਥਕ ਸੰਸਥਾਵਾਂ ਨੂੰ ਅਮਰ ਵੇਲ ਵਾਂਗ ਚਿੰਬੜੇ ਬਾਦਲ ਪਰਿਵਾਰ ਤੋਂ ਸ਼੍ਰੋਮਣੀ ਕਮੇਟੀ ਤੇ ਅਕਾਲੀ ਰਾਜਨੀਤੀ ਨੂੰ ਆਜ਼ਾਦਾ ਕਰਵਾਉਣਾ ਬੇਹੱਦ ਜ਼ਰੂਰੀ ਹੋ ਗਿਆ ਹੈ। ਇਸ ਲਈ ਪੰਥਕ ਅਕਾਲੀ ਲਹਿਰ ਵੱਲੋਂ ਸਮੁੱਚੇ ਪੰਥ ਦਰਦੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਅਗਾਮੀ ਸ਼੍ਰੋਮਣੀ ਕਮੇਟੀ ਚੋਣਾਂ ਲਈ ਹੁਣੇ ਤੋਂ ਕਮਰਕੱਸੇ ਕਰ ਲੈਣ।

# ਫਿਰੋਜ਼ਪੁਰ ਦੇ ਖਿਡਾਰੀਆਂ ਨੇ ਇੰਟਰਨੈਸ਼ਨਲ ਓਪਨ ਚੈੱਸ ਟੂਰਨਾਮੈਂਟ 'ਚ ਮਾਰੀਆਂ ਮੱਲਾਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**




ਦੂਜਾ ਕਸ਼ਮੀਰ ਫਾਈਡ ਇੰਟਰਨੈਸ਼ਨਲ ਓਪਨ ਰੇਟਿੰਗ ਚੈੱਸ ਟੂਰਨਾਮੈਂਟ ਆਲ ਇੰਡੀਆ ਫੈਡਰੇਸ਼ਨ ਐਂਡ ਆਲ ਜੰਮੂ ਕਸ਼ਮੀਰ ਚੈੱਸ ਐਸੋਸੀਏਸ਼ਨ ਤੇ ਦਿ ਕਸ਼ਮੀਰ ਚੈੱਸ ਕਲੱਬ ਸ਼੍ਰੀਨਗਰ ਵੱਲੋਂ ਇੰਡੋਰ ਸਪੋਰਟਸ ਕੰਪਲੈਕਸ ਪੋਲੋ ਗ੍ਰਾਊਂਡ ਸ਼੍ਰੀਨਗਰ (ਜੰਮੂ ਅਤੇ ਕਸ਼ਮੀਰ) ਵਿਖੇ ਕਰਾਇਆ ਗਿਆ, ਜਿਸ ਵਿੱਚ ਪੂਰੇ ਵਿਸ਼ਵ 'ਚੋਂ ਚੈੱਸ ਖਿਡਾਰੀਆਂ ਨੇ ਭਾਗ ਲਿਆ।ਇਸ ਟੂਰਨਾਮੈਂਟ ਬਾਰੇ ਜਾਣਕਾਰੀ ਦਿੰਦਿਆਂ ਹੋਏ ਅਧਿਆਪਕ ਹਰੀਸ਼ ਕੁਮਾਰ ਨੇ ਕਿਹਾ ਕਿ ਇਸ ਵਿੱਚ 10 ਖਿਡਾਰੀਆਂ ਨੇ ਭਾਗ ਲਿਆ।ਇਸ ਵਿੱਚ ਕੋਚ ਲੈਕਚਰਾਰ ਤਜਿੰਦਰ ਸਿੰਘ ਨੇ ਵੀ ਭਾਗ ਲਿਆ ਤੇ ਉਨ੍ਹਾਂ 1200 ਤੋਂ 1600 ਰੇਟਿੰਗ ਵਿੱਚ ਦੂਸਰਾ ਸਥਾਨ ਹਾਸਲ ਕੀਤਾ ਤੇ 7000 ਦਾ ਨਗਦ ਇਨਾਮ ਹਾਸਲ ਕੀਤਾ ਅਤੇ ਓਪਨ ਕੈਟਾਗਰੀ ਵਿੱਚ 8ਵੇਂ ਸਥਾਨ 'ਤੇ ਵੀ ਰਹੇ।ਹਰੀਸ਼ ਕੁਮਾਰ ਨੇ ਦੱਸਿਆ ਫਿਰੋਜ਼ਪੁਰ ਤੋਂ ਕਰੀਆਂ ਪਹਿਲਵਾਨ ਦੀ ਖਿਡਾਰਨ ਨੇ ਕੈਟਾਗਰੀ 15 ਵਿੱਚੋਂ ਪਹਿਲਾ ਤੇ ਕੋਮਲਪ੍ਰੀਤ ਕੌਰ ਨੇ ਕੈਟਾਗਰੀ 12 ਵਿੱਚੋਂ ਦੂਜਾ ਸਥਾ ਪ੍ਰਾਪਤ ਕਰਕੇ ਫਿਰੋਜ਼ਪੁਰ, ਪੰਜਾਬ ਤੇ ਦੇਸ਼ ਦਾ ਨਾਂਅ ਰੌਸ਼ਨ ਕੀਤਾ ਹੈ।ਸਰਕਾਰੀ ਪ੍ਰਾਇਮਰੀ ਸਕੂਲ ਸੂਬਾ ਕਦੀਮ ਦੇ ਵਿਦਿਆਰਥੀਆਂ ਯੁਵਰਾਜ ਸਿੰਘ, ਅਮ੍ਰਿਤਪਾਲ, ਹਰਗੁਨ ਤੇ ਗਗਨਦੀਪ ਸਿੰਘ (ਸਰਕਾਰੀ ਪ੍ਰਾਇਮਰੀ ਸਕੂਲ ਖੂਹ ਮੋਹਰ ਸਿੰਘ ਵਾਲਾ) ਨੇ ਵਧੀਆ ਪ੍ਰਦਰਸ਼ਨ ਕੀਤਾ, ਚੈੱਸ ਜਗਤ ਵਿੱਚ ਇਹ ਪ੍ਰਾਪਤੀ ਕਾਬਲੇ ਤਾਰੀਫ ਹੈ।ਉਨ੍ਹਾਂ ਕਿਹਾ ਕਿ ਇਹ ਖਿਡਾਰੀ ਤਿਆਰ ਨਹੀਂ ਹੋਣਗੇ, ਬਲਕਿ ਦੇਸ਼ ਦਾ ਵੀ ਉਜਵਲ ਭਵਿੱਖ ਬਨਣਗੇ।

ਜ਼ਿਕਰਯੋਗ ਹੈ ਕਿ ਕਿ ਹਰੀਸ਼ ਕੁਮਾਰ ਅਧਿਆਪਕ ਸਰਕਾਰੀ ਪ੍ਰਾਇਮਰੀ ਸਕੂਲ ਸੂਬਾ ਕਦੀਮ ਬਲਾਕ ਫਿਰੋਜ਼ਪੁਰ 3, ਦੀ ਮਿਹਨਤ ਸਦਕਾ ਪਹਿਲਾਂ ਵੀ ਇਹ ਬੱਚੇ ਸਟੇਟ ਮੁਕਾਬਲੇ ਵਿੱਚ ਚੌਥਾ ਸਥਾਨ ਲੈ ਕੇ ਆਪਣੇ ਅਧਿਆਪਕ ਤੇ ਸਕੂਲ ਦਾ ਨਾਂਅ ਰੋਸ਼ਨ ਕਰ ਚੁੱਕੇ ਹਨ ਤੇ ਇਨ੍ਹਾਂ ਬੱਚਿਆਂ ਨੂੰ ਇੰਟਰਨੈਸ਼ਨਲ ਪੱਧਰ ਤੱਕ ਪੂਰੀ ਜ਼ਿੰਮੇਵਾਰੀ ਨਾਲ ਲੈ ਕੇ ਜਾਣਾ ਅਤੇ ਸਾਰਾ ਖਰਚ ਹਰੀਸ਼ ਕੁਮਾਰ ਨੇ ਆਪ ਕੀਤਾ ਹੈ, ਜੋ ਕਿ ਇੱਕ ਮਿਸਾਲ ਹੈ।ਫਿਰੋਜ਼ਪੁਰ ਦੀਆਂ ਸਮੂਹ ਸਮਾਜਿਕ ਤੇ ਖੇਡ ਪ੍ਰੇਮੀਆਂ ਨੂੰ ਇਸ ਮਿਹਨਤੀ ਇਨਸਾਨ ਤੇ ਉਨ੍ਹਾਂ ਵੱਲੋਂ ਤਿਆਰ ਕਰਕੇ ਜਿੱਤ ਪ੍ਰਾਪਤ ਕਰਕੇ ਆਏ ਬੱਚਿਆਂ ਦੀ ਹੌਸਲਾ ਅਫਜ਼ਾਈ ਕਰਨੀ ਚਾਹੀਦੀ ਹੈ।

# ਭਾਜਪਾ ਦੀ ਰੈਲੀ 'ਚ ਪਹੁੰਚੇ ਵੱਡੇ ਨੇਤਾ



**ਲੌਂਗੋਵਾਲ (ਕੁਲਦੀਪ ਅੱਤਰੀ, ਪ੍ਰਦੀਪ ਸਿੰਘ ਸੱਪਲ)**-ਭਾਜਪਾ ਵੱਲੋਂ ਜ਼ਿਲ੍ਹੇ ਦੇ ਲੌਂਗੋਵਾਲ ਵਿਖੇ ਮੈਡਮ ਦਮਨ ਥਿੰਦ ਬਾਜਵਾ ਭਾਜਪਾ ਨੇਤਰੀ ਦੀ ਅਗਵਾਈ ਦੇ ਵਿੱਚ ਕਰਾਈ ਮਹਾਂਰੈਲੀ ਵਿੱਚ ਕੇਂਦਰੀ ਮੰਤਰੀ ਮਨਸੁਖ ਮਾਂਡਵੀਆ, ਪੰਜਾਬ ਪ੍ਰਧਾਨ ਅਸ਼ਵਨੀ ਸ਼ਰਮਾ, ਸ੍ਰੀ ਮਹਿੰਦਰ ਸਿੰਘ ਸਾਬਕਾ ਮੰਤਰੀ ਯੂ.ਪੀ, ਜੈਇੰਦਰ ਕੌਰ, ਗੁਰਪ੍ਰੀਤ ਕਾਂਗੜ, ਦਿਆਲ ਸਿੰਘ ਸੋਢੀ, ਅਰਵਿੰਦ ਖੰਨਾ ਤੇ ਕੇਵਲ ਸਿੰਘ ਢਿੱਲੋਂ ਸਮੇਤ ਕਈ ਵੱਡੇ ਨੇਤਾ ਪੁੱਜੇ। ਸ਼੍ਰੋਮਣੀ ਅਕਾਲੀ ਦਲ ਬਾਦਲ ਤੋਂ ਵੱਖ ਹੋਣ ਤੋਂ ਬਾਅਦ ਪਹਿਲੀ ਵਾਰ ਪੰਜਾਬ ਦੀ ਸਿਆਸਤ ਵਿੱਚ ਅਹਿਮ ਸਥਾਨ ਰੱਖਣ ਵਾਲੇ ਖਿੱਤੇ ਮਾਲਵਾ ਦੇ ਜ਼ਿਲ੍ਹਾ ਸੰਗਰੂਰ ਵਿੱਚ ਭਾਰਤੀ ਜਨਤਾ ਪਾਰਟੀ ਭਾਜਪਾ ਆਪਣੀ ਵੱਡੀ ਹਾਜ਼ਰੀ ਲਵਾਉਂਦੀ ਨਜ਼ਰ ਆ ਰਹੀ ਹੈ। ਕੇਂਦਰੀ ਮੰਤਰੀ ਮਨਸੁਖ ਮਾਡਵੀਆਂ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਭਾਜਪਾ ਹੀ ਗਰੀਬਾਂ ਦੀ, ਕਿਸਾਨਾਂ ਦੀ ਸੇਵਾ ਕਰਨ ਵਾਲੀ ਪਾਰਟੀ ਹੈ ਭਾਜਪਾ ਦੇ ਝੰਡੇ ਵਾਲੀ ਸਰਕਾਰ ਸਦਾ ਸੇਵਾ ਕਰਦੀ ਹੈ। ਉਨ੍ਹਾਂ ਨੇ ਕਿਹਾ ਕਿ ਭਾਜਪਾ ਨੇ ਕਿਸਾਨਾਂ ਦੇ ਹਿੱਤਾਂ ਨੂੰ ਦੇਖਦੇ ਹੋਏ ਯੂਰੀਆ ਲਈ 2.5 ਲੱਖ ਕਰੋੜ ਦੀ ਸਬਸਿਡੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ 'ਚ ਪੰਜਾਬ ਪੂਰੀ ਤਰ੍ਹਾਂ ਬਰਬਾਦ ਹੋ ਚੁੱਕਾ ਹੈ। ਇਸ ਮੌਕੇ ਯੂਪੀ ਦੇ ਸਾਬਕਾ ਮੰਤਰੀ ਮਹਿੰਦਰ ਸਿੰਘ, ਮੈਡਮ ਦਾਮਨ ਥਿੰਦ ਬਾਜਵਾ, ਅਰਵਿੰਦ ਖੰਨਾ, ਕੇਵਲ ਸਿੰਘ ਢਿੱਲੋਂ ਸਮੇਤ ਕਈ ਵੱਡੇ ਨੇਤਾਵਾਂ ਨੇ ਸੰਬੋਧਨ ਕੀਤਾ। ਇਸ ਮੌਕੇ ਹਰਚੰਦ ਕੌਰ, ਪ੍ਰੇਮ ਗੁਗਨਾਨੀ ਰਨਦੀਪ ਦਿਓਲ, ਰਿਸ਼ੀਪਾਲ ਖੇਰਾ, ਐਡਵੋਕੇਟ ਅੰਮ੍ਰਿਤਰਾਜ ਚੱਠਾ, ਰਾਜੀਵ ਮੱਖਣ, ਜਤਿੰਦਰ ਕਾਲੜਾ, ਮਾਸਟਰ ਅਜੈਬ ਰਾਟੋਲ, ਅਸ਼ਵਨੀ ਸਿੰਗਲਾ, ਸੰਜੀਵ ਕੁਮਾਰ, ਹਿੰਮਤ ਬਾਜਵਾ, ਗੋਬਿੰਦ ਖੰਘੂੜਾ, ਸਰਕਲ ਪ੍ਰਧਾਨ ਵਿਜੇ ਕੁਮਾਰ ਗੋਇਲ ਲੌਂਗੋਵਾਲ, ਸੋਨੂੰ ਮੋਨੂੰ ਜਿੰਦਲ, ਰਤਨ ਕੁਮਾਰ ਮੰਗੂ, ਡਾ ਕੇਵਲ ਚੰਦ ਧੌਲਾ, ਕੁਲਦੀਪ ਮੰਗਲਾ, ਸੰਜੇ ਸੈਨ ਤੋਂ ਇਲਾਵਾ ਸਰਕਲ ਲੌਂਗੋਵਾਲ ਸੀਨੀਅਰ ਵਰਕਰ ਮੌਜੂਦ ਸਨ।

# ਜਲ ਸਪਲਾਈ ਵਿਭਾਗ ਦੇ ਕਾਮੇ ਰੈਗੂਲਰ ਹੋਣ ਦੀ ਯੋਗਤਾ ਪੂਰੀ ਨਾ ਹੋਣ ਦੇ ਅੰਕੜੇ ਸੰਘਰਸ਼ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ : ਵਰਿੰਦਰ ਮੋਮੀ

**ਜਲਾਲਾਬਾਦ (ਜੀਤ ਕੁਮਾਰ)**



ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ ਤੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਅਖ਼ਬਾਰ ਵਿਚ ਸਰਕਾਰ ਅਤੇ ਵਿਭਾਗ ਦੇ ਅੰਕੜਿਆਂ ਦੇ ਹਵਾਲੇ ਅਧੀਨ 'ਜਲ ਘਰਾਂ 'ਚ ਤੈਨਾਤ 86 ਫੀਸਦੀ ਕੱਚੇ ਕਾਮੇ ਅਯੋਗ ਨਿਕਲੇ' ਸਿਰਲੇਖ ਹੇਠ ਪ੍ਰਕਾਸ਼ਤ ਖਬਰ 'ਤੇ ਪ੍ਰਤੀਕਰਮ ਦਿੰਦੇ ਹੋਏ ਕਿਹਾ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ 'ਚ ਸਾਲਾਂਬੱਧੀ ਅਰਸੇ ਤੋਂ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਅਤੇ ਆਊਟਸੋਰਸ ਕਾਮਿਆਂ ਦੇ ਤਜਰਬੇ ਦੇ ਅਧਾਰ ਤੇ ਵਿਭਾਗ ਵਿਚ ਸ਼ਾਮਲ ਕਰਕੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ ਦੀ ਮੰਗ ਲਈ ਚੱਲ ਰਹੇ ਸੰਘਰਸ਼ ਦੇ ਦੌਰਾਨ ਮੌਜੂਦਾ ਪੰਜਾਬ ਸਰਕਾਰ ਵਲੋਂ ਕੱਚੇ ਕਾਮਿਆਂ ਨੂੰ ਰੈਗੂਲਰ ਕਰਨ ਦਾ ਪ੍ਰੋਸੈਸ ਸ਼ੁਰੂ ਕਰਨ ਉਪਰੰਤ ਇਹ ਤੱਥ ਪੇਸ਼ ਕੀਤੇ ਗਏ ਹਨ ਕਿ ਬਹੁਗਿਣਤੀ ਕੱਚੇ ਕਾਮਿਆਂ ਕੋਲ ਲੋੜੀਦੀ ਵਿੱਦਿਅਕ ਯੋਗਤਾ ਹੀ ਨਹੀਂ ਹੈ ਅਤੇ ਇਹ ਕਾਮੇ ਅਕਾਲੀ-ਭਾਜਪਾ ਗਠਜੋੜ ਤੇ ਕਾਂਗਰਸ ਦੇ ਰਾਜ ਦੌਰਾਨ ਭਰਤੀ ਕੀਤੇ ਗਏ ਸਨ। ਖ਼ਬਰ ਵਿੱਚ ਅੰਕੜੇ ਪੇਸ਼ ਕੀਤੇ ਗਏ ਹਨ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਿਚ ਕੁੱਲ 4329 ਕਾਮੇ ਇਨਲਿਸਟਮੈਂਟ ਅਤੇ ਆਊਟਸੋਰਸ ਦੇ ਰੂਪ ਵਿਚ ਕੰਮ ਕਰਦੇ ਹਨ, ਜਿਨ੍ਹਾਂ ਵਿਚੋਂ 3530 ਕਾਮੇ ਤਾਂ ਜਲ ਸਪਲਾਈ ਸਕੀਮਾਂ ਤੇ ਤੈਨਾਤ ਹਨ ਜਦਕਿ 799 ਕੱਚੇ ਕਾਮੇ ਦਫਤਰਾਂ ਵਿਚ ਕੰਮ ਕਰ ਰਹੇ ਹਨ। ਸਰਕਾਰੀ ਰਿਪੋਰਟ ਅਨੁਸਾਰ ਦਫ਼ਤਰੀ ਕਾਮਿਆਂ ਵਿਚੋਂ 161 ਕਾਮੇ (20 ਫ਼ੀਸਦੀ) ਅਯੋਗ ਪਾਏ ਗਏ ਹਨ। ਜਦਕਿ ਜਲ ਸਪਲਾਈ ਸਕੀਮਾਂ ਤੇ ਤੈਨਾਤ ਕੁਲ 3530 ਕਾਮਿਆਂ ਵਿਚੋਂ 3039 ਕਾਮੇ (86 ਫੀਸਦੀ) ਅਯੋਗ ਹਨ। ਪਰ ਅਸਾਮੀ ਵਾਸਤੇ ਆਈਟੀਆਈ ਪਾਸ ਹੋਣਾ ਲਾਜ਼ਮੀ ਸੀ, ਉਸ ਅਸਾਮੀ 'ਤੇ ਅਨਪੜ੍ਹ ਵੀ ਭਰਤੀ ਕੀਤੇ ਗਏ ਹਨ, ਜਿਸ ਤਹਿਤ 74 ਫੀਸਦੀ ਕੱਚੇ ਕਾਮੇ ਅਯੋਗ ਹਨ, ਜਿਨ੍ਹਾਂ ਕੋਲ ਯੋਗਤਾ ਹੀ ਨਹੀਂ ਹੈ।

ਸੂਬਾਈ ਆਗੂਆਂ ਨੇ ਕਿਹਾ ਕਿ ਅਸੀਂ ਸਮਝਦੇ ਹਾਂ ਕਿ ਮੌਜੂਦਾ ਸਰਕਾਰ ਅਤੇ ਜਲ ਸਪਲਾਈ ਮਹਿਕਮੇ ਦੇ ਅਧਿਕਾਰੀਆਂ ਦੀ ਇਹ ਇਕ ਸੋਚੀ-ਸਮਝੀ ਸਾਜਿਸ਼ ਹੈ ਕਿਉਂਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦਾ ਮੁਕੰਮਲ ਪੰਚਾਇਤੀਕਰਨ/ਨਿੱਜੀਕਰਨ ਕਰਨ ਦੀਆਂ ਨੀਤੀਆਂ ਲਾਗੂ ਕਰਨ ਦਾ ਸਿਲਸਿਲਾ ਜੋਰ ਸ਼ੋਰ ਨਾਲ ਚੱਲ ਰਿਹਾ ਹੈ ਉਥੇ ਹੀ ਪਿਛਲੇ 10-15 ਸਾਲਾਂ ਦੇ ਵੱਧ ਅਰਸ਼ੇ ਤੋਂ ਤਨਦੇਹੀ ਦੇ ਨਾਲ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਅਤੇ ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਤੋਂ ਇਨਕਾਰੀ ਹੈ। ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਸਰਕਾਰ ਵੱਲੋਂ 1996, 1999 ਅਤੇ 2011 ਵਿਚ ਜਲ ਸਪਲਾਈ ਵਿਭਾਗ ਦੇ ਉਨ੍ਹਾਂ ਕੱਚੇ ਮੁਲਾਜ਼ਮਾਂ ਨੂੰ ਵੀ ਰੈਗੂਲਰ ਕੀਤਾ ਗਿਆ ਹੈ, ਜੋ ਭਾਵੇਂ ਵਿੱਦਿਅਕ ਯੋਗਤਾ ਪੂਰੀ ਨਹੀਂ ਕਰਦੇ, ਪਰ ਕੰਮ ਕਰਨ ਦਾ ਤਜਰਬਾ ਪੂਰਾ ਕਰਦੇ ਸਨ, ਅਜਿਹੇ ਉਸ ਸਮੇਂ ਕੋਰੇ ਅਨਪੜ੍ਹ ਮੁਲਾਜ਼ਮਾਂ ਨੂੰ ਵੀ ਪੱਕਾ ਕੀਤਾ ਗਿਆ ਸੀ। ਸੂਬਾ ਆਗੂਆਂ ਨੇ ਜਲ ਸਪਲਾਈ ਵਿਭਾਗ ਦੇ ਕਾਮਿਆਂ ਨੂੰ ਅਪੀਲ ਕਰਦੇ ਹਾਂ ਕਿ ਸਰਕਾਰ ਦੇ ਇਸ ਗੁੰਮਰਾਹਕਾਰੂ ਬਿਆਨ ਤੋਂ ਨਿਰਾਸ਼ ਹੋਣ ਦੀ ਥਾਂ ਸਮੂਹ ਇਨਲਿਸਟਮੈਂਟ ਤੇ ਆਊਟਸੋਰਸ ਮੁਲਾਜ਼ਮ ਸਾਲਾਂਬੱਧੀ ਅਰਸ਼ੇ ਦੇ ਤਜਰਬੇ ਦੇ ਅਧਾਰ 'ਤੇ ਵਿਭਾਗ ਵਿੱਚ ਮਰਜ ਕਰਕੇ ਰੈਗੂਲਰ ਹੋਣ ਦੇ ਹੱਕ ਦੀ ਪ੍ਰਾਪਤੀ ਲਈ ਯੂਨੀਅਨ ਦੇ ਚੱਲ ਰਹੇ ਸੰਘਰਸ਼ਾਂ ਵਿੱਚ ਵੱਧ ਚੜ੍ਹ ਕੇ ਸਹਿਯੋਗ ਦਿੱਤਾ ਜਾਵੇ। ਇਸ ਲਈ ਸਾਡੀ ਮੁੱਖ ਮੰਤਰੀ ਪੰਜਾਬ ਸਰਕਾਰ ਨੂੰ ਵੀ ਸਾਡੀ ਅਪੀਲ ਹੈ ਕਿ ਇਹੋ ਜਿਹੀਆਂ ਘਟੀਆ ਹਰਕਤਾਂ ਤੋਂ ਬਾਜ ਆ ਕੇ ਜਲ ਸਪਲਾਈ ਵਿਭਾਗ ਦੇ ਇਨਲਿਸਟਮੈਂਟ ਤੇ ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦੇ ਹੱਕ ਦੇਣ ਵਾਸਤੇ ਉਪਰਾਲੇ ਕੀਤੇ ਜਾਣ ਅਤੇ ਘਟੀਆ ਬਿਆਨਬਾਜ਼ੀ ਤੋਂ ਗੁਰੇਜ਼ ਕੀਤਾ ਜਾਵੇ।

# ਗੁਰਦੁਆਰਾ ਪਾਤਸ਼ਾਹੀ ਸੱਤਵੀਂ ਪਿੰਡ ਲਹਿਰਾ ਮੁਹੱਬਤ ਵਿਖੇ ਗੁਰਮਤਿ ਕੈਂਪ ਲਾਇਆ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਸਕੱਤਰ ਸਾਹਿਬਾਨ, ਜਥੇਦਾਰ ਮੇਜਰ ਸਿੰਘ ਢਿੱਲੋਂ ਮੈਂਬਰ ਹਲਕਾ ਰਾਮਪੁਰਾ ਫੂਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਗੁਰਦੁਆਰਾ ਪਾਤਸ਼ਾਹੀ ਸੱਤਵੀਂ ਪਿੰਡ ਲਹਿਰਾ ਮੁਹੱਬਤ ਵਿਖੇ 5 ਤੋਂ 17 ਜੂਨ ਤੱਕ 13 ਰੋਜ਼ਾ ਗੁਰਮਤਿ ਕੈਂਪ ਲਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਬੱਚਿਆਂ ਸਮੇਤ ਸੰਗਤਾਂ ਨੇ ਹਾਜ਼ਰੀ ਭਰੀ। ਸਮਾਪਤੀ ਸਮੇਂ ਗੁਰਮਤਿ ਇੰਸਟੀਚਿਊਟ ਤਲਵੰਡੀ ਸਾਬੋ ਦੇ ਵਿਦਿਆਰਥੀਆਂ ਨੇ ਕੀਰਤਨ ਦੀ ਹਾਜ਼ਰੀ ਭਰੀ। ਗੁਰਸੇਵਾ ਸੁਸਾਇਟੀ ਰਾਮਪੁਰਾ ਦੇ ਮੁਖੀ ਗੁਰਰਾਜ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਗੁਰਬਾਣੀ ਨਾਲ ਜੋੜਿਆ ਜਾਵੇ। ਇਸ ਕਾਰਜ ਵਿੱਚ ਧਰਮ ਪ੍ਰਚਾਰ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਝੱਬਰ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਇੰਚਾਰਜ ਜਗਪਾਲ ਸਿੰਘ ਦਾਤੇਵਾਸ, ਜਸਵੀਰ ਸਿੰਘ ਲੌਂਗੋਵਾਲ, ਗੁਰਪ੍ਰੀਤ ਸਿੰਘ ਜੱਜਲ, ਗੁਰਮਤਿ ਇੰਸਟੀਚਿਊਟ ਤਲਵੰਡੀ ਸਾਬੋ ਦੇ ਪ੍ਰਿੰਸੀਪਲ ਰਵਿੰਦਰ ਸਿੰਘ ਅਤੇ ਪ੍ਰਚਾਰਕ ਹਰਦੀਪ ਸਿੰਘ ਬੱਲੋ ਦਾ ਭਰਪੂਰ ਸਹਿਯੋਗ ਮਿਲਿਆ। ਇਸ ਸਮੇਂ ਮਾਲਵਾ ਜ਼ੋਨ ਦੇ ਨਿਗਰਾਨ ਭਾਈ ਨਿਰਭੈ ਸਿੰਘ ਜਿਉਂਦ ਨੇ ਕਿਹਾ ਕਿ ਸਾਨੂੰ ਕਰਮ ਕਾਂਡ, ਨਸ਼ੇ ਅਤੇ ਦੇਹਧਾਰੀ ਗੁਰੂ ਡੰਮ ਨੂੰ ਛੱਡ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਹਿਤ ਮਰਯਾਦਾ 'ਤੇ ਪਹਿਰਾ ਦੇਣਾਂ ਚਾਹੀਦਾ ਹੈ। ਇਸ ਮੌਕੇ ਗੁਰੂ ਘਰ ਕਮੇਟੀ ਦੇ ਪ੍ਰਧਾਨ ਅਮਰੀਕ ਸਿੰਘ, ਜਰਨਲ ਸਕੱਤਰ ਲਛਮਣ ਸਿੰਘ ਅਤੇ ਮੈਂਬਰ ਸਾਹਿਬਾਨ ਗੁਰਚਰਨ ਸਿੰਘ, ਕਾਲਾ ਸਿੰਘ ਤੇ ਨੈਬ ਸਿੰਘ ਆਦਿ ਹਾਜ਼ਰ ਸਨ।

# ਐਸਟੀਮੇਟ ਪਾਸ ਹੋਣ ਦੇ ਬਾਵਜੂਦ ਨਹੀਂ ਸ਼ੁਰੂ ਹੋ ਰਿਹਾ ਨਿਕਾਸੀ ਨਾਲੇ ਦਾ ਕੰਮ

## ਹਲਕਾ ਵਿਧਾਇਕ ਤੇ ਮਹਿਕਮੇ ਦੇ ਅਧਿਕਾਰੀਆਂ ਦੇ ਹੁਕਮਾਂ ਨੂੰ ਟਿੱਚ ਜਾਣਦੈ ਸਰਪੰਚ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਲੱਖਾਂ ਰੁਪਏ ਦੀਆਂ ਗਰਾਂਟਾਂ ਪੰਜਾਬ ਸਰਕਾਰ ਵੱਲੋਂ ਗਲੀਆਂ-ਨਲੀਆਂ ਬਣਾਉਣ ਵਾਸਤੇ ਜਾਰੀ ਕਰਨ ਦੇ ਬਾਵਜੂਦ ਬੱਸ ਸਟੈਂਡ ਮਹਿਲ ਕਲਾਂ (ਬਰਨਾਲਾ) 'ਤੇ ਗੰਦੇ ਤੇ ਬਾਰਸ਼ ਦੇ ਨਿਕਾਸੀ ਪਾਣੀ ਦੀ ਸਮੱਸਿਆ ਦਾ ਹੱਲ ਨਹੀਂ ਹੋ ਸਕਿਆ। ਬਾਰਸ਼ ਸਮੇਂ ਹਾਲਾਤ ਇਹ ਬਣ ਜਾਂਦੇ ਹਨ ਕਿ ਪਾਣੀ ਇਕੱਠਾ ਹੋਣ ਨਾਲ ਬੱਸ ਸਟੈਂਡ ਛੱਪੜ ਦਾ ਰੂਪ ਧਾਰਨ ਕਰ ਜਾਂਦਾ ਹੈ। ਕਈ ਨੀਵੀਆਂ ਹੋ ਚੁੱਕੀਆਂ ਦੁਕਾਨਾਂ ਤੇ ਮਕਾਨਾਂ ਮੂਹਰੇ ਭਰ ਜਾਂਦਾ ਹੈ। ਮਹਿਲ ਕਲਾਂ ਦੇ ਪੀੜਤ ਦੁਕਾਨਦਾਰਾਂ ਨੇ ਦੱਸਿਆ ਕਿ ਮਾਮੂਲੀ ਬਾਰਸ਼ ਹੋਣ ਤੋਂ ਬਾਅਦ ਸਾਰਾ ਪਾਣੀ ਇਕੱਠਾ ਹੋ ਕੇ ਉਨ੍ਹਾਂ ਦੀਆਂ ਦੁਕਾਨਾਂ ਮੂਹਰੇ ਭਰ ਜਾਂਦਾ ਹੈ, ਕਈ ਵਾਰ ਬਾਰਸ਼ ਜ਼ਿਆਦਾ ਹੋਣ ਕਾਰਨ ਪਾਣੀ ਦੁਕਾਨਾਂ ਦੇ ਅੰਦਰ ਭਰਨ ਨਾਲ ਕੀਮਤ ਸਾਮਾਨ ਭਿੱਜ ਕੇ ਖਰਾਬ ਹੋ ਜਾਂਦਾ ਹੈ। ਇਸ ਮੁਸ਼ਕਲ ਨੂੰ ਹੱਲ ਕਰਵਾਉਣ ਵਾਸਤੇ ਉਹ ਤਕਰੀਬਨ ਡੇਢ ਮਹੀਨੇ ਪਹਿਲਾਂ ਬੀ.ਡੀ.ਪੀ.ਓ. ਮਹਿਲ ਕਲਾਂ ਨੂੰ ਲਿਖਤੀ ਰੂਪ 'ਚ ਦਰਖਾਸਤ ਦੇ ਚੁੱਕੇ ਹਨ, ਜਿਨ੍ਹਾਂ ਨੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੇ ਨਿਰਦੇਸ਼ਾਂ ਅਨੁਸਾਰ ਇਹ ਨਿਕਾਸੀ ਨਾਲਾ ਬਣਾਉਣ ਵਾਸਤੇ ਤਕਰੀਬਨ ਸਾਢੇ 7 ਲੱਖ ਰੁਪਏ ਦਾ ਐਸਟੀਮੇਟ ਪਾਸ ਕਰਵਾ ਦਿੱਤਾ ਹੈ। ਇਸ ਐਸਟੀਮੇਟ ਪਾਸ ਹੋਣ ਤੋਂ ਬਾਅਦ ਇਕ ਮਹੀਨੇ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਇਸ ਨਾਲੇ ਦਾ ਕੰਮ ਸ਼ੁਰੂ ਨਹੀਂ ਹੋ ਸਕਿਆ। ਦੁਕਾਨਦਾਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਨਾਲੇ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਉਣ ਵਾਸਤੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਮਹਿਲ ਕਲਾਂ ਦੇ ਸਰਪੰਚ ਬਲੌਰ ਸਿੰਘ ਨੂੰ ਕਈ ਵਾਰ ਫੋਨ ਕਰਕੇ ਆਖ ਦਿੱਤਾ ਹੈ, ਮਹਿਕਮੇ ਵੱਲੋਂ ਗ੍ਰਾਮ ਪੰਚਾਇਤ ਨੂੰ ਬਕਾਇਦਾ ਕੰਮ ਸ਼ੁਰੂ ਕਰਨ ਲਈ ਨਿਰਦੇਸ਼ ਜਾਰੀ ਕੀਤੇ ਗਏ ਹਨ, ਪਰ ਸਰਪੰਚ ਵੱਲੋਂ ਅੱਜ ਤੱਕ ਇਹ ਕੰਮ ਸ਼ੁਰੂ ਨਹੀਂ ਕੀਤਾ ਗਿਆ। ਬੀਤੇ ਦਿਨੀਂ ਜਦੋਂ ਉਹ ਸਮਾਜ ਸੇਵੀ ਮੰਗਤ ਸਿੰਘ ਸਿੱਧੂ ਤੇ ਨੌਜਵਾਨ ਆਗੂ ਹਰਜੀਤ ਸਿੰਘ ਖਿਆਲੀ ਨੂੰ ਲੈ ਕੇ ਸਰਪੰਚ ਦੇ ਘਰ ਗਏ ਤਾਂ ਉਸ ਨੇ ਪਹਿਲਾਂ 30 ਹਜ਼ਾਰ ਰੁਪਏ ਦੀ ਮੰਗ ਕੀਤੀ। ਉਸ ਦਾ ਇਹ ਕਹਿਣਾ ਸੀ ਕਿ ਇਹ ਰਕਮ ਉਸ ਨੂੰ ਇਹ ਨਾਲਾ ਖਾਲੀ ਕਰਵਾਉਣ ਤੇ ਨਜਾਇਜ਼ ਤੌਰ 'ਤੇ ਉਸਰੀਆਂ ਦੇਹਲੀਆਂ ਨੂੰ ਢਾਹੁਣ ਵਾਸਤੇ ਚਾਹੀਦੀ ਹੈ, ਜਦਕਿ ਇਸ ਪ੍ਰੋਜੈਕਟ ਵਾਸਤੇ ਸਰਕਾਰੀ ਗ੍ਰਾਂਟ ਮਨਜ਼ੂਰ ਹੋ ਚੁੱਕੀ ਹੈ। ਜਦੋਂ ਦੁਕਾਨਦਾਰਾਂ ਨੇ ਇਹ ਰਕਮ ਦੇਣ ਤੋਂ ਅਸਮਰੱਥਾ ਪ੍ਰਗਟ ਕੀਤੀ ਤਾਂ ਉਸ ਨੇ ਇਹ ਨਾਲੇ ਦਾ ਕੰਮ ਸ਼ੁਰੂ ਕਰਵਾਉਣ ਤੋਂ ਸਪੱਸ਼ਟ ਤੌਰ 'ਤੇ ਇਨਕਾਰ ਕਰ ਦਿੱਤਾ। ਸਰਪੰਚ ਦੇ ਇਸ ਰਵੱਈਏ ਤੋਂ ਦੁਖੀ ਦੁਕਾਨਦਾਰਾਂ ਨੇ ਮੁੱਖ ਮੰਤਰੀ ਭਗਵੰਤ ਮਾਨ, ਪੰਚਾਇਤ ਮੰਤਰੀ ਲਾਲਜੀਤ ਸਿੰਘ ਭੁੱਲਰ, ਡਿਪਟੀ ਕਮਿਸ਼ਨਰ ਬਰਨਾਲਾ ਨੂੰ ਲਿਖਤੀ ਤੌਰ 'ਤੇ ਭੇਜ ਕੇ ਨਿਕਾਸੀ ਨਾਲੇ ਤੁਰੰਤ ਉਸਾਰੀ ਤੇ ਇਸ ਕੰਮ ਨੂੰ ਜਾਣਬੁੱਝ ਕੇ ਲਟਕਾਉਣ ਵਾਲਿਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ। ਦੁਕਾਨਦਾਰਾਂ ਦਾ ਕਹਿਣਾ ਹੈ ਜੇਕਰ ਇਸ ਮੁਸ਼ਕਲ ਨੂੰ ਤੁਰੰਤ ਹੱਲ ਨਾ ਕੀਤਾ ਗਿਆ ਤਾਂ ਉਹ ਸਮੂਹ ਇਨਸਾਫ ਪਸੰਦ ਜਥੇਬੰਦੀਆਂ ਨੂੰ ਨਾਲ ਲੈ ਕੇ ਅਣਮਿੱਥੇ ਸਮੇਂ ਲਈ ਬੀ ਡੀ ਪੀ ਓ ਦਫਤਰ ਮਹਿਲ ਕਲਾਂ ਦਾ ਘਿਰਾਓ ਕਰਨਗੇ। ਦੁਕਾਨਦਾਰ ਯੂਨੀਅਨ ਦੇ ਪ੍ਰਧਾਨ ਗਗਨਦੀਪ ਸਿੰਘ ਸਰਾਂ ਨੇ ਕਿਹਾ ਕਿ ਸਾਰੇ ਦੁਕਾਨਦਾਰ ਇਸ ਨਾਲੇ ਦੀ ਉਸਾਰੀ 'ਚ ਸਹਿਯੋਗ ਦੇਣ ਲਈ ਤਿਆਰ ਹਨ।

ਇਸ ਸਬੰਧੀ ਜਦੋਂ ਬੀ.ਡੀ.ਪੀ.ਓ. ਮਹਿਲ ਕਲਾਂ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਵਿਸ਼ਵਾਸ ਦੁਆਇਆ ਕਿ ਉਹ ਸੋਮਵਾਰ ਨੂੰ ਖੁਦ ਪਹੁੰਚ ਕੇ ਮੌਕਾ ਦੇਖਣਗੇ ਤੇ ਮੁਸ਼ਕਲ ਨੂੰ ਛੇਤੀ ਹੀ ਹੱਲ ਕਰਵਾਇਆ ਜਾਵੇਗਾ।

# ਪੁਰਾਣੀ ਸਬਜ਼ੀ ਮੰਡੀ ਦੀ 40 ਸਾਲਾ ਪੁਰਾਣੀ ਮੰਗ ਨੂੰ ਭਗਵੰਤ ਮਾਨ ਸਰਕਾਰ ਨੇ ਕੀਤਾ ਮਨਜ਼ੂਰ

■ ਖੋਖਿਆਂ ਦੀ ਮੰਗ ਨੂੰ ਵੀ ਜਲਦੀ ਪੂਰਾ ਕੀਤਾ ਜਾਵੇਗਾ : ਵਿਧਾਇਕ ਅਰੋੜਾ



ਮੋਗਾ ਦੀ ਪੁਰਾਣੀ ਸਬਜ਼ੀ ਮੰਡੀ ਵਿਖੇ ਵਪਾਰੀਆਂ ਦੀਆਂ ਭਗਵੰਤ ਮਾਨ ਸਰਕਾਰ ਵੱਲੋਂ ਮਨਜ਼ੂਰ ਕੀਤੀਆਂ ਗਈਆਂ ਮੰਗਾਂ ਦਾ ਪੱਤਰ ਵਪਾਰੀਆਂ ਨੂੰ ਸੌਂਪਦੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ।

**ਮੋਗਾ (ਅਮਰਜੀਤ ਬੱਬਰੀ)**

ਮੋਗਾ ਦੀ ਪੁਰਾਣੀ ਸਬਜ਼ੀ ਮੰਡੀ ਦੇ ਦੁਕਾਨਦਾਰਾਂ ਦੀ 40 ਸਾਲਾਂ ਤੋਂ ਬਿਜਲੀ ਕੁਨੈਕਸ਼ਨ ਤੇ ਹੋਰ ਮੰਗਾਂ ਨੂੰ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਮਨਜ਼ੂਰ ਕਰ ਲਿਆ ਹੈ। ਇਹ ਵਿਚਾਰ ਮੋਗਾ ਹਲਕੇ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਸਰਕਾਰ ਵੱਲੋਂ ਮਨਜ਼ੂਰ ਹੋਈਆਂ ਮੰਗਾਂ ਦਾ ਪੱਤਰ ਵਪਾਰੀਆਂ ਨੂੰ ਸੌਂਪਣ ਮੌਕੇ ਪ੍ਰਗਟ ਕੀਤੇ। ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਰਕਾਰ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਮੋਗਾ ਦੀ ਪੁਰਾਣੀ ਸਬਜ਼ੀ ਮੰਡੀ ਦੀ 40 ਸਾਲਾ ਪੁਰਾਣੀ ਮੰਗ ਨੂੰ ਮਨਜ਼ੂਰ ਕੀਤਾ ਤੇ ਮੋਗਾ ਪ੍ਰਸ਼ਾਸਨ ਨੂੰ ਹਦਾਇਤ ਦਿੱਤੀ ਕਿ ਵਪਾਰੀਆਂ ਦੀਆਂ ਸਮੱਸਿਆਵਾਂ ਦਾ ਤੁਰੰਤ ਹੱਲ ਕੀਤਾ ਜਾਵੇ। ਇਹ ਪੱਤਰ ਵਪਾਰੀਆਂ ਨੂੰ ਸੌਂਪਿਆ ਗਿਆ, ਤਾਂ ਕਿ ਵਪਾਰੀ ਆਪਣੇ-ਆਪਣੇ ਬਿਜਲੀ ਦੇ ਕੁਨੈਕਸ਼ਨ ਲੈ ਸਕਣ। ਵਿਧਾਇਕ ਡਾ. ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਇਨ੍ਹਾਂ ਵਪਾਰੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਵੱਲੋਂ ਰੱਖੀ ਗਈ ਖੋਖਿਆਂ ਦੀ ਮੰਗ ਨੂੰ ਵੀ ਜਲਦੀ ਪੂਰਾ ਕੀਤਾ ਜਾਵੇਗਾ, ਜਿਸ ਦਾ ਨਕਸ਼ਾ ਬਣ ਕੇ ਤਿਆਰ ਹੋ ਚੁੱਕਾ ਹੈ। ਵਿਧਾਇਕ ਡਾ. ਅਰੋੜਾ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਚੋਣਾਂ ਵਿੱਚ ਕੀਤੇ ਗਏ ਵਾਅਦਿਆਂ ਨੂੰ ਇਕ-ਇਕ ਕਰਕੇ ਸਮੇਂ-ਸਮੇਂ 'ਤੇ ਪੂਰਾ ਕੀਤਾ ਜਾ ਰਿਹਾ ਹੈ ਤੇ ਮਾਨ ਸਰਕਾਰ ਵੱਲੋਂ ਕਿਸੇ ਨਾਲ ਵੀ ਪੱਖਪਾਤ ਨਹੀਂ ਕੀਤਾ ਜਾਂਦਾ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਕਿਸੇ ਪ੍ਰਕਾਰ ਦੀ ਸਮੱਸਿਆ ਪੇਸ਼ ਆਉਂਦੀ ਹੈ ਤਾਂ ਉਨ੍ਹਾਂ ਦੇ ਧਿਆਨ ਵਿੱਚ ਲਿਆਉਣ, ਜਿਸ ਦਾ ਮਾਨ ਸਰਕਾਰ ਦੇ ਧਿਆਨ ਵਿੱਚ ਲਿਆ ਕੇ ਹੱਲ ਕੀਤਾ ਜਾਵੇਗਾ। ਇਸ ਮੌਕੇ ਪੁਰਾਣੀ ਸਬਜ਼ੀ ਮੰਡੀ ਦੇ ਦੁਕਾਨਦਾਰਾਂ ਨੇ ਕਿਹਾ ਕਿ ਪਿਛਲੇ 40 ਸਾਲਾਂ ਤੋਂ ਕਾਂਗਰਸ, ਅਕਾਲੀ ਦਲ ਤੇ ਹੋਰ ਕਈ ਸਰਕਾਰਾਂ ਆਈਆਂ, ਪਰ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਕਿਸੇ ਵੀ ਸਰਕਾਰ ਨੇ ਨਹੀਂ ਸੋਚਿਆ। ਜਦ ਤੋਂ ਪੰਜਾਬ 'ਚ ਭਗਵੰਤ ਮਾਨ ਦੀ ਸਰਕਾਰ ਆਈ, ਉਨ੍ਹਾਂ ਵੱਲੋਂ ਮੰਗ ਨੂੰ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦੇ ਧਿਆਨ ਵਿੱਚ ਲਿਆਂਦਾ ਗਿਆ, ਜਿਨ੍ਹਾਂ ਦੇ ਯਤਨਾਂ ਸਦਕਾ ਵਪਾਰੀਆਂ ਦੀ ਪਿਛਲੇ 40 ਸਾਲਾਂ ਦੀ ਪੁਰਾਣੀ ਮੰਗ ਨੂੰ ਮਾਨ ਸਰਕਾਰ ਵੱਲੋਂ ਮਨਜ਼ੂਰ ਕੀਤਾ ਗਿਆ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦਾ ਵਿਸ਼ੇਸ਼ ਤੌਰ 'ਤੇ ਉਨ੍ਹਾਂ ਦੀ ਮੰਗਾਂ ਨੂੰ ਮਨਜ਼ੂਰ ਕਰਨ 'ਤੇ ਧੰਨਵਾਦ ਕੀਤਾ।

## ਕਾਤਰਾਂ

### ਮੂਰਤੀ ਸਥਾਪਨਾ ਦਿਵਸ ਮਨਾਇਆ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਰਵਹਿੱਤਕਾਰੀ ਸਭਾ ਸ੍ਰੀ ਰਾਮਲੀਲ੍ਹਾ ਕਮੇਟੀ ਵੱਲੋਂ ਰਾਮ ਬਾਗ 'ਚ ਸਥਾਪਤ ਸ੍ਰੀ ਹਨੂੰਮਾਨ ਜੀ ਦੀ ਮੂਰਤੀ ਦਾ ਸਥਾਪਨਾ ਦਿਵਸ ਮਨਾਇਆ ਗਿਆ, ਜਿਸ ਵਿੱਚ ਭਾਰੀ ਗਿਣਤੀ 'ਚ ਸ਼ਰਧਾਲੂਆਂ ਨੇ ਭਾਗ ਲਿਆ। ਸਵੇਰੇ ਝੰਡਾ ਚੜ੍ਹਾਉਣ ਦੀ ਰਸਮ ਅਸ਼ੋਕ ਸੂਦ ਨੇ ਅਦਾ ਕੀਤੀ। ਇਸ ਮੌਕੇ ਸ਼ਰਧਾਲੂ ਔਰਤਾਂ ਵੱਲੋਂ ਭਜਨ ਕੀਰਤਨ ਕੀਤਾ ਗਿਆ ਤੇ ਸ਼ਾਮ ਨੂੰ ਕੇਕ ਅਤੇ ਵੱਖ-ਵੱਖ ਪਕਵਾਨਾਂ ਦੇ ਲੰਗਰ ਵਰਤਾਏ ਗਏ। ਇਸ ਮੌਕੇ ਸਭਾ ਦੇ ਆਗੂ ਅਸ਼ੋਕ ਸੂਦ ਤੇ ਮੋਹਿਤ ਕੁੰਦਰਾ ਨੇ ਆਈਆਂ ਸੰਗਤਾਂ ਦਾ ਧੰਨਵਾਦ ਪ੍ਰਗਟਾਇਆ। ਸਮਾਰੋਹ 'ਚ ਹੋਰਨਾਂ ਤੋਂ ਇਲਾਵਾ ਪ੍ਰਿੰ. ਡੀ. ਡੀ. ਵਰਮਾ, ਓਮਾ ਵਰਮਾ, ਪ੍ਰਮੋਦ ਜੈਨ, ਕ੍ਰਿਸ਼ਨ ਲਾਲ ਸਚਦੇਵਾ, ਪ੍ਰਿੰਸ ਮਿੱਠੇਵਾਲ, ਜਿੰਮੀ ਜੈਨ, ਅਨਿਲ ਕੁਮਾਰ, ਦੀਪਕ ਸੂਦ, ਸਨੀ ਸੂਦ, ਸੁਰਿੰਦਰ ਲੋਟੇ ਆਦਿ ਮੌਜੂਦ ਸਨ।

### ਅਦਾਲਤ 'ਚ ਹਾਜ਼ਰ ਨਾ ਹੋਣ 'ਤੇ ਇੱਕ ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਾਣਯੋਗ ਅਦਾਲਤ ਵਿੱਚ ਦਿੱਤੀਆਂ ਹੋਈਆਂ ਤਾਰੀਖਾਂ ਵਿੱਚ ਹਾਜ਼ਰ ਨਾ ਹੋਣ 'ਤੇ ਇੱਕ ਵਿਅਕਤੀ ਖਿਲਾਫ ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ 174-ਏ ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਹੌਲਦਾਰ ਸਲਵਿੰਦਰ ਸਿੰਘ ਨੇ ਦੱਸਿਆ ਕਿ ਮਾਣਯੋਗ ਅਦਾਲਤ ਵਿਚ ਇੰਦਰਜੀਤ ਸਿੰਘ ਨਾਮ ਦੇ ਵਿਅਕਤੀ ਨੇ ਕੇਸ ਦਾਇਰ ਕੀਤਾ ਹੈ, ਜਿਸ 'ਚ ਮਕਰਨ ਕੁਮਾਰ ਐੱਮ/ਐੱਸ ਖੁਰਾਣਾ ਪੁੱਤਰ ਗੋਕਲ ਚੰਦ ਵਾਸੀ ਸਾਹਮਣੇ ਅੰਬੇਡਕਰ ਨਗਰ ਨੇੜੇ ਗਾਬਾ ਯਮੁਨਾ ਨਗਰ ਹਸਪਤਾਲ ਸੈਕਟਰ 17 ਹੁੱਡਾ ਕਾਲੋਨੀ ਯਮੁਨਾ ਨਗਰ ਮਾਣਯੋਗ ਅਦਾਲਤ ਵਿੱਚ ਦਿੱਤੀਆਂ ਹੋਈਆਂ ਤਾਰੀਖਾਂ 'ਤੇ ਹਾਜ਼ਰ ਨਹੀਂ ਹੋ ਰਿਹਾ ਸੀ, ਜਿਸ 'ਤੇ ਮਾਣਯੋਗ ਅਦਾਲਤ ਵਿੱਚ ਉਕਤ ਮੁਲਜ਼ਮ ਖਿਲਾਫ ਮੁਕੱਦਮਾ ਦਰਜ ਕਰਨ ਦਾ ਹੁਕਮ ਫਰਮਾਇਆ ਹੈ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਉਕਤ ਮੁਲਜ਼ਮ ਖਿਲਾਫ ਮੁਕੱਦਮਾ ਦਰਜ ਕਰ ਲਿਆ ਗਿਆ ਹੈ।

### ਬਲਾਤਕਾਰ ਦੇ ਦੋਸ਼ 'ਚ 4 ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਇਕ ਕਾਰ ਵਿੱਚ ਜ਼ਬਰਦਸਤੀ ਔਰਤ ਨੂੰ ਸੁੱਟ ਕੇ ਉਸ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿੱਚ ਥਾਣਾ ਆਰਿਫ ਕੇ ਪੁਲਸ ਨੇ ਤਿੰਨ ਬਾਏ ਨੇਮ ਵਿਅਕਤੀਆਂ ਤੇ ਇਕ ਅਣਪਛਾਤੇ ਵਿਅਕਤੀ ਖਿਲਾਫ 376-ਡੀ, 377, 354 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਇਕ ਔਰਤ ਨੇ ਦੱਸਿਆ ਕਿ ਉਹ 15 ਜੂਨ 2023 ਨੂੰ ਬੱਸ ਚੜ੍ਹ ਕੇ ਫਿਰੋਜ਼ਪੁਰ ਤੋਂ ਅਟਾਰੀ ਬੱਸ ਅੱਡੇ 'ਤੇ ਉੱਤਰ ਕੇ ਆਪਣੇ ਪਿੰਡ ਨੂੰ ਪੈਦਲ ਜਾ ਰਹੀ ਸੀ ਤਾਂ ਪਿੱਛੋਂ ਚਿੱਟੇ ਰੰਗ ਦੀ ਕਾਰ ਆਈ ਤਾਂ ਕਾਰ ਦੀ ਪਿਛਲੀ ਸਿਟੀ 'ਤੇ ਬੈਠੇ ਦੋ ਬੰਦਿਆਂ ਨੇ ਉਸ ਨੂੰ ਕਾਰ ਅੰਦਰ ਸੁੱਟ ਲਿਆ, ਫਿਰ ਅੰਦਰ ਸੋਨੂੰ ਪੁੱਤਰ ਚਮਕੌਰ ਸਿੰਘ ਨੇ ਉਸ ਦੀਆਂ ਬਾਹਾਂ ਫੜੀਆਂ ਤੇ ਮੁਲਜ਼ਮ ਗੁਰਮੀਤ ਸਿੰਘ ਪੁੱਤਰ ਗੋਪਾਲ ਸਿੰਘ ਨੇ ਉਸ ਨਾਲ ਗਲਤ ਕੰਮ ਕੀਤਾ। ਇਸ ਤੋਂ ਬਾਅਦ ਮੁਲਜ਼ਮ ਸੋਨੂੰ ਨੇ ਗਲਤ ਕੰਮ ਕੀਤਾ ਤੇ ਅੱਗੇ ਬੈਠੇ ਮੁਲਜ਼ਮ ਗੁਰਮੇਜ ਸਿੰਘ ਪੁੱਤਰ ਬਖਸ਼ੀਸ਼ ਸਿੰਘ, ਜੋ ਕੰਡਕਟਰ ਸੀਟ 'ਤੇ ਬੈਠਾ ਰਿਹਾ। ਕਟੋਰਾ ਪੁਲ ਤੋਂ 2-3 ਕਿਲੋਮੀਟਰ ਦੂਰ ਗੱਡੀ ਰੋਕ ਕੇ ਮੁਲਜ਼ਮਾਂ ਨੇ ਉਸ ਦੇ ਕੱਪੜੇ ਪਾੜ ਦਿੱਤੇ ਤੇ ਉਸ ਨੂੰ ਕਾਰ ਤੋਂ ਥੱਲੇ ਸੁੱਟ ਕੇ ਫਰਾਰ ਹੋ ਗਏ। ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਰਜਵੰਤ ਕੌਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਮੁਲਜ਼ਮਾਂ ਤੇ ਇੱਕ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਆਪ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਤ ਹੋਈ : ਐਡਵੋਕੇਟ ਖੇੜੀ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦੇ ਲੱਗੇ ਆਰ ਓ ਸਿਸਟਮ ਮੁਰੰਮਤ ਨਾ ਕਰਵਾਏ ਜਾਣ ਕਾਰਨ ਚਿੱਟਾ ਹਾਥੀ ਬਣ ਕੇ ਰਹਿ ਗਏ ਹਨ, ਕੜਕਦੀ ਗਰਮੀ ਦੇ ਮੌਸਮ 'ਚ ਪਾਣੀ ਵਾਂਝੇ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਆਗੂ ਐਡਵੋਕੇਟ ਜਸਵੀਰ ਸਿੰਘ ਖੇੜੀ ਨੇ ਹਲਕੇ ਦੇ ਪਿੰਡਾਂ 'ਚ ਵੱਖ ਵੱਖ ਸਮਾਗਮਾਂ 'ਚ ਸ਼ਾਮਲ ਹੋਣ ਉਪਰੰਤ ਇਥੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਲੋਕਾਂ ਨਾਲ ਵੱਡੇ ਵੱਡੇ ਵਾਅਦੇ ਕਰਕੇ ਰਾਜ ਭਾਗ 'ਤੇ ਕਾਬਜ਼ ਹੋਈ ਆਪ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਿਤ ਹੋਈ ਹੈ, ਕਾਨੂੰਨ ਨਾਂਅ ਦੀ ਕੋਈ ਚੀਜ਼ ਨਹੀਂ ਰਹੀ, ਹਰ ਰੋਜ਼ ਲੁੱਟਾਂ ਖੋਹਾਂ, ਕਤਲੋ ਗਾਰਦ ਨਾਲ ਲੋਕਾਂ 'ਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਵੇਲੇ ਬਣਾਏ ਗਏ ਸੇਵਾ ਕੇਂਦਰਾਂ ਉਪਰ ਰੰਗ ਮਾਰ ਕੇ ਮੁਹੱਲਾ ਕਲੀਨਿਕ ਬਣਾਉਣ ਵਾਲੀ ਸਰਕਾਰ ਪਹਿਲਾਂ ਚੱਲ ਰਹੇ ਕਰੋੜਾਂ ਦੀ ਲਾਗਤ ਨਾਲ ਬਣਾਏ ਵੱਡੇ ਹਸਪਤਾਲਾਂ ਨੂੰ ਅੱਖੋਂ ਪਰੋਖੇ ਕਰ ਰਹੀ ਹੈ। ਹਲਕੇ ਦੇ ਲੋਕ ਛੋਟੇ ਛੋਟੇ ਕੰਮਾਂ ਲਈ ਖੱਜਲ ਖੁਆਰ ਹੋ ਰਹੇ ਹਨ, ਕਿਉਂਕਿ ਸਰਕਾਰੀ ਦਫਤਰਾਂ 'ਚ ਭ੍ਰਿਸ਼ਟਾਚਾਰ ਹੱਦਾਂ ਬੰਨੇ ਟੱਪ ਗਿਆ ਹੈ।

# ਮੋਦੀ ਸਰਕਾਰ ਦੇ ਕਾਰਜਕਾਲ ਦੌਰਾਨ ਮਹਿੰਗਾਈ ਨੇ ਤੋੜੇ ਸਾਰੇ ਰਿਕਾਰਡ : ਚੌਹਾਨ, ਉੱਡਤ



**ਸਰਦੂਲਗੜ੍ਹ/ਝੁਨੀਰ (ਆਤਮਾ ਸਿੰਘ ਪਮਾਰ)**

ਮੋਦੀ ਸਰਕਾਰ ਨੇ ਆਪਣੇ 9 ਸਾਲਾਂ ਦੇ ਕਾਰਜਕਾਲ ਦੌਰਾਨ ਕਾਰਪੋਰੇਟ ਪੱਖੀ ਤੇ ਪਬਲਿਕ ਅਦਾਰਿਆਂ ਨੂੰ ਤਬਾਹ ਕਰਨ ਵਾਲੀਆਂ ਨਵਉਦਾਰਵਾਦੀ ਨੀਤੀਆਂ ਨੂੰ ਪਿਛਲੀਆਂ ਸਰਕਾਰਾਂ ਨਾਲੋਂ ਹਜ਼ਾਰਾਂ ਗੁਣਾਂ ਤੇਜ਼ੀ, ਧੱਕੇ ਤੇ ਧੜੱਲੇ ਨਾਲ ਦੇਸ ਵਿੱਚ ਲਾਗੂ ਕੀਤਾ ਹੈ, ਜਿਸ ਸਦਕਾ ਦੇਸ ਵਿੱਚ ਅਮੀਰੀ ਤੇ ਗ਼ਰੀਬੀ ਵਿਚਲਾ ਪਾੜਾ ਹੋਰ ਵੀ ਵਧ ਗਿਆ ਹੈ। ਦੇਸ ਦਾ ਸਾਰਾ ਸਰਮਾਇਆ ਮੁੱਠੀ ਭਰ ਪੂੰਜੀਪਤੀਆਂ ਕੋਲ ਇਕੱਠਾ ਹੋ ਗਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪਿੰਡ ਬਾਜੇਵਾਲਾ ਵਿਖੇ ਜਨਤਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਪੀਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਕ੍ਰਿਸ਼ਨ ਚੌਹਾਨ, ਸੀਨੀਅਰ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਤੇ ਬਲਦੇਵ ਸਿੰਘ ਬਾਜੇਵਾਲਾ ਨੇ ਕੀਤਾ। ਸੀਪੀਆਈ ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਦੇ ਕਾਰਜਕਾਲ ਦੌਰਾਨ ਮਹਿੰਗਾਈ ਨੇ ਆਪਣੇ ਪਿਛਲੇ ਸਾਰੇ ਰਿਕਾਰਡ ਮਾਤ ਪਾ ਦਿੱਤੇ ਹਨ ਤੇ ਗ਼ਰੀਬ ਜਨਤਾ ਲਈ ਜੀਵਨ ਜਿਊਣਾ ਦੁੱਭਰ ਹੋ ਗਿਆ। ਕੇਂਦਰ ਦੀ ਮੋਦੀ ਸਰਕਾਰ ਨੇ ਜਨਤਕ ਵੰਡ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਤਹਿਸ਼-ਨਹਿਸ਼ ਕਰ ਦਿੱਤਾ ਹੈ। ਮੀਟਿੰਗ ਵਿੱਚ ਏਟਕ ਵੱਲੋਂ 21 ਜੂਨ ਦੇ ਲੇਬਰ ਅਫ਼ਸਰ ਦੇ ਘਿਰਾਓ ਸਬੰਧੀ, ਉਸਾਰੀ ਮਜ਼ਦੂਰਾਂ ਦੀਆਂ ਸਮੱਸਿਆਵਾਂ ਤੇ ਮਨਰੇਗਾ ਸਕੀਮ ਨੂੰ ਲਾਗੂ ਕਰਾਉਣ ਆਦਿ ਕਈ ਮੁੱਦਿਆਂ ਸਬੰਧੀ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜੱਗਾ ਸਿੰਘ ਬਾਜੇਵਾਲਾ, ਸਾਧੂ ਸਿੰਘ ਰਾਮਾਨੰਦੀ, ਬੂਟਾ ਸਿੰਘ ਬਾਜੇਵਾਲਾ, ਗਿੰਦਰ ਸਿੰਘ ਬਾਜੇਵਾਲਾ, ਨਿਰਮਲ ਸਿੰਘ ਬਾਜੇਵਾਲਾ, ਲਾਭ ਸਿੰਘ, ਮੰਗਾ ਸਿੰਘ, ਕੁਲਦੀਪ ਸਿੰਘ, ਤੇਜਾ ਸਿੰਘ, ਨਿੰਦਰ ਸਿੰਘ ਤੇ ਜੰਟਾ ਸਿੰਘ ਆਦਿ ਵੀ ਹਾਜ਼ਰ ਸਨ।

# ਜਥੇਬੰਦੀਆਂ ਦਾ ਵਫ਼ਦ ਐੱਸ ਐੱਸ ਪੀ ਨੂੰ ਮਿਲਿਆ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**

ਵਿੱਦਿਅਕ ਟੂਰਾਂ ਦੀ ਪ੍ਰਵਾਨਗੀ ਦੇ ਮਸਲੇ 'ਤੇ ਪਿਛਲੇ ਸਾਲ ਤਤਕਾਲੀ ਡਿਪਟੀ ਡੀ.ਈ.ਓ. (ਸੈਕੰਡਰੀ ਸਿੱਖਿਆ) ਸੰਗਰੂਰ ਵੱਲੋਂ ਡੈਮੋਕ੍ਰੈਟਿਕ ਟੀਚਰਜ ਫਰੰਟ ਦੀ ਜ਼ਿਲ੍ਹਾ ਸੰਗਰੂਰ ਇਕਾਈ ਦੇ ਪੰਜ ਆਗੂਆਂ ਵਿਰੁੱਧ ਦਰਜ ਕਰਾਈ ਐੱਫ.ਆਈ.ਆਰ. ਦੇ ਸਬੰਧ ਵਿੱਚ ਡੈਮੋਕ੍ਰੈਟਿਕ ਟੀਚਰਜ ਫਰੰਟ ਅਤੇ ਸੰਗਰੂਰ ਜ਼ਿਲ੍ਹੇ ਦੀਆਂ ਜਨਤਕ ਜਮਹੂਰੀ ਜਥੇਬੰਦੀਆਂ ਦਾ ਸਾਂਝਾ ਵਫ਼ਦ ਐੱਸ.ਐੱਸ.ਪੀ. ਸੰਗਰੂਰ ਸ੍ਰੀ ਸੁਰੇਂਦਰ ਲਾਂਬਾ ਨੂੰ ਮਿਲਿਆ। ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸੰਗਰੂਰ ਨੇ ਦੱਸਿਆ ਕਿ ਜਥੇਬੰਦੀਆਂ ਸ਼ੁਰੂ ਤੋਂ ਸੰਗਰੂਰ ਦੇ ਪੁਲਸ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆ ਰਹੀਆਂ ਹਨ ਕਿ ਉਕਤ ਐੱਫ.ਆਈ.ਆਰ. ਵਿੱਚ ਡਿਪਟੀ ਡੀ.ਈ.ਓ. ਦੁਆਰਾ ਲਾਏ ਗਏ ਦੋਸ਼ਾਂ ਵਿੱਚ ਕੋਈ ਸੱਚਾਈ ਨਹੀਂ ਹੈ ਅਤੇ ਇਸ ਨੂੰ ਰੱਦ ਕੀਤਾ ਜਾਵੇ । ਇਸ ਐੱਫ.ਆਈ.ਆਰ. ਦੇ ਝੂਠਾ ਹੋਣ ਦੇ ਪੁਖਤਾ ਸਬੂਤ ਮੌਜੂਦ ਹਨ। ਇਸ ਤੋਂ ਇਲਾਵਾ ਡੀ.ਟੀ.ਐੱਫ. ਦੇ ਆਗੂ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਾਸ਼ੀਏ 'ਤੇ ਧੱਕੇ ਵਰਗ ਦੇ ਬੱਚਿਆਂ ਦੇ ਹੱਕ 'ਤੇ ਪਹਿਰਾ ਦੇ ਰਹੇ ਸਨ। ਉਨ੍ਹਾਂ ਕੋਈ ਵੀ ਗੈਰ-ਕਾਨੂੰਨੀ ਕਾਰਵਾਈ ਨਹੀਂ ਕੀਤੀ। ਆਗੂਆਂ ਨੇ ਸ੍ਰੀ ਲਾਂਬਾ ਦੇ ਧਿਆਨ ਵਿੱਚ ਲਿਆਂਦਾ ਕਿ ਉਕਤ ਐੱਫ.ਆਈ.ਆਰ. ਦਾ ਮਸਲਾ ਪਿਛਲੇ ਸੱਤ ਮਹੀਨਿਆਂ ਤੋਂ ਲਮਕ ਰਿਹਾ ਹੈ, ਜੋ ਵਿਦਿਆਰਥੀਆਂ ਦੇ ਹੱਕ ਦੀ ਗੱਲ ਕਰਨ ਵਾਲੇ ਇਨ੍ਹਾਂ ਆਗੂਆਂ ਨਾਲ ਬੇਇਨਸਾਫ਼ੀ ਹੈ। ਵਫ਼ਦ ਨੇ ਐੱਸ.ਐੱਸ.ਪੀ. ਨੂੰ ਦੱਸਿਆ ਕਿ ਉਹ ਇਸ ਮਾਮਲੇ ਦੀ ਇਨਕੁਆਇਰੀ ਕਰ ਰਹੇ ਡੀ.ਐੱਸ.ਪੀ. ਸਬ ਡਵੀਜ਼ਨ ਸ੍ਰੀ ਅਜੇਪਾਲ ਸਿੰਘ ਨੂੰ ਮਿਲੇ ਸਨ, ਪ੍ਰੰਤੂ ਉਨ੍ਹਾਂ ਨੂੰ ਇਸ ਅਧਿਕਾਰੀ ਦਾ ਰਵੱਈਆ ਸਕਾਰਾਤਮਕ ਨਹੀਂ ਲੱਗਾ। ਵਫ਼ਦ ਨੇ ਸ੍ਰੀ ਲਾਂਬਾ ਨੂੰ ਕਿਹਾ ਕਿ ਉਹ ਇਲਾਕੇ ਦੀਆਂ ਸਮੁੱਚੀਆਂ ਇਨਸਾਫ਼ ਪਸੰਦ ਜਥੇਬੰਦੀਆਂ ਵੱਲੋਂ ਉਨ੍ਹਾਂ ਨੂੰ ਅਪੀਲ ਕਰਦੇ ਹਨ ਕਿ ਇਸ ਝੂਠੀ ਐੱਫ.ਆਈ.ਆਰ. ਨੂੰ ਜਿੰਨੀ ਛੇਤੀ ਹੋ ਸਕੇ ਰੱਦ ਕਰਕੇ ਡੀ.ਟੀ.ਐੱਫ਼. ਦੇ ਆਗੂਆਂ ਨੂੰ ਇਨਸਾਫ ਦੇਣ। ਐੱਸ.ਐੱਸ.ਪੀ. ਨੇ ਵਫ਼ਦ ਦੀ ਗੱਲ ਬੜੇ ਧਿਆਨ ਨਾਲ ਸੁਣੀ ਅਤੇ ਉਨ੍ਹਾਂ ਨੇ ਸਬੰਧਤ ਡੀ.ਐੱਸ.ਪੀ. ਨਾਲ ਗੱਲ ਕਰਕੇ ਇਸ ਮਸਲੇ ਨੂੰ ਹੱਲ ਕਰਨ ਦਾ ਭਰੋਸਾ ਵੀ ਦਿੱਤਾ। ਵਫ਼ਦ ਵਿੱਚ ਬੀਕੇਯੂ ਉਗਰਾਹਾਂ ਦੇ ਸੂਬਾ ਸਕੱਤਰ ਜਗਤਾਰ ਸਿੰਘ ਕਾਲਾਝਾੜ, ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਆਗੂ ਵਿਸ਼ਵ ਕਾਂਤ, ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜ਼ੋਨ ਮੁਖੀ ਮਾਸਟਰ ਪਰਮਵੇਦ, ਦੇਸ਼ ਭਗਤ ਯਾਦਗਾਰ ਲੌਂਗੋਵਾਲ ਦੇ ਆਗੂ ਜੁਝਾਰ ਲੌਂਗੋਵਾਲ, ਡੀ.ਟੀ.ਐੱਫ. ਦੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ, ਡੀ.ਟੀ.ਐੱਫ. ਦੇ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਦਾਤਾ ਸਿੰਘ ਨਮੋਲ, ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸੰਗਰੂਰ, ਮੀਤ ਪ੍ਰਧਾਨ ਪਰਵਿੰਦਰ ਉਭਾਵਾਲ, ਵਿੱਤ ਸਕੱਤਰ ਯਾਦਵਿੰਦਰ ਪਾਲ ਧੂਰੀ, ਪ੍ਰੈਸ ਸਕੱਤਰ ਜਸਬੀਰ ਨਮੋਲ ਅਤੇ ਬਲਾਕਾਂ ਦੇ ਆਗੂ ਗਗਨਦੀਪ ਧੂਰੀ ਤੇ ਸਤਨਾਮ ਉਭਾਵਾਲ ਸ਼ਾਮਲ ਸਨ।

# ਵਿਧਾਇਕ ਲਾਡੀ ਢੋਸ ਦੇ ਪੰਜਾਬ ਪ੍ਰਧਾਨ ਬਣਨ 'ਤੇ ਜ਼ਿਲੇ ਦਾ ਮਾਣ ਵਧਿਆ : ਰਵੀ ਮੌੜ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਆਮ ਆਦਮੀ ਪਾਰਟੀ ਹਾਈਕਮਾਂਡ ਵੱਲੋਂ ਧਰਮਕੋਟ ਹਲਕੇ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੂੰ ਆਮ ਆਦਮੀ ਪਾਰਟੀ ਯੂਥ ਵਿੰਗ ਪੰਜਾਬ ਦਾ ਪ੍ਰਧਾਨ ਨਿਯੁਕਤ ਕਰਨ 'ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਪ੍ਰਧਾਨ ਰਵੀ ਮੌੜ, ਕੁਲਜੀਤ ਸਿੰਘ ਲੱਖਾ, ਬੌਬੀ ਬਰਾੜ ਨੇ ਵਿਧਾਇਕ ਲਾਡੀ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਵਿਧਾਇਕ ਲਾਡੀ ਨੂੰ ਆਮ ਆਦਮੀ ਪਾਰਟੀ ਹਾਈਕਮਾਨ ਨੇ ਪੰਜਾਬ ਯੂਥ ਵਿੰਗ ਦਾ ਪ੍ਰਧਾਨ ਬਣਾ ਕੇ ਬਹੁਤ ਹੀ ਇਤਿਹਾਸਕ ਫ਼ੈਸਲਾ ਲਿਆ ਹੈ, ਜਿਸ ਲਈ ਆਮ ਆਦਮੀ ਪਾਰਟੀ ਦੀ ਹਾਈਕਮਾਂਡ ਅਤੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਧਾਈ ਦੇ ਪਾਤਰ ਹਨ, ਜਿਨ੍ਹਾਂ ਵੱਲੋਂ ਪੰਜਾਬ ਵਿਚ ਯੂਥ ਵਿੰਗ ਨੂੰ ਮਜਬੂਤੀ ਪ੍ਰਦਾਨ ਕਰਨ ਲਈ ਇੱਕ ਮਿਹਨਤੀ ਤੇ ਇਮਾਨਦਾਰ ਨੌਜਵਾਨ ਨੂੰ ਇਹ ਜ਼ਿੰਮੇਵਾਰੀ ਸੌਂਪੀ ਹੈ। ਉਨ੍ਹਾਂ ਕਿਹਾ ਕਿ ਵਿਧਾਇਕ ਲਾਡੀ ਵੱਲੋਂ ਆਮ ਆਦਮੀ ਪਾਰਟੀ ਦੀ ਮਜ਼ਬੂਤੀ ਲਈ ਜਿੱਥੇ ਜ਼ਿਲ੍ਹਾ ਮੋਗਾ ਅੰਦਰ ਵੱਡੇ ਉਪਰਾਲੇ ਕੀਤੇ ਗਏ ਹਨ ਅਤੇ ਇਸ ਦੇ ਸਾਰਥਿਕ ਨਤੀਜੇ ਸਾਹਮਣੇ ਆਏ ਹਨ, ਉਥੇ ਹੀ ਉਹ ਪੰਜਾਬ ਵਿਚ ਆਮ ਆਦਮੀ ਪਾਰਟੀ ਯੂਥ ਵਿੰਗ ਨੂੰ ਹੋਰ ਵੀ ਮਜਬੂਤ ਕਰਨਗੇ।

# ਲਾਈਨਮੈਨਾਂ 'ਤੇ ਦਰਜ ਝੂਠੇ ਪਰਚੇ ਰੱਦ ਕਰਨ ਦੀ ਮੰਗ



**ਸ਼ੇਰਪੁਰ (ਸੁਖਦੇਵ ਧੂਰੀ)**-ਪੀ ਐਸ ਈ ਬੀ ਇੰਪ. ਫੈਡਰੇਸ਼ਨ ਏਟਕ ਸਰਕਲ ਬਰਨਾਲਾ ਦੀ ਮੀਟਿੰਗ ਸਾਥੀ ਗੁਰਧਿਆਨ ਸਿੰਘ ਸਰਕਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜਥੇਬੰਦੀ ਵੱਲੋਂ ਪਿਛਲੇ ਪ੍ਰੋਗਰਾਮ ਦਾ ਰੀਵਿਊ ਤੇ ਨਵੇਂ ਪ੍ਰੋਗਰਾਮ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਸੀ ਆਰ ਏ 295/19 ਤਹਿਤ ਭਰਤੀ ਹੋਏ ਸਹਾਇਕ ਲਾਈਨਮੈਨਾਂ 'ਤੇ ਹੋਏ ਝੂਠੇ ਪਰਚੇ ਰੱਦ ਕੀਤੇ ਜਾਣ ਤੇ ਦੋ ਕ੍ਰਮਚਾਰੀ ਤਿੰਨ ਸਾਲ ਦਾ ਪ੍ਰੋਬੇਸ਼ਨ ਪੀਰੀਅਡ ਪੂਰਾ ਕਰ ਚੁੱਕੇ ਹਨ। ਉਨ੍ਹਾਂ ਨੂੰ ਪੂਰੀ ਤਨਖਾਹ ਦਿੱਤੀ ਜਾਵੇ। ਇਸ ਲਈ ਫੈਡਰੇਸ਼ਨ ਏਟਕ ਰੋਸ ਵਜੋਂ ਵੱਖੋ-ਵੱਖਰੇ ਪ੍ਰੋਗਰਾਮ ਮੈਨੇਜਮੈਂਟ ਦੇ ਖਿਲਾਫ਼ ਕਰ ਰਹੀ ਹੈ। ਆਗੂਆਂ ਨੇ ਦੱਸਿਆ ਕਿ 24 ਜੂਨ ਨੂੰ ਅੰਮ੍ਰਿਤਸਰ ਸਾਹਿਬ ਵਿਖੇ ਬਿਜਲੀ ਮੰਤਰੀ ਦੀ ਕੋਠੀ ਅੱਗੇ ਰੋਸ ਮੁਜਾਹਰੇ ਕੀਤੇ ਜਾਣਗੇ ਅਤੇ ਫਿਰ 28 ਜੂਨ ਨੂੰ ਸ਼ੇਰਪੁਰ ਵਿਖੇ ਇਕ ਵਿਸ਼ਾਲ ਕਨਵੈਨਸ਼ਨ ਕੀਤੀ ਜਾਵੇਗੀ, ਜਿਸ ਵਿੱਚ ਪੰਜਾਬ ਫੈਡਰੇਸ਼ਨ ਏਟਕ ਦੇ ਪ੍ਰਧਾਨ ਸਾਥੀ ਗੁਰਪ੍ਰੀਤ ਸਿੰਘ ਗੰਡੀਵਿੰਡ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਣਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਥੀ ਗੋਰਾ ਦਾਸ, ਗੁਰਦੀਪ ਸਿੰਘ, ਗੁਰਜੰਟ ਸਿੰਘ ਮਲੇਰਕੋਟਲਾ, ਜਗਤਾਰ ਸਿੰਘ, ਕਮਲਜੀਤ ਸਿੰਘ, ਅਮਨਦੀਪ ਸਿੰਘ ਬਰਨਾਲਾ, ਗੁਰਮੁਖ ਸਿੰਘ ਧੂਰੀ, ਬੇਅੰਤ ਸਿੰਘ ਧੂਰੀ, ਨਰਿੰਦਰ ਕੁਮਾਰ ਮਲੇਰਕੋਟਲਾ ਆਦਿ ਹਾਜ਼ਰ ਸਨ। ਇਹ ਜਾਣਕਾਰੀ ਸਾਥੀ ਗੁਰਮੁਖ ਸਿੰਘ ਏ ਜੇ ਈ ਸੀਨੀਅਰ ਮੀਤ ਪ੍ਰਧਾਨ ਸਰਕਲ ਬਰਨਾਲਾ ਨੇ ਦਿੱਤੀ।

# ਪਟੇਲ ਨਗਰ 'ਚ ਬੱਚਿਆਂ ਨੇ ਲਗਾਈ ਛਬੀਲ



**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਪਟੇਲ ਨਗਰ ਵਿਖੇ ਬੱਚਿਆਂ ਨੇ ਆਪਣੀ ਜੇਬ ਖ਼ਰਚ ਵਿੱਚੋਂ ਰਾਸ਼ੀ ਜੋੜ ਕੇ ਛਬੀਲ ਲਗਾਈ। ਇਸ ਦੌਰਾਨ ਜਾਣਕਾਰੀ ਦਿੰਦੇ ਹੋਏ ਗੁਰਸ਼ਰਨ ਸਿੰਘ, ਹਰਕਮਲ ਸਿੰਘ, ਵਿਵਾਨ, ਹਰਸ਼, ਜੇਬਿਨ, ਕੁਨਾਲ, ਨਮਨ, ਮਾਨਵ, ਅਨਵ, ਲਵਿਸ਼, ਸ਼ੁਭਮ ਆਦਿ ਨੇ ਦੱਸਿਆ ਕਿ ਉਹ ਪਹਿਲਾਂ ਤਾਂ ਜਦੋਂ ਸਕੂਲ ਲੱਗੇ ਹੁੰਦੇ ਹਨ ਤਾਂ ਉਹ ਸਾਰਾ ਦਿਨ ਸਕੂਲ ਵਿੱਚ ਹੁੰਦੇ ਸਨ ਤੇ ਘਰੇ ਆ ਕੇ ਪੜ੍ਹਾਈ ਵਿੱਚ ਰੁਝ ਜਾਂਦੇ।

ਉਨ੍ਹਾਂ ਸੋਚਿਆ ਕਿ ਛੁੱਟੀਆਂ ਵਿੱਚ ਕੋਈ ਸਮਾਜ ਸੇਵਾ ਦਾ ਕੰਮ ਕਰੀਏ, ਕਿਉਂਕਿ ਸਾਡੇ ਗੁਰੂ, ਪੀਰਾਂ ਨੇ ਸਾਨੂੰ ਇਹ ਦੱਸਿਆ ਹੈ ਕਿ ਸਾਨੂੰ ਸਮੇਂ ਸਮੇਂ 'ਤੇ ਲੋੜਵੰਦਾਂ ਦੀ ਮੱਦਦ ਕਰਨੀ ਚਾਹੀਦੀ ਹੈ, ਇਸ ਲਈ ਹੀ ਉਨ੍ਹਾਂ ਆਪਣੇ ਜੇਬ ਖਰਚ ਵਿੱਚੋਂ ਪੈਸੇ ਜੋੜ ਕੇ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਹੈ। ਇਸ ਮੌਕੇ ਸੱਤਿਆ ਦੇਵੀ, ਡਿੰਪਲ, ਰਿੰਕੂ, ਪੁਸ਼ਪਾ, ਲਕਸ਼ਮੀ ਆਦਿ ਨੇ ਬੱਚਿਆਂ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦੇ ਹੋਏ ਨਗਦ ਰਾਸ਼ੀ ਦੇ ਕੇ ਇਸ ਛਬੀਲ ਵਿੱਚ ਆਪਣਾ ਸਹਿਯੋਗ ਦਿੰਦੇ ਹੋਏ ਬੱਚਿਆਂ ਦਾ ਹੌਸਲਾ ਵਧਾਇਆ। ਇਸ ਦੌਰਾਨ ਸਾਰੇ ਬੱਚਿਆਂ ਨੇ ਆਪਣੀ ਸੇਵਾ ਬਾਖੂਬੀ ਨਿਭਾਈ।

# ਯੂਨੀਵਰਸਲ ਆਈ ਟੀ ਆਈ ਕਾਲਜ 'ਚ ਲਾਇਆ ਰੁਜ਼ਗਾਰ ਮੇਲਾ

■ 120 ਨੌਜਵਾਨਾਂ ਨੂੰ ਸੌਂਪੇ ਨੌਕਰੀ ਦੇ ਨਿਯੁਕਤੀ ਪੱਤਰ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਯੂਨੀਵਰਸਲ ਕਾਲਜ ਤੇ ਆਈ ਟੀ ਆਈ ਪਾਤੜਾਂ ਵਿਖੇ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੇ ਸਹਿਯੋਗ ਨਾਲ ਰੋਜ਼ਗਾਰ ਮੇਲਾ ਲਗਾਇਆ ਗਿਆ। ਮੇਲੇ ਵਿੱਚ ਲੱਗਭੱਗ 30 ਨਾਮੀ ਕੰਪਨੀਆਂ ਨੇ ਹਿੱਸਾ ਲਿਆ ਤੇ 800 ਵਿਦਿਆਰਥੀਆਂ ਨੇ ਮੇਲੇ ਵਿੱਚ ਆ ਕੇ ਵੱਖ-ਵੱਖ ਕੰਪਨੀਆਂ ਵਿੱਚ ਇੰਟਰਵਿਊ ਦਿੱਤੀ। ਹਰਪ੍ਰੀਤ ਸਿੰਘ ਚੇਅਰਮੈਨ ਇੰਪਰੂਵਮੈਂਟ ਟਰੱਸਟ ਸੰਗਰੂਰ ਨੇ 120 ਵਿਦਿਆਰਥੀਆਂ ਨੂੰ ਮੌਕੇ 'ਤੇ ਨਿਯੁਕਤੀ ਪੱਤਰ ਵੰਡੇ, ਜਦੋਂਕਿ ਸਤਿੰਦਰ ਸਿੰਘ ਡਿਪਟੀ ਸੀਈਓ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਅਤੇ ਹਰਸਵਿੰਦਰ ਕੌਰ ਪ੍ਰਿੰਸੀਪਲ ਆਈ ਟੀ ਆਈ ਸਮਾਣਾ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਸੰਸਥਾ ਦੇ ਚੇਅਰਮੈਨ ਬਲਜੀਤ ਸਿੰਘ ਨੇ ਕਿਹਾ ਕਿ ਅੱਜ ਪੰਜਾਬ 'ਚ ਬੇਰੁਜ਼ਗਾਰੀ ਵੱਡਾ ਮੁੱਦਾ ਬਣਿਆ ਹੋਇਆ ਹੈ ਤੇ ਇਸ ਤਰ੍ਹਾਂ ਦੇ ਰੋਜ਼ਗਾਰ ਮੇਲੇ ਬੱਚਿਆਂ ਲਈ ਵਰਦਾਨ ਸਾਬਿਤ ਹੁੰਦੇ ਹਨ। ਕਾਲਜ ਦੇ ਵਾਇਸ ਚੇਅਰਮੈਨ ਵਰਿੰਦਰ ਸਿੰਘ ਤੇ ਸੈਕਟਰੀ ਪਰਮਿੰਦਰ ਸਿੰਘ ਨੇ ਮੇਲੇ ਵਿੱਚ ਭਾਗ ਲੈਣ ਵਾਲੀਆਂ ਕੰਪਨੀਆਂ ਕਰੋਮਟੋਨ ਗ੍ਰੀਵਸ, ਸਵਰਾਜ ਟਰੈਕਟਰਸ, ਸੁੱਖ ਸੇਵਾ ਮਲਟੀਸਪੈਸ਼ਲਟੀ ਹਸਪਤਾਲ, ਹੈੱਡ ਮਾਸਟਰਸ ਅਕੈਡਮੀ, ਲੈੱਕਮੇ, ਇਨਫੋਵਿਜ਼ ਆਦਿ ਦਾ ਧੰਨਵਾਦ ਕੀਤਾ ਤੇ ਜਿਹੜੇ ਨੌਜਵਾਨਾਂ ਨੂੰ ਨੌਕਰੀਆਂ ਮਿਲੀਆਂ, ਉਨ੍ਹਾਂ ਨੂੰ ਵਧਾਈ ਦਿੱਤੀ। ਕਾਲਜ ਦੇ ਡਾਇਰੈਕਟਰ ਡਾ. ਅਮਰੀਸ਼ ਧਵਨ ਨੇ ਜ਼ਿਲ੍ਹਾ ਰੋਜ਼ਗਾਰ ਬਿਊਰੋ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਇਸ ਤਰ੍ਹਾਂ ਦੇ ਮੇਲੇ ਆਉਣ ਵਾਲੇ ਸਮੇਂ 'ਚ ਵੀ ਲੱਗਦੇ ਰਹਿਣਗੇ। ਕਾਲਜ ਦੇ ਪ੍ਰਿੰਸੀਪਲ ਯਾਦਵਿੰਦਰ ਸਿੰਘ ਨੇ ਬੱਚਿਆਂ ਨੂੰ ਇਸ ਤਰ੍ਹਾਂ ਦੇ ਰੋਜ਼ਗਾਰ ਮੇਲੇ 'ਚ ਵੱਧ ਤੋਂ ਵੱਧ ਹਿੱਸਾ ਲੈਣ ਲਈ ਉਤਸ਼ਾਹਤ ਕੀਤਾ। ਕਾਲਜ ਦੇ ਪਲੇਸਮੈਂਟ ਅਫਸਰ ਨਵਜੋਤ ਸਿੰਘ ਦੀ ਮਿਹਨਤ ਦੀ ਸਾਰਿਆਂ ਨੇ ਸ਼ਲਾਘਾ ਕੀਤੀ।

### ਬੁਲਟ ਮੋਟਰਸਾਈਕਲਾਂ ਦੇ ਕੀਤੇ ਚਲਾਨ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਮਾਨਯੋਗ ਉੱਚ ਅਦਾਲਤਾਂ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਸਮਾਣਾ ਟ੍ਰੈਫਿਕ ਪੁਲਸ ਦੇ ਇੰਚਾਰਜ ਥਾਣੇਦਾਰ ਕਰਨੈਲ ਸਿੰਘ ਦੀ ਅਗਵਾਈ ਹੇਠ ਟ੍ਰੈਫਿਕ ਪੁਲਸ ਨੇ ਬੁਲਟ ਮੋਟਰਸਾਈਕਲ ਵਾਲਿਆਂ ਦੇ ਚਲਾਨ ਕੀਤੇ। ਥਾਣੇਦਾਰ ਕਰਨੈਲ ਸਿੰਘ ਨੇ ਦੱਸਿਆ ਕਿ ਮਾਨਯੋਗ ਉੱਚ ਅਦਾਲਤਾਂ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਸਪੈਸ਼ਲ ਨਾਕਾਬੰਦੀ ਕਰਕੇ ਬੁਲਟ ਮੋਟਰਸਾਈਕਲ ਵਾਲਿਆਂ ਦੇ ਚਾਲਾਨ ਕੀਤੇ, ਜਿਨ੍ਹਾਂ ਨੇ ਮੋਟਰਸਾਈਕਲਾਂ ਦੇ ਸਾਈਲੈਂਸਰ ਮੋਡੀਫਾਈ ਕਰਵਾਏ ਹੋਏ ਸਨ। ਉਨ੍ਹਾਂ ਬੋਲਟ ਮੋਟਰਸਾਈਕਲ ਵਾਲਿਆਂ ਨੂੰ ਤਾੜਨਾ ਕਰਦਿਆਂ ਕਿਹਾ ਕਿ ਉਹ ਬੁਲਟ ਮੋਟਰਸਾਈਕਲਾਂ ਦੇ ਸਾਈਲੈਂਸਰ ਮੋਡੀਫਾਈਡ ਨਾ ਕਰਵਾਉਣ। ਮਾਣਯੋਗ ਉੱਚ ਅਦਾਲਤਾਂ ਦੇ ਹੁਕਮਾਂ ਦੀ ਪਾਲਣਾ ਕਰਨ। ਉਨ੍ਹਾਂ ਮੋਟਰਸਾਈਕਲ ਮਕੈਨਿਕਾਂ ਨੂੰ ਵੀ ਤਾੜਨਾ ਕੀਤੀ ਕਿ ਉਹ ਬੁਲਟ ਮੋਟਰਸਾਈਕਲਾਂ ਦੇ ਸਾਈਲੈਂਸਰ ਮੋਡੀਫਾਈਡ ਨਾ ਕਰਨ, ਨਹੀਂ ਤਾਂ ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਏ ਐੱਸ ਆਈ ਸੁਸਵਿੰਦਰ ਸਿੰਘ, ਐੱਚ ਸੀ ਜਸਪਾਲ ਸਿੰਘ, ਐੱਚ ਸੀ ਹਰਜੀਤ ਸਿੰਘ ਆਦਿ ਹਾਜ਼ਰ ਸਨ।

# ਮਾਛੀਵਾੜਾ ਖਾਮ ਵਿਖੇ 12 ਏਕੜ ਪੰਚਾਇਤੀ ਜ਼ਮੀਨ 'ਚ ਪੌਦੇ ਲਾ ਕੇ ਜੰਗਲ ਉਸਾਰਿਆ ਜਾਵੇਗਾ : ਦਿਆਲਪੁਰਾ

■ ਸੈਰ-ਸਪਾਟੇ ਲਈ ਛੋਟੀ ਝੀਲ ਤੇ ਝੌਂਪੜੀਆਂ ਵੀ ਬਣਾਈਆਂ ਜਾਣਗੀਆਂ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਰੋਪੜ ਰੋਡ 'ਤੇ ਸਥਿਤ ਮਾਛੀਵਾੜਾ ਖਾਮ ਵਿਖੇ 12 ਏਕੜ ਪੰਚਾਇਤੀ ਜ਼ਮੀਨ ਵਿੱਚ ਜੰਗਲ ਉਸਾਰਿਆ ਜਾਵੇਗਾ, ਜਿਸ ਸਬੰਧੀ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਵੱਲੋਂ ਮੌਕੇ 'ਤੇ ਜਾ ਕੇ ਜਾਇਜ਼ਾ ਲਿਆ ਗਿਆ। ਵਿਧਾਇਕ ਦਿਆਲਪੁਰਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਅੱਜ ਪਿੰਡ ਮਾਛੀਵਾੜਾ ਖਾਮ ਵਿਖੇ 12 ਏਕੜ ਪੰਚਾਇਤੀ ਜ਼ਮੀਨ ਦੀ ਚੋਣ ਕੀਤੀ ਗਈ ਹੈ, ਜਿੱਥੇ ਰਾਉਂਡ ਗਲਾਸ ਫਾਊਂਡੇਸ਼ਨ ਟੀਮ ਦੇ ਸਹਿਯੋਗ ਨਾਲ 60 ਤੋਂ 70 ਵੱਖ-ਵੱਖ ਤਰ੍ਹਾਂ ਦੇ ਦਰੱਖ਼ਤ ਲਗਾਏ ਜਾਣਗੇ, ਜਿਸ ਨੂੰ ਜੰਗਲ ਦਾ ਰੂਪ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਪੰਚਾਇਤੀ ਜ਼ਮੀਨ ਵਿੱਚ ਜੰਗਲ ਉਸਾਰਨ ਲਈ ਪਿੰਡ ਦੇ ਮਗਨਰੇਗਾ ਮਜ਼ਦੂਰਾਂ ਨੂੰ ਰੁਜ਼ਗਾਰ ਵੀ ਮਿਲੇਗਾ ਤੇ ਉਹ 3 ਸਾਲ ਇੱਥੇ ਲਗਾਏ ਪੌਦਿਆਂ ਦੀ ਸਾਂਭ-ਸੰਭਾਲ ਕਰਨਗੇ। ਵਿਧਾਇਕ ਨੇ ਦੱਸਿਆ ਕਿ ਲੋਕਾਂ ਨੂੰ ਸੈਰ-ਸਪਾਟੇ ਲਈ ਛੋਟੀ ਝੀਲ ਵੀ ਬਣਾਈ ਜਾਵੇਗੀ ਤੇ ਨਾਲ ਹੀ ਝੌਂਪੜੀਆਂ ਦਾ ਨਿਰਮਾਣ ਕੀਤਾ ਜਾਵੇਗਾ ਤਾਂ ਜੋ ਇੱਥੇ ਲੋਕ ਘੁੰਮ-ਫਿਰ ਸਕਣ। ਉਨ੍ਹਾ ਕਿਹਾ ਕਿ ਜੰਗਲ ਦੀ ਉਸਾਰੀ ਨਾਲ ਜਿੱਥੇ ਵਾਤਾਵਰਣ ਸ਼ੁੱਧ ਹੋਵੇਗਾ, ਉੱਥੇ ਪੰਚਾਇਤੀ ਜ਼ਮੀਨ 'ਤੇ ਨਾਜਾਇਜ਼ ਕਬਜ਼ੇ ਵੀ ਨਹੀਂ ਹੋਣਗੇ। ਵਿਧਾਇਕ ਨੇ ਕਿਹਾ ਕਿ ਜੰਗਲ ਦਾ ਨਿਰਮਾਣ ਪੰਚਾਇਤ, ਫਾਊਂਡੇਸ਼ਨ ਟੀਮ ਤੇ ਸਰਕਾਰ ਦੇ ਸਹਿਯੋਗ ਨਾਲ ਕੀਤਾ ਜਾਵੇਗਾ। ਇਸ ਮੌਕੇ ਜਗਜੀਤ ਸਿੰਘ ਮੱਕੜ, ਪ੍ਰਵੀਨ ਮੱਕੜ, ਨਵਜੀਤ ਉਟਾਲਾਂ ਵੀ ਮੌਜੂਦ ਸਨ।

# ਸੰਤ ਜਸਵੀਰ ਸਿੰਘ ਖਾਲਸਾ ਦੀ ਯਾਦ 'ਚ ਖ਼ੂਨਦਾਨ ਕੈਂਪ 30 ਨੂੰ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪ੍ਰੈੱਸ ਕਲੱਬ ਮਹਿਲ ਕਲਾਂ (ਬਰਨਾਲਾ) ਦੀ ਵਿਸ਼ੇਸ਼ ਮੀਟਿੰਗ ਕਲੱਬ ਦੇ ਜਨਰਲ ਸਕੱਤਰ ਬਲਜਿੰਦਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਇਥੇ ਹੋਈ। ਇਸ ਮੌਕੇ ਕਲੱਬ ਦੀਆਂ ਪ੍ਰਾਪਤੀਆਂ, ਭਵਿੱਖ ਦੀਆਂ ਯੋਜਨਾਵਾਂ ਸਬੰਧੀ ਵਿਚਾਰ ਚਰਚਾ ਹੋਈ। ਕਲੱਬ ਦੇ ਉੱਪ-ਚੇਅਰਮੈਨ ਸੁਖਵਿੰਦਰ ਸਿੰਘ ਸੋਨੀ ਨੇ ਦੱਸਿਆ ਕਿ ਸੱਚਖੰਡ ਵਾਸੀ ਸੰਤ ਬਾਬਾ ਜਸਵੀਰ ਸਿੰਘ ਖਾਲਸਾ ਕਾਲਾਮਾਲਾ ਸਾਹਿਬ ਵਾਲਿਆਂ ਦੀ ਬਰਸੀ ਮੌਕੇ ਵਿਸ਼ਾਲ ਖ਼ੂਨਦਾਨ ਕੈਂਪ 30 ਜੂਨ ਨੂੰ ਸਵੇਰੇ 9 ਵਜੇ ਇਤਿਹਾਸਕ ਗੁਰਦੁਆਰਾ ਸਾਹਿਬ ਕਾਲਾਮਾਲਾ ਸਾਹਿਬ ਛਾਪਾ ਵਿਖੇ ਬਲੱਡ ਬੈਂਕ ਸਿਵਲ ਹਸਪਤਾਲ ਬਰਨਾਲਾ, ਗਰਾਮ ਪੰਚਾਇਤਾਂ, ਯੂਥ ਕਲੱਬਾਂ ਦੇ ਸਹਿਯੋਗ ਸਦਕਾ ਲਗਾਇਆ ਜਾਵੇਗਾ। ਉਨ੍ਹਾ ਸਾਲਾਨਾ ਕੈਂਪ ਦੀ ਸਫਲਤਾ ਲਈ ਸਾਰਿਆਂ ਨੂੰ ਹੁਣੇ ਤੋਂ ਹੀ ਜੁੱਟ ਜਾਣ ਦੀ ਅਪੀਲ ਕੀਤੀ। ਇਸ ਮੌਕੇ ਭਾਈ ਰਾਜਵਿੰਦਰ ਸਿੰਘ ਕਲਾਲ ਮਾਜਰਾ ਨੂੰ ਕਾਰਜਕਾਰਨੀ ਮੈਂਬਰ ਵਜੋਂ ਕਲੱਬ 'ਚ ਸ਼ਾਮਲ ਕੀਤਾ ਗਿਆ। ਇਸ ਸਮੇਂ ਚੇਅਰਮੈਨ ਅਵਤਾਰ ਸਿੰਘ ਅਣਖੀ, ਰਮਨਦੀਪ ਸਿੰਘ ਠੁੱਲੀਵਾਲ, ਡਾ: ਜਗਰਾਜ ਸਿੰਘ ਮੂੰਮ, ਜਗਸੀਰ ਸਿੰਘ ਧਾਲੀਵਾਲ, ਪ੍ਰਦੀਪ ਸਿੰਘ ਲੋਹਗੜ੍ਹ, ਰਾਜਵਿੰਦਰ ਸਿੰਘ ਖਾਲਸਾ, ਗੁਰਪ੍ਰੀਤ ਸਿੰਘ ਅਣਖੀ, ਅਰਸ਼ਦੀਪ ਸਿੰਘ ਆਦਿ ਹਾਜ਼ਰ ਸਨ।

# ਦੇਸ਼ ਭਗਤ ਯੂਨੀਵਰਸਿਟੀ ਤੇ ਹਿਮਾਲੀਅਨ ਫਾਊਂਡੇਸ਼ਨ ਵੱਲੋਂ ਸਾਈਕਲੋਥੌਨ ਦਾ ਆਯੋਜਨ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਤੇ ਦੇਸ਼ ਭਗਤ ਰੇਡੀਓ ਵੱਲੋਂ ਦੀ ਹਿਮਾਲੀਅਨ ਫਾਊਂਡੇਸ਼ਨ ਦੇ ਸਹਿਯੋਗ ਨਾਲ ਐਤਵਾਰ ਨੂੰ ਇੱਕ ਸਾਈਕਲੋਥੌਨ 'ਟੂਰ ਡੀ ਸਿਟੀ' ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸ਼੍ਰੀ ਦਿਵਯੰਸ਼ ਗੁਪਤਾ ਪ੍ਰੈਜ਼ੀਡੈਂਟ ਦਿ ਹਿਮਾਲੀਅਨ ਫਾਊਂਡੇਸ਼ਨ ਨੇ ਸ਼੍ਰੀ ਰਾਮ ਗੋਪਾਲ, ਸੀ.ਪੀ.ਐੱਸ., ਡੀ.ਐੱਸ.ਪੀ., ਸੀ.ਆਈ.ਡੀ., ਚੰਡੀਗੜ੍ਹ ਦਾ ਮੁੱਖ ਮਹਿਮਾਨ ਵਜੋਂ ਤੇ ਡਾ. ਸੰਦੀਪ ਸਿੰਘ ਪ੍ਰੈਜ਼ੀਡੈਂਟ ਦੇਸ਼ ਭਗਤ ਯੂਨੀਵਰਸਿਟੀ ਅਤੇ ਰੇਡੀਓ, ਸ੍. ਕਰਨੈਲ ਸਿੰਘ ਆਹੀ ਸਾਬਕਾ ਜ਼ਿਲ੍ਹਾ ਤੇ ਸੈਸ਼ਨ ਜੱਜ ਦੇ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਣ 'ਤੇ ਜੀ ਆਇਆਂ ਆਖਿਆ। ਸ਼੍ਰੀ ਗੁਪਤਾ ਨੇ ਦੱਸਿਆ ਕਿ ਸਾਈਕਲਿੰਗ ਚੰਗੀ ਸਿਹਤ ਨੂੰ ਉਤਸ਼ਾਹਤ ਕਰਨ ਤੇ ਸਰੀਰਕ ਤੰਦਰੁਸਤੀ ਬਰਕਰਾਰ ਰੱਖਣ ਲਈ ਇੱਕ ਵਧੀਆ ਮਾਧਿਅਮ ਹੈ। ਉਨ੍ਹਾ ਕਿਹਾ ਕਿ ਇਹ ਫਾਊਂਡੇਸ਼ਨ ਤੇ ਡੀਬੀਯੂ ਦੁਆਰਾ ਇੱਕ ਪਹਿਲਕਦਮੀ ਹੈ, ਜੋ ਕਿਸੇ ਦੀ ਸਿਹਤ ਦੀ ਦੇਖਭਾਲ ਨੂੰ ਪਹਿਲ ਦੇ ਤੌਰ 'ਤੇ ਕਰਨ ਦੇ ਸੰਦੇਸ਼ ਨੂੰ ਫੈਲਾਉਣ ਲਈ ਵਚਨਬੱਧ ਹੈ। ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਹ ਸਾਈਕਲੋਥੌਨ ਸੈਕਟਰ 16, ਕ੍ਰਿਕਟ ਸਟੇਡੀਅਮ ਤੋਂ ਸਵੇਰੇ 6:30 ਵਜੇ ਸ਼ੁਰੂ ਹੋਈ ਤੇ ਇਸ ਵਿੱਚ 500 ਤੋਂ ਵੱਧ ਭਾਗੀਦਾਰਾਂ ਨੇ ਹਿੱਸਾ ਲਿਆ। ਸ਼੍ਰੀ ਰਾਮ ਗੋਪਾਲ ਡੀ.ਐੱਸ.ਪੀ. ਚੰਡੀਗੜ੍ਹ ਤੇ ਡਾ. ਸੰਦੀਪ ਸਿੰਘ, ਪ੍ਰੈਜ਼ੀਡੈਂਟ ਡੀ.ਬੀ.ਯੂ ਨੇ ਸਾਈਕਲੋਥੌਨ ਨੂੰ ਹਰੀ ਝੰਡੀ ਦੇ ਕਿ ਰਵਾਨਾ ਕੀਤਾ। ਸ਼੍ਰੀ ਰਾਮ ਗੋਪਾਲ, ਡੀ.ਐੱਸ.ਪੀ. ਨੇ ਭਾਗ ਲੈਣ ਵਾਲਿਆਂ ਨੂੰ ਸਹਿਤ ਦੀ ਸੰਭਾਲ ਵੱਲ ਕਦਮ ਚੁੱਕਣ ਲਈ ਵਧਾਈ ਦਿੱਤੀ। ਉਨ੍ਹਾਂ ਇਹ ਵੀ ਕਿਹਾ ਕਿ ਅਜਿਹੇ ਸਮਾਗਮ ਨੌਜਵਾਨਾਂ ਨੂੰ ਫਿਟਨੈੱਸ ਦੀ ਆਦਤ ਬਣਾਉਣ ਲਈ ਵੱਡੀ ਪ੍ਰੇਰਣਾ ਦਾ ਕੰਮ ਕਰਦੇ ਹਨ। ਡਾ. ਸੰਦੀਪ ਸਿੰਘ ਪ੍ਰੈਜ਼ੀਡੈਂਟ ਡੀ.ਬੀ.ਯੂ. ਨੇ ਕਿਹਾ ਕਿ ਡੀ.ਬੀ.ਯੂ. ਤੇ ਦੀ ਹਿਮਾਲੀਅਨ ਫਾਊਂਡੇਸ਼ਨ ਦੁਆਰਾ ਕੀਤਾ ਗਿਆ ਇਹ ਉਪਰਾਲਾ ਨੌਜਵਾਨਾਂ ਵਿੱਚ ਸੱਚਮੁੱਚ ਹਰਮਨ ਪਿਆਰਾ ਹੈ। ਸਾਈਕਲਿੰਗ ਫਿੱਟ ਰਹਿਣ ਲਈ ਇੱਕ ਵਧੀਆ ਮਾਧਿਅਮ ਹੈ ਤੇ ਡੀਬੀਯੂ ਇਸ ਸਾਈਕਲੋਥੌਨ ਰਾਹੀਂ 'ਸਿਹਤਮੰਦ ਸਰੀਰ 'ਚ ਸਿਹਤਮੰਦ ਮਨ ਰਹਿੰਦਾ ਹੈ' ਦੀ ਧਾਰਨਾ ਨੂੰ ਬੜ੍ਹਾਵਾ ਦੇ ਰਿਹਾ ਹੈ। ਉਨ੍ਹਾਂ ਪ੍ਰਬੰਧਕਾਂ ਨੂੰ ਸਮਾਗਮ ਦੇ ਆਯੋਜਨ ਲਈ ਵਧਾਈ ਦਿੱਤੀ ਤੇ ਇਸ ਦੇ ਭਰਪੂਰ ਸਫ਼ਲਤਾ ਦੀ ਆਸ ਪ੍ਰਗਟਾਈ।

ਕਰਨੈਲ ਸਿੰਘ ਸਾਬਕਾ ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਫਾਊਂਡੇਸ਼ਨ ਤੇ ਯੂਨੀਵਰਸਿਟੀ ਨੂੰ ਇਸ ਉਪਰਾਲੇ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਭਵਿੱਖ ਦੇ ਯਤਨਾਂ ਲਈ ਵੀ ਸ਼ੁੱਭ-ਕਾਮਨਾਵਾਂ ਦਿੱਤੀਆਂ। ਦੀ ਹਿਮਾਲੀਅਨ ਫਾਊਂਡੇਸ਼ਨ ਦੇ ਚੇਅਰਪਰਸਨ ਰੋਹਨ ਕਪੂਰ ਨੇ ਦੱਸਿਆ ਕਿ ਜੇਤੂ ਪ੍ਰਤੀਯੋਗੀਆਂ ਨੂੰ ਵਿਸ਼ੇਸ਼ ਇਨਾਮ ਦੇ ਕਿ ਸਨਮਾਨਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਭਾਗੀਦਾਰਾਂ ਦੁਆਰਾ ਇੱਕ ਬਹੁਤ ਵੱਡਾ ਉਤਸ਼ਾਹ ਦੇਖਣ ਨੂੰ ਮਿਲਿਆ। ਉਨ੍ਹਾਂ ਸ਼੍ਰੀ ਰਾਮ ਗੋਪਾਲ ਡੀ.ਐੱਸ.ਪੀ., ਸੀ.ਆਈ.ਡੀ., ਚੰਡੀਗੜ੍ਹ, ਡਾ. ਸੰਦੀਪ ਸਿੰਘ ਪ੍ਰੈਜ਼ੀਡੈਂਟ ਦੇਸ਼ ਭਗਤ ਯੂਨੀਵਰਸਿਟੀ ਤੇ ਕਰਨੈਲ ਸਿੰਘ ਆਹੀ, ਸਾਬਕਾ ਜ਼ਿਲ੍ਹਾ ਸੈਸ਼ਨ ਜੱਜ ਚੰਡੀਗੜ੍ਹ ਦਾ ਆਪਣੀ ਵੱਡਮੁੱਲੀ ਹਾਜ਼ਰੀ ਲਈ ਧੰਨਵਾਦ ਕੀਤਾ।

# ਮੁਆਵਜ਼ਾ ਲਏ ਬਿਨਾਂ ਪਾਈਪ ਲਾਈਨ ਨਹੀਂ ਪਾਉਣ ਦਿੱਤੀ ਜਾਵੇਗੀ : ਜੋਗੇਵਾਲਾ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਗੁਜਰਾਤ ਗੈਸ ਪਾਈਪ ਲਾਈਨ ਦੇ ਮੁਆਵਜ਼ੇ ਲਈ ਚੱਲ ਰਹੇ ਸੰਘਰਸ਼ ਸੰਬੰਧੀ ਜ਼ਿਲ੍ਹਾ ਆਗੂ ਜਗਦੇਵ ਸਿੰਘ ਜੋਗੇਵਾਲਾ ਦੀ ਅਗਵਾਈ ਵਿੱਚ ਪਿੰਡ ਇਕਾਈ ਲੇਲੇਵਾਲਾ ਵਿਖੇ ਪਿੰਡ ਇਕਾਈ ਤੇ ਸੰਬੰਧਤ ਕਿਸਾਨਾਂ ਦੀ ਮੀਟਿੰਗ ਹੋਈ। ਪਿਛਲੇ ਦਿਨੀਂ ਬਹਿਮਣ ਕੌਰ ਸਿੰਘ ਵਿਖੇ ਗੈਸ ਪਾਈਪ ਲਾਈਨ ਪਾਉਣ ਆਏ ਪ੍ਰਸ਼ਾਸਨ ਨਾਲ ਕਿਸਾਨਾਂ ਦਾ ਟਕਰਾਅ ਹੋ ਗਿਆ ਸੀ, ਜਿਸ ਤੋਂ ਬਾਅਦ ਡੀ ਸੀ ਬਠਿੰਡਾ, ਐੱਸ ਡੀ ਐੱਮ ਤਲਵੰਡੀ ਸਾਬੋ ਤੇ ਸੰਬੰਧਤ ਪ੍ਰਸ਼ਾਸਨ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵਿਚਕਾਰ ਮੀਟਿੰਗ ਹੋਈ ਸੀ ਤੇ ਫੈਸਲੇ ਮੁਤਾਬਕ ਪਾਈਪ ਲਾਈਨ ਵਾਲੇ ਸਾਰੇ ਕਿਸਾਨਾਂ ਨੂੰ 24 ਲੱਖ ਦੇ ਹਿਸਾਬ ਨਾਲ ਮੁਆਵਜ਼ਾ ਜਲਦ ਪਾਇਆ ਜਾਵੇਗਾ, ਪਰ ਅਜੇ ਤੱਕ ਮਾਮਲਾ ਜਿਵੇਂ ਦਾ ਤਿਵੇਂ ਹੈ। ਅੱਜ ਪਿੰਡ ਇਕਾਈ ਲੇਲੇਵਾਲਾ ਦੇ ਕਿਸਾਨਾਂ ਨਾਲ ਸੰਘਰਸ਼ ਸੰਬੰਧੀ ਚਰਚਾ ਕੀਤੀ ਗਈ। ਜ਼ਿਲ੍ਹਾ ਆਗੂ ਜਗਦੇਵ ਸਿੰਘ ਜੋਗੇਵਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਿਸਾਨਾਂ ਨੂੰ ਜਿੰਨਾ ਸਮਾਂ ਬਣਦਾ ਮੁਆਵਜ਼ਾ ਨਹੀਂ ਦਿੱਤਾ ਜਾਂਦਾ, ਉਨਾ ਸਮਾਂ ਰਹਿੰਦੀ ਗੈਸ ਪਾਈਪ ਲਾਈਨ ਨਹੀਂ ਪਾਉਣ ਦਿੱਤੀ ਜਾਵੇਗੀ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਕਿਸਾਨਾਂ ਦੇ ਨਾਲ ਖੜੀ ਹੈ। ਇਸ ਸਮੇਂ ਪਿੰਡ ਇਕਾਈ ਦੇ ਪ੍ਰਧਾਨ ਜਸਵੀਰ ਸਿੰਘ, ਬਲਵਿੰਦਰ ਸਿੰਘ, ਸੁਰਜੀਤ ਸਿੰਘ, ਹਰਬੰਸ ਸਿੰਘ, ਤੇਜਾ ਸਿੰਘ, ਜਗਸੀਰ ਸਿੰਘ ਰੋਮਾਣਾ, ਗੁਰਜੰਟ ਸਿੰਘ, ਚਤਿੰਨ ਸਿੰਘ ਸਮੇਤ ਕਮੇਟੀ ਮੈਂਬਰ ਤੇ ਕਿਸਾਨ ਵੀਹ ਹਾਜ਼ਰ ਸਨ।

19-June-PAGE-8.qxd 6/18/2023 8:30 PM Page 1



# ਪੰਜਾਬ-ਯੂ ਟੀ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਮੁੱਖ ਮੰਤਰੀ ਨੂੰ ਮੰਗ ਪੱਤਰ



**ਹੁਸ਼ਿਆਰਪੁਰ, (ਬਲਵੀਰ ਸੈਣੀ)**- ਸੂਬੇ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਪ੍ਰਤੀਨਿਧਤਾ ਕਰਦੀ ਜਥੇਬੰਦੀ "ਪੰਜਾਬ-ਯੂ.ਟੀ. ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ" ਵੱਲੋਂ ਸੂਬੇ ਦੇ ਮੰਤਰੀਆਂ ਅਤੇ ਵਿਧਾਇਕਾਂ ਰਾਹੀਂ ਮੁੱਖ ਮੰਤਰੀ ਨੂੰ ਰੋਸ ਪੱਤਰ ਭੇਜਣ ਦੇ ਉਲੀਕੇ ਗਏ ਪ੍ਰੋਗਰਾਮ ਦੇ ਤਹਿਤ ਤਹਿਸੀਲ ਹੁਸ਼ਿਆਰਪੁਰ ਵੱਲੋਂ ਕੈਬਨਿਟ ਮੰਤਰੀ ਜਿੰਪਾ ਅਤੇ ਵਿਧਾਇਕ ਡਾ. ਰਵਜੋਤ ਨੂੰ ਮੰਗ ਪੱਤਰ ਸੌਂਪਣ ਸੰਬੰਧੀ ਜ਼ਿਲ੍ਹਾ ਪ੍ਰੀਸ਼ਦ ਕੰਪਲੈਕਸ ਹੁਸ਼ਿਆਰਪੁਰ ਵਿਖੇ ਰੈਲੀ ਕੀਤੀ ਗਈ, ਜਿਸ ਵਿੱਚ ਤਹਿਸੀਲ ਭਰ ਵਿੱਚੋਂ ਆਸ਼ਾ ਵਰਕਰਾਂ ਸਹਿਤ ਵੱਖ-ਵੱਖ ਜਥੇਬੰਦੀਆਂ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਸਾਂਝੇ ਫਰੰਟ ਦੇ ਸੂਬਾ ਕਨਵੀਨਰ ਸਤੀਸ਼ ਰਾਣਾ ਅਤੇ ਕੁਲਵਰਨ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਬਾਕੀ ਮੰਤਰੀਆਂ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਮੁੱਖ ਮੰਤਰੀ ਵੱਲੋਂ ਤਾਂ ਜਥੇਬੰਦੀ ਨੂੰ ਇੱਕ ਵਾਰੀ ਵੀ ਮੀਟਿੰਗ ਦਾ ਸਮਾਂ ਨਹੀਂ ਦਿੱਤਾ ਗਿਆ ਅਤੇ ਕੈਬਨਿਟ ਸਬ ਕਮੇਟੀ ਵੱਲੋਂ ਵੀ ਇੱਕ-ਦੋ ਮੀਟਿੰਗਾਂ ਤਾਂ ਕੀਤੀਆਂ ਗਈਆਂ ਹਨ ਪ੍ਰੰਤੂ ਮੰਗਾਂ ਪ੍ਰਤੀ ਸੰਜੀਦਗੀ ਨਹੀਂ ਦਿਖਾਈ। ਉਨ੍ਹਾਂ ਕਿਹਾ ਕਿ ਹੁਣ 23 ਜੂਨ ਨੂੰ ਸਬ-ਕਮੇਟੀ ਵਲੋਂ ਮੀਟਿੰਗ ਦਾ ਸਮਾਂ ਦਿੱਤਾ ਗਿਆ ਹੈ ਅਤੇ ਜੇਕਰ ਮੀਟਿੰਗ ਵਿੱਚ ਮੰਗਾਂ ਨੂੰ ਹੱਲ ਕਰਨ ਵੱਲ ਕਦਮ ਨਹੀਂ ਪੁੱਟਿਆ ਜਾਂਦਾ ਤਾਂ ਜੁਲਾਈ ਨੂੰ ਲੁਧਿਆਣਾ ਵਿਖੇ ਸਾਂਝੇ ਫਰੰਟ ਦੀ ਸੂਬਾਈ ਮੀਟਿੰਗ ਕਰਕੇ ਅਗਲੇ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਇਸ ਮੌਕੇ ਸੰਬੋਧਨ ਕਰਦਿਆਂ ਓਂਕਾਰ ਸਿੰਘ, ਡੀ.ਕੇ. ਮਹਿਤਾ, ਸੁਖਦੇਵ ਡਾਂਸੀਵਾਲ, ਸੰਜੀਵ ਧੂਤ, ਇੰਦਰਜੀਤ ਵਿਰਦੀ, ਮੁਕੇਸ਼ ਗੁਜਰਾਤੀ, ਮਨਜੀਤ ਸੈਣੀ, ਵਿਕਾਸ ਸ਼ਰਮਾ, ਪ੍ਰਵੇਸ਼ ਕੁਮਾਰ ਵੱਲੋਂ ਸੰਬੋਧਨ ਕਰਦਿਆਂ ਮੰਗ ਕੀਤੀ ਕਿ ਹਰ ਪ੍ਰਕਾਰ ਦੇ ਕੱਚੇ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕੀਤਾ ਜਾਵੇ, ਮਾਣ-ਭੱਤਾ, ਇੰਸੈਂਟਿਵ ਤੇ ਸੇਵਾ ਨਿਭਾਅ ਰਹੇ ਮੁਲਾਜ਼ਮਾਂ ਤੇ ਘੱਟੋ-ਘੱਟ ਉਜਰਤ ਲਾਗੂ ਕੀਤੀ ਜਾਵੇ, ਪੁਰਾਣੀ ਪੈਨਸ਼ਨ ਨੂੰ ਸਾਫ ਨੀਅਤ ਨਾਲ ਲਾਗੂ ਕੀਤਾ ਜਾਵੇ, ਛੇਵੇਂ ਤਨਖਾਹ ਕਮਿਸ਼ਨ ਦੀਆਂ ਦੋਧੀਆਂ ਗਈਆਂ ਸਿਫਾਰਸ਼ਾਂ ਤਹਿਤ ਪੈਨਸ਼ਨਰਾਂ ਨੂੰ 2.59 ਗੁਣਾਂਕ ਲਾਗੂ ਕੀਤਾ ਜਾਵੇ, ਕੈਸ਼ਲੈਸ ਹੈਲਥ ਸਕੀਮ ਨੂੰ ਤਰੁਟੀਆਂ ਦੂਰ ਕਰਕੇ ਮੁੜ ਚਾਲੂ ਕੀਤਾ ਜਾਵੇ, ਬੱਝਵਾਂ ਮੈਡੀਕਲ ਭੱਤਾ 2000 ਰੁਪਏ ਕੀਤਾ ਜਾਵੇ, ਘੱਟੋ-ਘੱਟ ਤਨਖਾਹ 26000 ਰੁਪਏ ਪ੍ਰਤੀ ਮਹੀਨਾ ਨਿਸਚਤ ਕੀਤੀ ਜਾਵੇ, 1 ਜਨਵਰੀ 2016 ਨੂੰ ਤਨਖਾਹ ਕਮਿਸ਼ਨ ਲਾਗੂ ਕਰਦੇ ਸਮੇਂ 125% ਮਹਿੰਗਾਈ ਭੱਤੇ ਨੂੰ ਆਧਾਰ ਬਣਾਇਆ ਜਾਵੇ, ਮਹਿੰਗਾਈ ਭੱਤੇ ਦਾ ਬਕਾਇਆ ਜਾਰੀ ਕੀਤਾ ਜਾਵੇ, ਪੰਜਾਬ ਅੰਦਰ ਮੁਲਾਜ਼ਮਾਂ ਦੀ ਨਵੀਂ ਭਰਤੀ ਸੰਬੰਧੀ 17 ਜੁਲਾਈ 2020 ਦਾ ਨੋਟੀਫਿਕੇਸ਼ਨ ਵਾਪਸ ਲਿਆ ਜਾਵੇ ਤਾਂ ਜੋ ਇਨ੍ਹਾਂ ਮੁਲਾਜ਼ਮਾਂ 'ਤੇ ਵੀ ਪੰਜਾਬ ਦੇ ਸਕੇਲ ਲਾਗੂ ਹੋ ਸਕਣ, 2400 ਸਲਾਨਾ ਰੁਪਏ ਕੱਟਿਆ ਜਾਂਦਾ ਜਜ਼ੀਆ ਟੈਕਸ ਬੰਦ ਕੀਤਾ ਜਾਵੇ, 1 ਜਨਵਰੀ 2016 ਨੂੰ ਪੈਨਸ਼ਨਰਾਂ ਨੂੰ ਮਿਤੀ 1 ਜਨਵਰੀ 2016 ਤੋਂ 30 ਜੂਨ 2021 ਤੱਕ ਦੇ ਪੈਨਸ਼ਨ ਸੋਧ ਵਜੋਂ ਬਣਦਾ ਬਕਾਇਆ ਯਕਮੁਸ਼ਤ ਦਿੱਤਾ ਜਾਵੇ। ਰੈਲੀ ਉਪਰੰਤ ਕੈਬਨਿਟ ਮੰਤਰੀ ਦੀ ਰਿਹਾਇਸ਼ ਵੱਲ ਵਹੀਕਲ ਮਾਰਚ ਕੀਤਾ ਗਿਆ ਅਤੇ ਕੈਬਨਿਟ ਮੰਤਰੀ ਅਤੇ ਵਿਧਾਇਕ ਦੀ ਗੈਰ-ਮੌਜੂਦਗੀ ਕਾਰਨ ਨਾਇਬ ਤਹਿਸੀਲਦਾਰ ਹੁਸ਼ਿਆਰਪੁਰ ਅਤੇ ਭੂੰਗਾ ਨੂੰ ਰੋਸ ਪੱਤਰ ਸੌਂਪੇ ਗਏ।

ਇਸ ਮੌਕੇ ਸੂਰਜ ਪ੍ਰਕਾਸ਼ ਅਨੰਦ, ਸ਼ਮਸ਼ੇਰ ਸਿੰਘ ਧਾਮੀ, ਮਨਜੀਤ ਸਿੰਘ ਬਾਜਵਾ, ਰਕੇਸ਼ ਕੁਮਾਰ ਮਹਿਲਾਂਵਾਲੀ, ਜਸਪ੍ਰੀਤ ਕੌਰ, ਰਵਿੰਦਰ ਪਾਲ ਸ਼ਰਮਾ, ਪ੍ਰਿਤਪਾਲ ਸਿੰਘ, ਬਲਜੀਤ ਕੁਮਾਰ, ਤਰਸੇਮ ਸਿੰਘ, ਮਨਜੀਤ ਬਾਬਾ, ਅਮਰੀਕ ਸਿੰਘ, ਗੁਰਪ੍ਰੀਤ ਸਿੰਘ, ਪਰਦੁਮਣ ਸਿੰਘ ਖਰਾਲ, ਸੁਦਰਸ਼ਣ ਕੁਮਾਰ ਆਦਿ ਆਗੂ ਵੀ ਹਾਜ਼ਰ ਸਨ।

# 'ਆਪ' ਨੇ ਡੱਡੂ ਮਾਜਰਾ ਦੇ ਵਿਕਾਸ 'ਚ ਰੁਕਾਵਟ ਪਾਉਣ 'ਚ ਕਾਂਗਰਸ ਤੇ ਭਾਜਪਾ ਦੀ ਭੂਮਿਕਾ ਦਾ ਕੀਤਾ ਪਰਦਾਫਾਸ਼

**ਚੰਡੀਗੜ੍ਹ (ਗੁਰਜੀਤ ਬਿੱਲਾ)** ਆਮ ਆਦਮੀ ਪਾਰਟੀ (ਆਪ) ਨੇ ਡੱਡੂ ਮਾਜਰਾ 'ਚ ਕੂੜਾ ਪ੍ਰੋਸੈਸਿੰਗ ਪਲਾਂਟ ਲਗਾਉਣ ਸੰਬੰਧੀ ਕਾਂਗਰਸ ਪਾਰਟੀ ਵੱਲੋਂ ਲਾਏ ਬੇਬੁਨਿਆਦ ਦੋਸ਼ਾਂ ਦਾ ਤਿੱਖਾ ਵਿਰੋਧ ਕੀਤਾ ਹੈ। ਲੋਕਾਂ ਵਾਸਤੇ ਜ਼ਰੂਰੀ ਹੈ ਕਿ ਉਹ ਇਸ ਮੁੱਦੇ ਨੂੰ ਸਮਝਣ ਅਤੇ ਕੂੜਾ ਡੰਪ ਦੀ ਆੜ ਵਿੱਚ ਹੋ ਰਹੇ ਭ੍ਰਿਸ਼ਟਾਚਾਰ ਰਾਹੀਂ ਡੱਡੂ ਮਾਜਰਾ ਦੇ ਵਿਕਾਸ 'ਚ ਰੁਕਾਵਟ ਪਾਉਣ ਵਿੱਚ ਕਾਂਗਰਸ ਅਤੇ ਭਾਜਪਾ ਦੁਆਰਾ ਨਿਭਾਈ ਜਾ ਰਹੀ ਵਿਨਾਸ਼ਕਾਰੀ ਭੂਮਿਕਾ ਨੂੰ ਪਛਾਨਣ। ਕਾਂਗਰਸ ਨੇ ਡੱਡੂ ਮਾਜਰਾ ਵਿੱਚ ਨਿਘਾਰ ਅਤੇ ਭ੍ਰਿਸ਼ਟਾਚਾਰ ਦੀ ਸ਼ੁਰੂਆਤ ਇੱਕ ਪ੍ਰਾਚੀਨ ਜਲਘਰ ਨੂੰ ਕੂੜੇ ਨਾਲ ਪਲੀਤ ਕਰ ਕੇ ਕੀਤੀ, ਜਿਸ ਨਾਲ ਇਲਾਕੇ ਵਿੱਚ ਹਾਲਾਤ ਵਿਗੜਨ ਅਤੇ ਭ੍ਰਿਸ਼ਟਾਚਾਰ ਦਾ ਮੁੱਢ ਬੰਨ੍ਹਿਆ। ਭਾਜਪਾ ਨੇ ਵੀ ਇਸ ਸਥਿਤੀ ਦਾ ਫਾਇਦਾ ਉਠਾਇਆ। ਇਹ ਤੱਥ ਕਿ ਕਾਂਗਰਸ ਨੇ ਭ੍ਰਿਸ਼ਟਾਚਾਰ, ਮੇਅਰ ਚੋਣਾਂ ਅਤੇ ਹੁਣ ਅਧਿਐਨ ਦੌਰਿਆਂ ਵਿੱਚ ਭਾਜਪਾ ਦਾ ਸਮਰਥਨ ਕੀਤਾ ਸੀ, ਇਹ ਸ਼ਹਿਰ ਦੇ ਡਿੱਗ ਰਹੇ ਮਿਆਰ ਵਿੱਚ ਉਨ੍ਹਾਂ ਦੀ ਮਿਲੀਭੁਗਤ ਨੂੰ ਪ੍ਰਗਟ ਕਰਦਾ ਹੈ। 'ਆਪ' ਜ਼ਿੰਮੇਵਾਰ ਸ਼ਾਸਨ ਅਤੇ ਟਿਕਾਊ ਵਿਕਾਸ 'ਚ ਪੂਰੀ ਤਰ੍ਹਾਂ ਵਿਸ਼ਵਾਸ ਰੱਖਦੀ ਹੈ। ਅਸੀਂ ਡੱਡੂ ਮਾਜਰਾ ਦੇ ਵਸਨੀਕਾਂ ਦੁਆਰਾ ਉਠਾਈਆਂ ਚਿੰਤਾਵਾਂ ਅਤੇ ਪ੍ਰਦੂਸ਼ਣ ਮੁਕਤੀ ਲਈ ਤਕਨੀਕੀ ਤੌਰ 'ਤੇ ਉੱਨਤ ਵੇਸਟ ਪ੍ਰੋਸੈਸਿੰਗ ਪਲਾਂਟ ਦੀ ਫੌਰੀ ਲੋੜ ਨੂੰ ਸਵੀਕਾਰ ਕਰਦੇ ਹਾਂ। ਹਾਲਾਂਕਿ, ਨਵੀਆਂ ਸਹੂਲਤਾਂ ਲਈ ਵਾਧੂ ਫੰਡ ਅਲਾਟ ਕਰਨ ਤੋਂ ਪਹਿਲਾਂ, ਸਾਨੂੰ ਪਹਿਲਾਂ ਨਗਰ ਨਿਗਮ ਦੇ ਭ੍ਰਿਸ਼ਟ ਕੌਂਸਲਰਾਂ ਅਤੇ ਅਧਿਕਾਰੀਆਂ ਨੂੰ ਜਵਾਬਦੇਹ ਬਣਾਉਣਾ ਚਾਹੀਦਾ ਹੈ, ਪਿਛਲੇ ਫੰਡਾਂ ਦੀ ਦੁਰਵਰਤੋਂ ਦੀ ਚੰਗੀ ਤਰ੍ਹਾਂ ਜਾਂਚ ਕਰਨੀ ਚਾਹੀਦੀ ਹੈ, ਪਿਛਲੀਆਂ ਅਸਫਲਤਾਵਾਂ ਤੋਂ ਸਿੱਖਣਾ ਚਾਹੀਦਾ ਹੈ, ਅਤੇ ਛੇ ਮਹੀਨਿਆਂ ਦੇ ਅੰਦਰ ਕੂੜਾ ਸਾਫ ਕਰਨ ਲਈ ਵਧੀਆ ਅਭਿਆਸਾਂ ਨੂੰ ਲਾਗੂ ਕਰਨਾ ਚਾਹੀਦਾ ਹੈ, ਜਿਵੇਂ ਕਿ ਇੰਦੌਰ ਦੇ ਕਾਬਲ ਆਈ ਏ ਐਸ (ਮਿਉਂਸੀਪਲ ਕਾਰਪੋਰੇਸ਼ਨ ਕਮਿਸ਼ਨਰ) ਦੁਆਰਾ ਸਫਲਤਾਪੂਰਵਕ ਕੀਤਾ ਗਿਆ ਅਤੇ ਮਾਹਿਰਾਂ ਅਤੇ ਵਿਗਿਆਨੀਆਂ ਦੁਆਰਾ ਦਸਤਾਵੇਜ਼ੀ ਰੂਪ ਵਿੱਚ ਵਿਖਾਇਆ ਗਿਆ। ਅਸੀਂ ਅਜਿਹੀਆਂ ਸਹੂਲਤਾਂ ਅਤੇ ਬੇਕਾਰ ਅਧਿਐਨ ਦੌਰਿਆਂ 'ਤੇ ਸੈਂਕੜੇ ਕਰੋੜ ਬਰਬਾਦ ਕਰਨ ਦਾ ਵਿਰੋਧ ਕਰਦੇ ਹਾਂ ਜਿਨ੍ਹਾਂ ਦਾ ਹੁਣ ਤੱਕ ਕੋਈ ਠੋਸ ਨਤੀਜਾ ਨਹੀਂ ਨਿਕਲਿਆ ਹੈ।

'ਆਪ' ਚੰਡੀਗੜ੍ਹ ਦੇ ਵਿਕਾਸ ਅਤੇ ਚੰਗੇ ਪ੍ਰਸ਼ਾਸਨ ਦੇ ਸਿਧਾਂਤਾਂ ਪ੍ਰਤੀ ਆਪਣੀ ਅਟੁੱਟ ਵਚਨਬੱਧਤਾ ਨੂੰ ਦੁਹਰਾਉਂਦੀ ਹੈ। ਅਸੀਂ ਪ੍ਰਸਿੱਧ ਆਰਕੀਟੈਕਟ ਲੇ ਕੋਰਬੁਜੀਅਰ ਦੇ ਦੂਰਦਰਸ਼ੀ ਮਾਰਗ 'ਤੇ ਚੱਲਦੇ ਹੋਏ, ਸ਼ਹਿਰ ਦੇ ਵਿਕਾਸ ਨੂੰ ਆਕਾਰ ਦੇਣ ਲਈ ਹਮੇਸ਼ਾ ਸਰਗਰਮੀ ਨਾਲ ਯੋਗਦਾਨ ਪਾਇਆ ਹੈ। ਸਾਡਾ ਉਦੇਸ਼ ਸ਼ਹਿਰ ਦੀ ਸੁੰਦਰਤਾ ਨੂੰ ਬਰਕਰਾਰ ਰੱਖਣਾ ਅਤੇ ਇਸਦੇ ਨਿਵਾਸੀਆਂ ਲਈ ਜੀਵਨ ਦੀ ਉੱਚ ਗੁਣਵੱਤਾ ਨੂੰ ਯਕੀਨੀ ਬਣਾਉਣਾ ਹੈ।

# ਡਿਪਸ ਦੇ ਬੱਚਿਆਂ ਨੇ ਪਿਤਾ ਦਿਵਸ ਮਨਾਇਆ



**ਜਲੰਧਰ, (ਇਕਬਾਲ ਸਿੰਘ ਉਭੀ)** ਡਿਪਸ ਚੇਨ ਦੇ ਸਮੂਹ ਸਕੂਲਾਂ ਵਿੱਚ ਫਾਦਰਜ਼ ਡੇ ਮਨਾਇਆ ਗਿਆ। ਇਸ ਮੌਕੇ ਬੱਚਿਆਂ ਨੇ ਆਪਣੇ ਬਹੁਤ ਹੀ ਖੂਬਸੂਰਤ ਕਾਰਡ, ਤੋਹਫੇ, ਫੁੱਲਾਂ ਦੇ ਗੁਲਦਸਤੇ ਬਣਾ ਕੇ ਆਪਣੇ ਪਿਤਾ ਨੂੰ ਦਿੱਤੇ ਅਤੇ ਉਨ੍ਹਾਂ ਪ੍ਰਤੀ ਆਪਣੇ ਪਿਆਰ ਦਾ ਇਜ਼ਹਾਰ ਕੀਤਾ। ਇਸ ਦੇ ਲਈ ਵਿਦਿਆਰਥੀਆਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ ਅਤੇ ਪੇਂਟਿੰਗ ਦੇ ਰੰਗ, ਗੱਤੇ, ਕਰਾਫਟ ਪੇਪਰ ਦੀ ਵਰਤੋਂ ਕਰਕੇ ਗ੍ਰੀਟਿੰਗ ਕਾਰਡ ਬਣਾਏ। ਇਸ ਤੋਂ ਬਾਅਦ ਬੱਚਿਆਂ ਨੇ ਆਪਣੇ ਪਿਤਾ ਨੂੰ ਕਾਰਡਾਂ ਅਤੇ ਫੁੱਲਾਂ ਨਾਲ ਪਿਆਰ ਨਾਲ ਜੱਫੀ ਪਾਈ। ਬੱਚਿਆਂ ਨੇ ਆਪਣੇ ਪਿਤਾ ਦਾ ਜੀਵਨ ਵਿੱਚ ਹਮੇਸ਼ਾ ਸਾਥ ਦੇਣ ਅਤੇ ਹਰ ਮੁਸੀਬਤ ਤੋਂ ਬਚਣ ਲਈ ਧੰਨਵਾਦ ਕੀਤਾ। ਬੱਚਿਆਂ ਨੇ ਕਿਹਾ ਕਿ ਮਾਪੇ ਹੀ ਉਹ ਹੁੰਦੇ ਹਨ ਜੋ ਹਮੇਸ਼ਾ ਬੱਚਿਆਂ ਦੀ ਤਰੱਕੀ ਦੀ ਕਾਮਨਾ ਕਰਦੇ ਹਨ। ਇਸ ਦੌਰਾਨ ਅਧਿਆਪਕਾਂ ਨੇ ਬੱਚਿਆਂ ਨੂੰ ਦੱਸਿਆ ਕਿ ਪਿਤਾ ਦਿਵਸ ਪਹਿਲੀ ਵਾਰ 1910 ਵਿੱਚ ਵਾਸ਼ਿੰਗਟਨ ਵਿੱਚ ਮਨਾਇਆ ਗਿਆ ਸੀ। ਪਿਤਾ ਦਿਵਸ ਸਾਡੇ ਪਿਤਾਵਾਂ ਦੀ ਕੁਰਬਾਨੀ, ਮਿਹਨਤ, ਪਿਆਰ ਅਤੇ ਕੁਰਬਾਨੀ ਦੇ ਜਜ਼ਬੇ ਲਈ ਸਾਡੇ ਪਿਆਰ ਨੂੰ ਪ੍ਰਗਟ ਕਰਨ ਦਾ ਦਿਨ ਹੈ। ਡਿਪਸ ਚੇਨ ਦੇ ਐਮਡੀ ਤਰਵਿੰਦਰ ਸਿੰਘ ਅਤੇ ਸੀਈਓ ਰਮਣੀਕ ਸਿੰਘ ਜਸਨ ਸਿੰਘ ਨੇ ਕਿਹਾ ਕਿ ਜੀਵਨ ਵਿੱਚ ਪਿਤਾ ਦਾ ਸਥਾਨ ਬਹੁਤ ਮਹੱਤਵਪੂਰਨ ਹੁੰਦਾ ਹੈ। ਆਪਣੀਆਂ ਖੁਸ਼ੀਆਂ ਨੂੰ ਭੁੱਲ ਕੇ ਉਹ ਬੱਚਿਆਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਦਿਨ ਰਾਤ ਮਿਹਨਤ ਕਰਦਾ ਹੈ। ਇਨ੍ਹਾਂ ਭਾਵਨਾਵਾਂ ਰਾਹੀਂ ਉਨ੍ਹਾਂ ਬੱਚਿਆਂ ਨੂੰ ਪਿਤਾ ਦੀ ਮਹੱਤਤਾ ਬਾਰੇ ਦੱਸਿਆ। ਪਿਤਾ ਇੱਕ ਅਜਿਹਾ ਛਾਂਦਾਰ ਰੁੱਖ ਹੈ, ਜਿਸ ਦੇ ਹੇਠਾਂ ਰਹਿ ਕੇ ਬੱਚੇ ਆਪਣੇ ਦੁੱਖ-ਦਰਦ ਭੁਲਾ ਸਕਦੇ ਹਨ ਅਤੇ ਹਰ ਸੁੱਖ ਦੀ ਪ੍ਰਾਪਤੀ ਕਰ ਸਕਦੇ ਹਨ। ਇਸ ਲਈ ਪਿਤਾ ਦਾ ਹਮੇਸ਼ਾ ਸਤਿਕਾਰ ਕਰਨਾ ਚਾਹੀਦਾ ਹੈ।

# ਸੱਭਿਆਚਾਰਕ ਮੇਲੇ ਨੌਜਵਾਨ ਪੀੜ੍ਹੀ ਨੂੰ ਆਪਣੀ ਸੱਭਿਅਤਾ ਨਾਲ ਜੁੜਨ 'ਚ ਪ੍ਰੇਰਨਾ ਦਿੰਦੇ : ਰਾਜਾ





**ਟਾਂਡਾ ਉੜਮੁੜ (ਉਂਕਾਰ ਸਿੰਘ, ਜਸਵਿੰਦਰ ਸੰਧੂ)**- ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੰਤ ਬਾਬਾ ਬੂਟਾ ਭਗਤ ਦੀ ਯਾਦ ਨੂੰ ਸਮਰਪਿਤ ਸੱਭਿਆਚਾਰਕ ਮੇਲਾ ਸਿਟੀ ਵੈਲਫੇਅਰ ਕਲੱਬ ਟਾਂਡਾ ਦੇ ਪ੍ਰਧਾਨ ਤਰਸੇਮ ਲਾਲ ਦੀ ਅਗਵਾਈ 'ਚ ਬਾਬਾ ਬੂਟਾ ਭਗਤ ਹਾਲ ਦੀ ਗਰਾਊਂਡ ਵਿਖੇ ਬੜੀ ਧੂਮਧਾਮ ਅਤੇ ਸ਼ਰਧਾਪੂਰਵਕ ਅਮਿਟ ਯਾਦਾਂ ਛੱਡਦਾ ਹੋਇਆ ਸੰਪੰਨ ਹੋ ਨਿਬੜਿਆ। ਮੇਲੇ ਦਾ ਉਦਘਾਟਨ ਉੱਘੇ ਸਮਾਜ ਸੇਵੀ ਸੋਨੂੰ ਖੰਨਾ ਨੇ ਕੀਤਾ, ਜਿਸ 'ਚ ਮੁੱਖ ਮਹਿਮਾਨ ਵਜੋਂ ਹਲਕਾ ਟਾਂਡਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ, ਹਲਕਾ ਦਸੂਹਾ ਵਿਧਾਇਕ ਕਰਮਵੀਰ ਸਿੰਘ ਘੁੰਮਣ ਅਤੇ ਵਿਸ਼ੇਸ਼ ਮਹਿਮਾਨ ਵਜੋਂ ਜਿਲ੍ਹਾ ਇੰਪਰੂਵਮੈਂਟ ਟਰੱਸਟ ਹੁਸ਼ਿਆਰਪੁਰ ਦੇ ਚੇਅਰਮੈਨ ਹਰਮੀਤ ਸਿੰਘ ਔਲਖ, ਡੀ ਐਸ ਪੀ ਕੁਲਵੰਤ ਸਿੰਘ, ਐਸ ਐਚ ਓ ਓਂਕਾਰ ਸਿੰਘ ਬਰਾੜ, ਸ਼ਿਵ ਸੈਨਾ ਪੰਜਾਬ ਉੱਤਰ ਭਾਰਤ ਪ੍ਰਧਾਨ ਮਿੱਕੀ ਪੰਡਤ, ਆਪ ਸਿਟੀ ਪ੍ਰਧਾਨ ਜਗਜੀਵਨ ਜੱਗੀ, ਬਲਾਕ ਪ੍ਰਧਾਨ ਕੇਸਵ ਸਿੰਘ ਸੈਣੀ, ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ, ਚੇਅਰਮੈਨ ਰਾਜਿੰਦਰ ਸਿੰਘ ਮਾਰਸਲ, ਦੋਆਬਾ ਪ੍ਰਧਾਨ ਰਾਹੁਲ ਖੰਨਾ, ਸ਼ਿਵਮ ਵੈਦ ਤੇ ਅਤਵਾਰ ਸਿੰਘ ਪਲਾਚੱਕ ਸ਼ਾਮਲ ਹੋਏ। ਸੱਭਿਆਚਾਰਕ ਮੇਲੇ ਦੌਰਾਨ ਪੰਜਾਬ ਦੇ ਪ੍ਰਸਿੱਧ ਗਾਇਕ ਮੈਡਮ ਮਨਜੀਤ ਸ਼ਾਇਰਾ, ਰਿੰਕੂ ਨੂਰ, ਅਮਿਤ ਸਹਿਜਾਦ, ਦੀਪਕ ਸੋਂਧੀ, ਗੀਤਕਾਰ ਹਰਵਿੰਦਰ ਸਿੰਘ ਓਹੜਪੁਰੀ, ਦੀਪਕ ਕਲੋਇਆ, ਸੁਖਜੀਤ ਝਾਂਸ, ਗੁਰਮੁੱਖ ਸਿੰਘ ਧਾਲੀਵਾਲ ਅਤੇ ਅਮਰਜੀਤ ਅੰਬਰੀ ਤੋਂ ਇਲਾਵਾ ਹੋਰ ਕਈ ਗਾਇਕਾਂ ਨੇ ਆਪਣੇ ਗੀਤਾਂ ਰਾਹੀਂ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ।

ਪੰਜਾਬ ਦੇ ਪ੍ਰਸਿੱਧ ਫਿਲਮੀ ਗਾਇਕ ਖਾਨ ਸਾਬ ਨੇ 'ਮਦਦ ਕਰ ਮੇਰੀ ਅੱਲਾ ਨਸੀਬਾ ਖੋਲ ਦੇ ਮੇਰਾ' ਆਪਣੇ ਗੀਤ ਰਾਹੀਂ ਗੁਣਗਾਨ ਕਰਕੇ ਮੇਲੇ 'ਚ ਸ਼ਾਮਲ ਹਜ਼ਾਰਾਂ ਸ਼ਰਧਾਲੂਆਂ ਨੂੰ ਬਾਬਾ ਦੇ ਚਰਨਾਂ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ ਅਤੇ 'ਜ਼ਿੰਦਗੀ ਤੇਰੇ ਨਾਲ 'ਤੇ ਦਰਸ਼ਕਾਂ ਨੂੰ ਝੂੰਮਣ 'ਤੇ ਮਜ਼ਬੂਰ ਕਰ ਦਿੱਤਾ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਕਿਹਾ ਕਿ ਅਜਿਹੇ ਸੱਭਿਆਚਾਰਕ ਮੇਲੇ ਆਪਣੀ ਸੱਭਿਅਤਾ ਤੋਂ ਦੂਰ ਹੋ ਰਹੀ ਨੌਜਵਾਨ ਪੀੜ੍ਹੀ ਨੂੰ ਮੁੜ ਆਪਣੀ ਪੰਜਾਬੀ ਸੱਭਿਅਤਾ ਨਾਲ ਜੁੜਨ ਲਈ ਪ੍ਰੇਰਨਾ ਦਾਇਕ ਹੁੰਦੇ ਹਨ।

ਇਸ ਮੌਕੇ ਮੁੱਖ ਮਹਿਮਾਨ ਵਿਧਾਇਕ ਜਸਵੀਰ ਰਾਜਾ ਅਤੇ ਵਿਧਾਇਕ ਕਰਮਵੀਰ ਘੁੰਮਣ ਨੇ ਆਏ ਹੋਏ ਵਿਸ਼ੇਸ਼ ਮਹਿਮਾਨਾਂ ਤੇ ਕਲਾਕਾਰਾਂ ਨੂੰ ਸਨਮਾਨਿਤ ਕੀਤਾ। ਸਟੇਜ ਦੀ ਭੂਮਿਕਾ ਬਲਦੇਵ ਸ਼ਾਹੀ ਨੇ ਬਖੂਬੀ ਨਿਭਾਈ। ਇਸ ਮੌਕੇ ਤੇ ਪ੍ਰੇਮ ਜੈਨ, ਪ੍ਰੇਮ ਪਡਵਾਲ, ਵਿੱਕੀ ਮਹਿੰਦਰੂ, ਅਵਤਾਰ ਸਿੰਘ ਤਾਰੀ, ਗੋਲਡੀ ਵਰਮਾ, ਬਲਜੀਤ ਸੈਣੀ, ਜਿੰਦਰ ਬਣਿਆਲ, ਉਂਕਾਰ ਸਿੰਘ, ਹਰਦੀਪ ਸਿੰਘ, ਜੱਸੀ, ਗਿਨੀ ਅਰੋੜਾ ਅਤੇ ਹੋਰ ਹਾਜ਼ਰ ਸਨ।

# ਕਾਰਪੋਰੇਸ਼ਨ ਦੀ ਢਿੱਲੀ ਕਾਰਜਸ਼ੈਲੀ ਕਾਰਨ ਕਚਰੇ ਦਾ ਢੇਰ ਬਣਿਆ ਫਗਵਾੜਾ : ਅਰੁਣ ਖੋਸਲਾ

**ਫਗਵਾੜਾ (ਡਾ.ਰਮਨ)**-ਸ਼ਹਿਰ ਦੇ ਭੀੜ-ਭੜੱਕੇ ਵਾਲੇ ਬਾਜ਼ਾਰਾਂ ਅਤੇ ਰਿਹਾਇਸ਼ੀ ਕਲੋਨੀਆਂ ਵਿੱਚ ਬਣੇ ਕੂੜੇ ਦੇ ਡੰਪ ਇੱਕ ਵਾਰ ਫਿਰ ਫਗਵਾੜਾ ਵਾਸੀਆਂ ਲਈ ਮੁਸੀਬਤ ਬਣ ਗਏ ਹਨ। ਨਿਗਮ ਦੀਆਂ ਗੱਡੀਆਂ ਕਈ ਦਿਨਾਂ ਤੋਂ ਡੰਪਾਂ ਤੋਂ ਕੂੜਾ ਨਹੀਂ ਚੁੱਕ ਰਹੀਆਂ, ਜਿਸ ਕਾਰਨ ਲੋਕਾਂ ਦਾ ਇਹਨਾਂ ਢੇਰਾਂ ਦੇ ਨਜ਼ਦੀਕ ਤੋਂ ਲੰਘਣਾ ਤਾਂ ਦੂਰ, ਸਾਹ ਲੈਣਾ ਵੀ ਔਖਾ ਹੋ ਗਿਆ ਹੈ। ਇਸ ਮਸਲੇ 'ਤੇ ਸਖ਼ਤ ਟਿੱਪਣੀ ਕਰਦਿਆਂ ਸ਼ਹਿਰ ਦੇ ਸਾਬਕਾ ਮੇਅਰ ਅਤੇ ਭਾਜਪਾ ਦੇ ਸੀਨੀਅਰ ਆਗੂ ਅਰੁਣ ਖੋਸਲਾ ਨੇ ਕਿਹਾ ਕਿ ਉਹ ਸ਼ੁੱਕਰਵਾਰ ਨੂੰ ਇਸ ਸਮੱਸਿਆ ਬਾਰੇ ਗੱਲਬਾਤ ਕਰਨ ਲਈ ਨਿਗਮ ਦਫ਼ਤਰ ਗਏ ਸੀ ਪਰ ਦੁਪਹਿਰ ਤੱਕ ਨਿਗਮ ਕਮਿਸ਼ਨਰ ਆਪਣੇ ਦਫ਼ਤਰ ਵਿੱਚ ਮੌਜੂਦ ਨਹੀਂ ਸੀ ਅਤੇ ਅਧਿਕਾਰੀਆਂ ਨੇ ਕਿਹਾ ਕਿ ਗੱਡੀਆਂ ਵਿੱਚ ਤੇਲ ਨਾ ਹੋਣ ਕਾਰਨ ਉਹ ਬੇਵੱਸ ਹਨ। ਖੋਸਲਾ ਨੇ ਦੱਸਿਆ ਕਿ ਸ਼ਹਿਰ ਦੇ ਨੀਵੇਂ ਇਲਾਕਿਆਂ ਵਿੱਚ ਦਸ ਮਿੰਟ ਦੀ ਬਰਸਾਤ ਨਾਲ ਹੀ ਪਾਣੀ ਦਾ ਹੜ੍ਹ ਆ ਜਾਂਦਾ ਹੈ। ਜਿਸ ਨਾਲ ਸਾਰਾ ਕੂੜਾ ਸੜਕਾਂ 'ਤੇ ਫੈਲ ਜਾਂਦਾ ਹੈ ਤੇ ਲੋਕਾਂ ਦੀ ਜ਼ਿੰਦਗੀ ਨਰਕ ਬਣ ਜਾਂਦੀ ਹੈ। ਇਸ ਗਿੱਲੇ ਤੇ ਸੜੇ ਹੋਏ ਕੂੜੇ ਤੋਂ ਨਿਕਲਣ ਵਾਲੀ ਬਦਬੂ ਹਵਾ ਨੂੰ ਜ਼ਹਿਰੀਲਾ ਬਣਾ ਦਿੰਦੀ ਹੈ। ਮੱਖੀਆਂ ਅਤੇ ਮੱਛਰ ਮਾਰੂ ਬਿਮਾਰੀਆਂ ਨੂੰ ਸੱਦਾ ਦਿੰਦੇ ਨਜ਼ਰ ਆਉਂਦੇ ਹਨ, ਪਰ ਹੈਰਾਨੀ ਦੀ ਗੱਲ ਇਹ ਹੈ ਕਿ ਨਿਗਮ ਪ੍ਰਸ਼ਾਸਨ ਨੂੰ ਲੋਕਾਂ ਦੀ ਜਾਨ ਮਾਲ ਦੀ ਬਿਲਕੁਲ ਵੀ ਪ੍ਰਵਾਹ ਨਹੀਂ। ਨਿਗਮ ਕਮਿਸ਼ਨਰ 'ਤੇ ਭਾਰਤ ਸਰਕਾਰ ਦੀ ਸਵੱਛ ਭਾਰਤ ਅਭਿਆਨ ਮੁਹਿੰਮ ਦੀਆਂ ਧੱਜੀਆਂ ਉਡਾਉਣ ਦਾ ਦੋਸ਼ ਲਾਉਂਦਿਆਂ ਖੋਸਲਾ ਨੇ ਕਿਹਾ ਕਿ ਜੇਕਰ ਨਿਗਮ ਕਮਿਸ਼ਨਰ ਦੇ ਦਾਅਵੇ ਅਨੁਸਾਰ ਇਸ ਵਾਰ ਹਾਊਸ ਟੈਕਸ ਦੀ ਰਿਕਾਰਡ ਵਸੂਲੀ ਹੋਈ ਹੈ, ਤਾਂ ਕੂੜਾ ਚੁੱਕਣ ਵਾਲੀਆਂ ਗੱਡੀਆਂ ਵਿਚ ਤੇਲ ਕਿਉਂ ਨਹੀਂ ਪਾਇਆ ਜਾ ਰਿਹਾ ਅਤੇ ਟੈਕਸ ਦੇਣ ਵਾਲੇ ਨਾਗਰਿਕਾਂ ਦੀ ਜ਼ਿੰਦਗੀ ਨੂੰ ਨਰਕ ਕਿਉਂ ਬਣਾਇਆ ਜਾ ਰਿਹਾ ਹੈ।

## ਠੰਢੇ ਮਿੱਠੇ ਜਲ ਦੀ ਛਬੀਲ ਲਗਾਈ

**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**-ਯੁਵਾ ਸ਼ਕਤੀ ਯੂਥ ਕਲੱਬ ਤਖਤਗੜ੍ਹ ਦੇ ਬੱਚਿਆਂ ਅਤੇ ਨੌਜਵਾਨਾਂ ਵੱਲੋਂ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਸਰਪੰਚ ਕੇਵਲ ਕ੍ਰਿਸ਼ਨ ਹੈਪੀ ਨੇ ਦੱਸਿਆ ਕਿ ਰਾਹਗੀਰਾਂ ਨੇ ਕੜਕਦੀ ਧੁੱਪ ਵਿੱਚ ਠੰਢੇ ਮਿੱਠਾ ਜਲ ਪੀ ਕੇ ਪਿਆਸ ਬੁਝਾਈ ਨਾਲ ਦੀ ਨਾਲ ਛੋਲਿਆਂ ਦੇ ਪ੍ਰਸ਼ਾਦ ਦਾ ਸੁਆਦ ਵੀ ਚੱਖਿਆ । ਇਸ ਮੌਕੇ ਸਰਪੰਚ ਕੇਵਲ ਕ੍ਰਿਸ਼ਨ ਹੈਪੀ, ਹਿੰਮਤ ਰਾਏ, ਜੈ ਰਾਮ ਭੋਲੂ, ਹੁਕਮ ਚੰਦ, ਸੁਰਿੰਦਰ ਸਿੰਘ, ਗੁਰਪ੍ਰੀਤ ਸਿੰਘ, ਰੁਪਿੰਦਰ ਸਿੰਘ, ਸਰਤਾਜ ਸਿੰਘ, ਜਸ਼ਨਦੀਪ ਸਿੰਘ, ਨਮਨ, ਗੌਰਵ, ਅਨਮੋਲ, ਆਦਿ ਹਾਜ਼ਰ ਸਨ।

## ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਆਨਲਾਈਨ ਫਾਦਰ ਡੇ ਮਨਾਇਆ



**ਕਪੂਰਥਲਾ, (ਹਨੀ)**- ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਭਦੀਪ ਕੌਰ ਮੋਂਗਾ ਦੀ ਅਗਵਾਈ ਵਿਚ ਆਨਲਾਈਨ ਪਿਤਾ ਦਿਵਸ ਸਬੰਧੀ ਸਮਾਗਮ ਕਰਵਾਇਆ ਗਿਆ । ਜਿਸ ਵਿੱਚ ਵਿਦਿਆਰਥੀਆਂ ਨੇ ਵੱਖ-ਵੱਖ ਗਤੀਵਿਧੀਆਂ ਭਾਗ ਲਿਆ ਗਿਆ । ਇਸ ਦੌਰਾਨ ਉਨ੍ਹਾਂ ਪਿਤਾ ਦਿਵਸ ਨਾਲ ਸੰਬੰਧਤ ਕਾਰਡ ਵੀ ਬਣਾਏ ਗਏ। ਪ੍ਰਾਇਮਰੀ ਅਤੇ ਸੀਨੀਅਰ ਵਿੰਗ ਦੇ ਵਿਦਿਆਰਥੀਆਂ ਵੱਲੋਂ ਆਪਣੇ ਪਿਤਾ ਨਾਲ ਸਮਾਂ ਬਿਤਾਉਂਦੇ ਹੋਏ, ਉਨ੍ਹਾਂ ਦੀ ਕੰਮ ਵਿਚ ਮੱਦਦ ਕੀਤੀ ਗਈ । ਗਿਆਰ੍ਹਵੀਂ ਜਮਾਤ ਦੀ ਵਿਦਿਆਰਥਣ ਕਾਜਲਪ੍ਰੀਤ ਕੌਰ ਦੁਆਰਾ ਪਿਤਾ ਦਿਵਸ ਨਾਲ ਸੰਬੰਧਤ ਸਪੀਚ ਦਿੱਤੀ ਗਈ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਪਿਤਾ ਦਿਵਸ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ । ਉਹਨਾਂ ਨੇ ਵਿਦਿਆਰਥੀਆਂ ਨੂੰ ਆਪਣੇ ਮਾਪਿਆਂ ਅਤੇ ਅਧਿਆਪਕਾਂ ਦਾ ਸਤਿਕਾਰ ਕਰਨ ਦਾ ਵੀ ਸੁਨੇਹਾ ਦਿੱਤਾ ।

## 20 ਨੂੰ ਹੋਣ ਵਾਲੀ ਯੋਗਸ਼ਾਲਾ ਦਾ ਡੀ ਸੀ ਵੱਲੋਂ ਜਾਇਜ਼ਾ

**ਜਲੰਧਰ (ਸੁਰਿੰਦਰ ਕੁਮਾਰ)** ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਪੀ ਏ ਪੀ ਗਰਾਊਂਡ ਜਲੰਧਰ ਵਿਖੇ 20 ਜੂਨ ਨੂੰ ਹੋਣ ਵਾਲੇ ਸੀ ਐਮ ਦੀ ਯੋਗਸ਼ਾਲਾ ਸਮਾਗਮ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਸਮਾਗਮ ਦੀ ਪ੍ਰਧਾਨਗੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੀ ਜਾਵੇਗੀ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਸਮਾਗਮ ਬੇਮਿਸਾਲ ਢੰਗ ਨਾਲ ਕਰਵਾਇਆ ਜਾਵੇਗਾ, ਜਿਸ 'ਚ ਹਜ਼ਾਰਾਂ ਵਲੰਟੀਅਰ ਮਾਹਰਾਂ ਦੀ ਅਗਵਾਈ ਹੇਠ ਯੋਗ ਅਭਿਆਸ ਕਰਨਗੇ। ਉਨ੍ਹਾਂ ਕਿਹਾ ਕਿ ਸਮਾਗਮ ਨੂੰ ਵੱਡੇ ਪੱਧਰ 'ਤੇ ਸਫਲ ਬਣਾਉਣ ਲਈ ਸਮੂਹ ਅਧਿਕਾਰੀਆਂ ਨੂੰ ਤਨਦੇਹੀ ਨਾਲ ਕੰਮ ਕਰਨਾ ਚਾਹੀਦਾ ਹੈ। ਸਾਰੰਗਲ ਨੇ ਅਧਿਕਾਰੀਆਂ/ਕਰਮਚਾਰੀਆਂ ਨੂੰ ਇਹ ਵੀ ਕਿਹਾ ਕਿ ਇਸ ਸਮਾਗਮ ਨੂੰ ਸਫਲ ਬਣਾਉਣ ਲਈ ਕੋਈ ਕਸਰ ਨਾ ਛੱਡੀ ਜਾਵੇ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਸਮਾਗਮ ਦੀ ਰੂਪਰੇਖਾ ਦਾ ਵੀ ਜਾਇਜ਼ਾ ਲਿਆ ਅਤੇ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ।

## ਪੀ ਪੀ ਆਰ ਮਾਲ 'ਚ ਖੁੱਲ੍ਹਿਆ ਪੀਜ਼ਾ ਹੱਟ

**ਜਲੰਧਰ, (ਇਕਬਾਲ ਸਿੰਘ ਉਭੀ)** ਪੀ.ਪੀ.ਆਰ ਗਰੁੱਪ ਹਮੇਸ਼ਾ ਲੋਕਾਂ ਦੀਆਂ ਤਰਜੀਹਾਂ ਨੂੰ ਧਿਆਨ ਵਿਚ ਰੱਖਦੇ ਹੋਏ ਉਨ੍ਹਾਂ ਲਈ ਕੁਝ ਖਾਸ ਲਿਆਉਣ ਵਿਚ ਮੋਹਰੀ ਰਿਹਾ ਹੈ। ਇਸੇ ਕੜੀ ਨੂੰ ਅੱਗੇ ਵਧਾਉਂਦੇ ਹੋਏ, ਗਰੁੱਪ ਨੇ ਆਪਣੇ ਪੀਪੀਆਰ ਮਾਲ, ਮਿੱਠਾਪੁਰ ਰੋਡ, ਜਲੰਧਰ ਵਿਖੇ ਇੱਕ ਨਵਾਂ ਪੀਜ਼ਾ ਹੱਟ ਸਟੋਰ ਖੋਲ੍ਹਿਆ। ਸਟੋਰ ਦਾ ਉਦਘਾਟਨ ਪੀਪੀਆਰ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਪ੍ਰਿੰਸ ਚੋਪੜਾ ਨੇ ਰਾਹੁਲ ਬਹਿਲ ਅਤੇ ਸਟਾਫ਼ ਮੈਂਬਰਾਂ ਦੀ ਮੌਜੂਦਗੀ ਵਿੱਚ ਕੀਤਾ। ਪੀਜ਼ਾ ਹੱਟ ਨੂੰ ਵਧਾਈ ਦਿੰਦੇ ਹੋਏ ਪ੍ਰਿੰਸ ਚੋਪੜਾ ਨੇ ਕਿਹਾ ਕਿ ਪੀ.ਪੀ.ਆਰ ਦੇ ਸਮਾਨ ਨੂੰ ਨਾਗਰਿਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਇਸੇ ਤਰ੍ਹਾਂ ਪੀਜ਼ਾ ਹੱਟ ਵੀ ਦੇਸ਼ ਵਾਸੀਆਂ ਦਾ ਪਸੰਦੀਦਾ ਬ੍ਰਾਂਡ ਹੈ। ਉਨ੍ਹਾਂ ਸਾਰਿਆਂ ਨੂੰ ਆਉਣ ਦੀ ਅਪੀਲ ਕੀਤੀ। ਸਟਾਫ਼ ਨੇ ਦੱਸਿਆ ਕਿ ਸਾਡੇ ਕੋਲ ਸ਼ਹਿਰ ਵਾਸੀਆਂ ਲਈ ਵੱਖ-ਵੱਖ ਤਰ੍ਹਾਂ ਦੇ ਪੀਜ਼ੇ ਹਨ। ਚੇਅਰਮੈਨ ਅਨਿਲ ਚੋਪੜਾ ਨੇ ਸ਼ੁੱਭ ਇੱਛਾਵਾਂ ਦਿੱਤੀਆਂ।

## ਜੱਫਲ ਝਿੰਗੜ ਵਿਖੇ ਖੇੜਾ ਪੀਰ ਨਿਆਮਤ ਬਲੀ ਦੇ ਦਰਬਾਰ 'ਤੇ ਛਿੰਝ ਮੇਲਾ ਅੱਜ

**ਭੋਗਪੁਰ ( ਗੁਰਪ੍ਰੀਤ ਸਿੰਘ ਭੋਗਲ )** ਪਿੰਡ ਜੱਫਲ ਝਿੰਗੜ ਜਿਲ੍ਹਾ ਜਲੰਧਰ ਵਿਖੇ 19 ਜੂਨ ਦਿਨ ਸੋਮਵਾਰ ਨੂੰ ਖੇੜਾ ਪੀਰ ਨਿਆਮਤ ਬਲੀ ਦੇ ਦਰਬਾਰ 'ਤੇ ਛਿੰਝ ਮੇਲਾ ਧੂਮ-ਧਾਮ ਅਤੇ ਸ਼ਾਨੋ ਸ਼ੌਕਤ ਨਾਲ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਪੰਜਾਬ ਦੇ ਉੱਚ-ਕੋਟੀ ਦੇ ਦਰਸ਼ਨੀ ਭਲਵਾਨ ਪਹੁੰਚ ਰਹੇ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਛਿੰਝ ਮੇਲੇ ਦੇ ਮੁੱਖ ਪ੍ਰਬੰਧਕ ਕਮਲਜੀਤ ਸਿੰਘ ਸਹੋਤਾ ਯੂ ਐਸ ਏ ਨੇ ਦੱਸਿਆ ਕਿ ਇਸ ਛਿੰਝ ਮੇਲੇ ਵਿੱਚ ਸੱਦੇ ਹੋਏ ਭਲਵਾਨਾਂ ਨੂੰ ਹੀ ਮੌਕਾ ਦਿੱਤਾ ਜਾਵੇਗਾ। ਛਿੰਝ ਮੇਲੇ ਦੀ ਸੇਵਾ ਕਮਲਜੀਤ ਸਿੰਘ ਸਹੋਤਾ ਜੱਫਲ ਝਿੰਗੜ ਦੇ ਪਰਵਾਰ ਵੱਲੋਂ ਕਰਵਾਈ ਜਾ ਰਹੀ ਹੈ। ਕੁਸ਼ਤੀਆਂ ਲਈ ਨਛੱਤਰ ਸਿੰਘ ਸੱਤੀ ਪਹਿਲਵਾਨ ਸ਼ਾਹਕੋਟ ਅਤੇ ਮਲਕੀਤ ਪਹਿਲਵਾਨ ਕਪੂਰਥਲਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਆਸ਼ੀਆਨਾ ਰਿਜ਼ੋਰਟ ਦਾ ਉਦਘਾਟਨ



**ਭੋਗਪੁਰ ( ਗੁਰਪ੍ਰੀਤ ਸਿੰਘ ਭੋਗਲ )** ਕਾਲਾ ਬੱਕਰਾ ਨੇੜੇ ਲਾਜਵੰਤੀ ਪੈਟਰੋਲ ਪੰਪ ਨੇੜੇ ਆਸ਼ੀਆਨਾ ਰਿਜ਼ੋਰਟ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਰਜਿੰਦਰ ਸਿੰਘ, ਕੁਲਦੀਪ ਸਿੰਘ, ਸਾਨੂੰ ਕੁਮਾਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਉਦਘਾਟਨ ਮੌਕੇ ਆਸ਼ੀਆਨਾ ਰਿਜ਼ੋਰਟ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ ਅਤੇ ਰਾਗੀ ਜੱਥਿਆਂ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਅਰਦਾਸ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਅਤੇ ਗੁਰੂ ਕੇ ਲੰਗਰ ਅਤੁੱਟ ਵਰਤੇ। ਇਸ ਮੌਕੇ ਸਰਦਾਰ ਰਜਿੰਦਰ ਸਿੰਘ ਨੇ ਕਿਹਾ ਕਿ ਆਸ਼ੀਆਨਾ ਰਿਜ਼ੋਰਟ ਇਲਾਕੇ ਵਿੱਚ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ, ਜਿਸ ਵਿੱਚ ਮੈਰਜ, ਬਰਥ-ਡੇ ਪਾਰਟੀ, ਰਿੰਗ ਸਰਮਨੀ, ਤੇ ਫੁੱਲ ਏ, ਸੀ ਹਾਲ, ਡੈਕੋਰੇਸ਼ਨ, ਲਾਈਟ ਸਿਸਟਮ ਦਾ ਖਾਸ ਪ੍ਰਬੰਧ ਹੈ। ਜੋ ਇਲਾਕੇ ਦੇ ਲੋਕਾਂ ਲਈ ਲਾਹੇਵੰਦ ਸਿੱਧ ਹੋ ਰਿਹਾ ਹੈ।

## ਦਰਬਾਰ ਹਜ਼ਰਤ ਪੀਰ ਬਾਬਾ ਆਸਾ ਰੂੜਾ ਦੇ ਅਸਥਾਨ 'ਤੇ ਸਾਲਾਨਾ ਜੋੜ ਮੇਲਾ 24, 25 ਨੂੰ

**ਫਿਲੌਰ, (ਨਿਰਮਲ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਥਾਨਕ ਭਾਈ ਮੇਹਰ ਚੰਦ ਚੌਂਕ (ਬੀ. ਐੱਮ. ਸੀ) ਚੌਂਕ ਅੱਪਰਾ ਵਿਖੇ ਸਥਿਤ ਦਰਬਾਰ ਹਜ਼ਰਤ ਪੀਰ ਬਾਬਾ ਆਸਾ ਰੂੜਾ ਦੇ ਅਸਥਾਨ 'ਤੇ ਦੋ ਦਿਨਾਂ ਸਾਲਾਨਾ ਜੋੜ ਮੇਲਾ ਮੁੱਖ ਸੇਵਾਦਾਰ ਸਾਂਈ ਅਤਾਉੱਲਾ ਕਾਦਰੀ ਉਰਫ ਸਾਂਈ ਮੋਤੀ ਸ਼ਾਹ ਦੀ ਅਗਵਾਈ ਹੇਠ ਸਮੂਹ ਇਲਾਕੇ ਭਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਪੂਰਨ ਸ਼ਰਧਾ 'ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਜਾਣਕਾਰੀ ਦਿੰਦਿਆਂ ਸਮੂਹ ਪ੍ਰਬੰਧਕਾਂ ਨੇ ਦੱਸਿਆ ਕਿ ਮੁਰਸ਼ਦ ਹਾਜੀ ਸਈਅਦ ਮੁਸਤਾਕ ਸ਼ਾਹ ਕਾਦਰੀ ਸਾਰੀਆਂ ਰਸਮਾਂ ਦੇ ਰਹਿਨੁਮਾਈ ਅਨੁਸਾਰ 24 ਜੂਨ ਦਿਨ ਸ਼ਨੀਵਾਰ ਰਾਤ ਨੂੰ 8 ਵਜੇ ਮਹਿੰਦੀ ਦੀ ਰਸਮ ਹੋਵੇਗੀ। 25 ਜੂਨ ਦਿਨ ਐਤਵਾਰ ਨੂੰ ਸਵੇਰੇ 10 ਵਜੇ ਦਰਬਾਰ 'ਤੇ ਝੰਡਾ ਤੇ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਵੇਗੀ। 25 ਜੂਨ ਰਾਤ 7 ਵਜੇ ਮਹਿਫਲ ਸਜਾਈ ਜਾਵੇਗੀ ਤੇ ਪ੍ਰਸਿੱਧ ਕੱਵਾਲ ਆਪਣਾ ਪ੍ਰੋਗਰਾਮ ਪੇਸ਼ ਕਰਨਗੇ। ਇਸ ਮੌਕੇ ਅਤੁੱਟ ਲੰਗਰ ਵੀ ਵਰਤਾਏ ਜਾਣਗੇ।

# ਸਾਲਾਨਾ ਗੁਰਮਤਿ ਸਿਖਲਾਈ ਕੈਂਪ ਲਗਾਇਆ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)** ਸਾਹਿਬਜ਼ਾਦਾ ਅਜੀਤ ਸਿੰਘ ਸੇਵਾ ਸੁਸਾਇਟੀ ਇਲਾਕਾ ਮਾਹਿਲਪੁਰ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਖੇਤਰ ਮਾਹਿਲਪੁਰ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਬਿਭੌਰ ਸਾਹਿਬ ਦੀ ਪਾਵਨ ਧਰਤੀ 'ਤੇ ਸਕੂਲਾਂ ਦੇ ਵਿਦਿਆਰਥੀਆਂ ਦਾ 7 ਰੋਜ਼ਾ ਗੁਰਮਤਿ ਸਿਖਲਾਈ ਕੈਂਪ ਲਗਾਇਆ ਗਿਆ। ਜਿਸ ਵਿਚ ਪ੍ਰੋਫੈਸਰ ਅਮਰਦੀਪ ਸਿੰਘ ਫਤਹਿਗੜ੍ਹ ਸਾਹਿਬ, ਪ੍ਰਿੰਸੀਪਲ ਮਨਜੀਤ ਕੌਰ ਸਹੀਦ ਸਿੱਖ ਮਿਸਨਰੀ ਕਾਲਜ ਅੰਮ੍ਰਿਤਸਰ ,ਸ: ਵਿਕਰਮਜੀਤ ਸਿੰਘ ਤਿਹਾੜਾ, (ਰਿਸਰਚ ਸਕਾਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ) ਪ੍ਰਿੰਸੀਪਲ ਚਰਨਜੀਤ ਸਿੰਘ ਸਿੱਖ ਮਿਸ਼ਨਰੀ ਕਾਲਜ ਅਨੰਦਪੁਰ ਸਾਹਿਬ, ਜਗਜੀਤ ਸਿੰਘ ਭਾਰਟਾ (ਜੋਨਲ ਸਕੱਤਰ ਅਕਾਦਮਿਕ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ) ਲੁਧਿਆਣਾ, ਸੁਖਜੀਤ ਸਿੰਘ ਸਾਬਕਾ ਐਕਸੀਅਨ ਕਪੂਰਥਲਾ, ਜਗਤਾਰ ਸਿੰਘ ਸੋਖੀ (ਪੰਜਾਬੀ ਵਿਸ਼ਾ ਮਾਹਿਰ) ਹਰਮਹਿੰਦਰ ਸਿੰਘ ਚੀਫ ਸਕੱਤਰ (ਗੁਰੂ ਗੋਬਿੰਦ ਸਿੰਘ ਸਿੰਘ ਸਟੱਡੀ ਸਰਕਲ ) ਲੁਧਿਆਣਾ ਆਦਿ ਪ੍ਰਸਿੱਧ ਵਿਦਵਾਨਾਂ ਨੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਗੁਰਬਾਣੀ ਦੇ ਚਾਨਣ ਵਿੱਚ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ। ਕੈਂਪ 'ਚ ਅੰਮ੍ਰਿਤ ਵੇਲੇ ਦੇ ਨਿਤਨੇਮ ਤੋਂ ਬਾਅਦ ਗੁਰਬਾਣੀ ਸੰਥਿਆ ਵਿਦਵਾਨਾਂ ਵੱਲੋਂ ਲੈਕਚਰ, ਵਿਚਾਰੇ ਗਏ ਵਿਸ਼ਿਆਂ 'ਤੇ ਸਵਾਲ-ਜਵਾਬ, ਦਸਤਾਰ ਸਿਖਲਾਈ, ਕਵਿਤਾ ਉਚਾਰਨ, ਗਤਕਾ ਸਿਖਲਾਈ, ਆਰਟ ਵਰਕ ਆਦਿ ਗਤੀਵਿਧੀਆਂ ਨਾਲ ਵਿਦਿਆਰਥੀਆਂ ਨੇ ਖੇਡ ਖੇਡ ਵਿੱਚ ਜੀਵਨ ਜਾਂਚ ਸਿੱਖੀ। ਕੈਂਪ ਪ੍ਰਬੰਧਕਾਂ ਵਿਚ ਗਿਆਨੀ ਹਰਬੰਸ ਸਿੰਘ ਸਰਹਾਲਾ ਅਤੇ ਪ੍ਰੋਫੈਸਰ ਅਪਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਵਧਾਈ ਦੇ ਪਾਤਰ ਹਨ। ਇਸ ਮੌਕੇ ਸੁਰਿੰਦਰ ਕੌਰ ਡਾ. ਪਰਮਜੀਤ ਕੌਰ ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ ਲੱਧੇਵਾਲ ਮਾਹਿਲਪੁਰ, ਬੀਬੀ ਜਸਪਾਲ ਕੌਰ ਕਿੰਗ ਐਡਵਰਡ ਪਬਲਿਕ ਸਕੂਲ ਮਾਹਿਲਪੁਰ, ਮਾਸਟਰ ਅਮਰੀਕ ਸਿੰਘ, ਬੀਬੀ ਮਨਦੀਪ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਬੇਲੀ, ਰਾਜਬੀਰ ਕੌਰ, ਸਰਬਜੀਤ ਕੌਰ ਸੰਤ ਬਾਬਾ ਹਰੀ ਸਿੰਘ ਮਾਡਲ ਸਕੂਲ ਮਾਹਿਲਪੁਰ, ਮੈਡਮ ਮਨਜਿੰਦਰ ਕੌਰ ਦੋਆਬਾ ਪਬਲਿਕ ਸਕੂਲ ਮਾਹਿਲਪੁਰ, ਦਲਜਿੰਦਰ ਸਿੰਘ, ਮਨਮੀਤ ਸਿੰਘ, ਗੁਰਪ੍ਰੀਤ ਸਿੰਘ, ਪ੍ਰਵੀਨ ਕੁਮਾਰ ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ ਲੱਧੇਵਾਲ ਮਾਹਿਲਪੁਰ, ਸਰਦਾਰ ਰਣਵੀਰ ਸਿੰਘ ਪੀ.ਏ. ਮਨਜੀਤ ਸਿੰਘ ਸਰਹਾਲਾ, ਸਤਨਾਮ ਸਿੰਘ ਨੰਗਲ ਖਿਡਾਰੀਆਂ, ਹਰਜਿੰਦਰ ਸਿੰਘ ਨਗਰ ਖਿਡਾਰੀਆਂ ਆਦਿ ਹਾਰਰ ਸਨ।

# ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਲੈਂਟਰ ਪਾਇਆ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਪਿੰਡ ਖੁੱਡਾ ਵਿਖੇ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਨਵੀਂ ਬਣ ਰਹੀ ਇਮਾਰਤ ਦੇ ਅੱਜ ਲੈਂਟਰ ਪਾਉਣ ਦੀ ਸੇਵਾ ਕੀਤੀ ਗਈ। ਡੇਰਾ ਗੁਰੂਸਰ ਖੁੱਡਾ ਦੇ ਮੁੱਖ ਸੇਵਾਦਾਰ ਸੰਤ ਬਾਬਾ ਤੇਜਾ ਸਿੰਘ ਦੀ ਦੇਖ-ਰੇਖ ਹੇਠ ਬਣ ਰਹੀ ਇਮਾਰਤ ਦੇ ਲੈਂਟਰ ਦੀ ਅਰੰਭਤਾ ਸਮੇਂ ਸੰਤ ਬਾਬਾ ਜਸਪਾਲ ਸਿੰਘ ਓਡਰੇ ਵਾਲਿਆਂ, ਸੰਤ ਸੁਖਜੀਤ ਸਿੰਘ ਖੁੱਡਾ ਦੀ ਹਾਜ਼ਰੀ ਵਿੱਚ ਅਰਦਾਸ ਕੀਤੀ ਗਈ। ਇਸ ਮੌਕੇ ਸੰਤ ਬਾਬਾ ਤੇਜਾ ਸਿੰਘ ਨੇ ਦੱਸਿਆ ਕਿ ਦੇਸ਼-ਵਿਦੇਸ਼, ਇਲਾਕੇ ਤੇ ਨਗਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਨਵੀਂ ਬਣ ਰਹੀ ਇਮਾਰਤ ਵਿਚ ਹੁਣ ਤਕ ਇਲਾਕੇ ਦੀਆਂ ਸੰਗਤਾਂ ਨੇ ਭਰਪੂਰ ਯੋਗਦਾਨ ਦਿੱਤਾ ਹੈ। ਇਸ ਮੌਕੇ ਪ੍ਰਬੰਧਕ ਕਮੇਟੀ ਪ੍ਰਧਾਨ ਕਾਬਲ ਸਿੰਘ ਅਤੇ ਹੈਡ ਗ੍ਰੰਥੀ ਗਿਆਨੀ ਰਤਨ ਸਿੰਘ ਨੇ ਸਮੂਹ ਸੰਗਤ ਦੀ ਹਾਜ਼ਰੀ ਵਿਚ ਸੰਤ ਬਾਬਾ ਤੇਜਾ ਸਿੰਘ ਤੇ ਸੰਤ ਬਾਬਾ ਜਸਪਾਲ ਸਿੰਘ, ਸੰਤ ਬਾਬਾ ਸੁਖਜੀਤ ਸਿੰਘ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਤ ਵੀ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਪਹੁੰਚੀ ਨਗਰ ਦੀ ਸੰਗਤ ਵੱਲੋਂ ਇਸ ਸੇਵਾ ਵਿੱਚ ਯੋਗਦਾਨ ਪਾਇਆ ਗਿਆ। ਇਸ ਮੌਕੇ ਸੰਗਤ ਦੀ ਸੇਵਾ ਵਾਸਤੇ ਚਾਹ-ਪਕੌੜੇ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਬਾਬਾ ਸੁਖਜੀਤ ਸਿੰਘ, ਲਸਕਰ ਸਿੰਘ, ਕਿਸ਼ਨ ਸਿੰਘ ਸਹੋਤਾ, ਸੁਰਿੰਦਰ ਪਾਲ ਸਿੰਘ, ਬਹਾਦਰ ਸਿੰਘ, ਪ੍ਰਿਥੀ ਸਿੰਘ, ਮਹਿੰਗਾ ਸਿੰਘ, ਜਸਵੀਰ ਸਿੰਘ, ਮਲਕੀਤ ਸਿੰਘ, ਜਸਵਿੰਦਰ ਸਿੰਘ, ਬਲਜੀਤ ਸਿੰਘ, ਹਰਮਨ ਸਿੰਘ, ਬਹਾਦਰ ਸਿੰਘ, ਰਜਵੰਤ ਸਿੰਘ, ਸਰਬਜੀਤ ਸਿੰਘ, ਪਰਮਜੀਤ ਸਿੰਘ ਆਦਿ ਹਾਜ਼ਰ ਸਨ।

# ਪੇਂਡੂ ਮਜ਼ਦੂਰ ਯੂਨੀਅਨ ਨੇ ਮਜ਼ਦੂਰਾਂ ਦੀ ਦਿਹਾੜੀ 'ਚ ਵਾਧੇ ਨੂੰ ਲੈ ਕੇ ਕੀਤੀ ਜ਼ਿਲ੍ਹਾ ਪੱਧਰੀ ਮੀਟਿੰਗ



**ਨਵਾਂਸ਼ਹਿਰ (ਮਨੋਜ ਲਾਡੀ)**-ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਨੇ ਮਜ਼ਦੂਰਾਂ ਦੀ ਦਿਹਾੜੀ, ਮਗਨਰੇਗਾ ਸਮੇਤ ਲਗਾਤਾਰ ਰੁਜ਼ਗਾਰ ਅਤੇ ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਮਾਲਕੀ ਹੱਕ ਦੇਣ ਦੇ ਸਵਾਲ ਨੂੰ ਲੈ ਕੇ ਪਿੰਡ ਪੱਧਰੀ ਘੋਲ ਚਲਾਉਣ ਲਈ 30 ਜੂਨ ਨੂੰ ਨਵਾਂਸ਼ਹਿਰ ਵਿਖੇ ਭਰਵੀਂ ਮਜ਼ਦੂਰ ਮੀਟਿੰਗ ਕਰਨ ਦਾ ਐਲਾਨ ਕੀਤਾ ਹੈ। ਇਸ ਦੀ ਤਿਆਰੀ ਸੰਬੰਧੀ ਅੱਜ ਯੂਨੀਅਨ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਪਿੰਡ ਸ਼ਹਾਬ ਪੁਰ ਵਿਖੇ ਸ਼ਹੀਦ ਮਾਸਟਰ ਗਿਆਨ ਸਿੰਘ ਸੰਘਾ ਦੀ ਯਾਦਗਾਰ 'ਤੇ ਕੀਤੀ ਗਈ। ਇਸ ਦੀ ਜਾਣਕਾਰੀ ਦਿੰਦਿਆਂ ਯੂਨੀਅਨ ਦੇ ਸੂਬਾ ਆਗੂ ਕਮਲਜੀਤ ਸਿੰਘ ਸਨਾਵਾ ਨੇ ਦੱਸਿਆ ਕਿ ਦਿੱਲੀ ਮਾਡਲ ਲਾਗੂ ਕਰਨ ਦੀਆਂ ਟਾਹਰਾਂ ਮਾਰਨ ਵਾਲੀ ਭਗਵੰਤ ਸਿੰਘ ਮਾਨ ਸਰਕਾਰ ਵੀ ਪਹਿਲੀਆਂ ਸਰਕਾਰਾਂ ਵਰਗੀ ਬੇਜ਼ਮੀਨੇ ਮਜ਼ਦੂਰਾਂ ਵਿਰੋਧੀ ਸਰਕਾਰ ਸਾਬਤ ਹੋਈ ਹੈ। ਉਨ੍ਹਾਂ ਕਿਹਾ ਇਸ ਕਰਕੇ ਹੀ ਗਾਰੰਟੀ ਦੇ ਬਾਵਜੂਦ ਮਗਨਰੇਗਾ ਤਹਿਤ 100 ਦਿਨ ਮਿਲਣ ਵਾਲਾ ਰੁਜ਼ਗਾਰ ਵੀ ਨਹੀਂ ਮਿਲ ਰਿਹਾ। ਸੂਬਾ ਸਰਕਾਰ ਨੂੰ ਆਪਣੀ ਤਰਫੋਂ 200 ਦਿਨ ਦਾ ਰੁਜ਼ਗਾਰ ਮੁਹੱਈਆਂ ਕਰਵਾਉਣ ਦੀ ਗਾਰੰਟੀ ਦੇਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਕੰਮ ਉੱਪਰ ਹਾਜ਼ਰ ਹੋਣ 'ਤੇ ਦਿਹਾੜੀ ਦੀ ਹੋ ਰਹੀ ਕਟੌਤੀ ਬੰਦ ਕੀਤੀ ਜਾਵੇ, ਦਿੱਲੀ ਮਾਡਲ ਤਹਿਤ ਆਲ ਇੰਡੀਆ ਲੇਬਰ ਕਾਨਫਰੰਸ 1956 ਤਹਿਤ ਹਰ ਖੇਤਰ ਵਿੱਚ ਮਜ਼ਦੂਰਾਂ ਦੀ ਦਿਹਾੜੀ 1000 ਰੁਪਏ ਕਰਨ ਦੀ ਗਾਰੰਟੀ ਕੀਤੀ ਜਾਵੇ ਅਤੇ ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਮਾਲਕੀ ਦੇ ਹੱਕ ਦਿੱਤੇ ਜਾਣ। ਉਨ੍ਹਾਂ ਕਿਹਾ ਕਿ ਇਹਨਾਂ ਬੁਨਿਆਦੀ ਮੁੱਦਿਆਂ ਉੱਪਰ ਮਜ਼ਦੂਰਾਂ ਨੂੰ ਲਾਮਬੰਦ ਕਰਨ ਲਈ ਜ਼ਿਲ੍ਹੇ ਭਰ ਦੇ 100 ਤੋਂ ਵੱਧ ਪਿੰਡਾਂ ਵਿੱਚ ਮਜ਼ਦੂਰਾਂ ਤੱਕ ਪਹੁੰਚ ਕੀਤੀ ਜਾਵੇਗੀ।

# ਨਸ਼ੀਲੇ ਪਦਾਰਥਾਂ, ਮੋਬਾਈਲਾਂ ਤੇ ਹਥਿਆਰਾਂ ਸਮੇਤ 4 ਕਾਬੂ

**ਨੂਰਮਹਿਲ, ( ਬਾਲ ਕ੍ਰਿਸ਼ਨ ਬਾਲੀ )** -ਏ ਐਸ ਆਈ ਸੁਖਦੇਵ ਸਿੰਘ ਮੁੱਖ ਅਫਸਰ ਥਾਣਾ ਨੂਰਮਹਿਲ, ਐਸ ਆਈ ਮਨਜੀਤ ਸਿੰਘ ਅਤੇ ਪੁਲਸ ਪਾਰਟੀ ਨੂਰਮਹਿਲ ਵੱਲੋਂ 4 ਲੁਟੇਰਿਆਂ ਨੂੰ ਨਸ਼ੀਲੀਆਂ ਗੋਲੀਆਂ, ਮਾਰੂ ਹਥਿਆਰਾਂ ਅਤੇ ਮੋਬਾਈਲਾਂ ਸਮੇਤ ਕਾਬੂ ਕੀਤਾ ਹੈ । ਅੱਜ ਇੱਥੇ ਹਰਜਿੰਦਰ ਸਿੰਘ ਉਪ ਪੁਲਿਸ ਕਪਤਾਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਦੋ ਦਿਨ ਪਹਿਲਾਂ ਸੰਘੇ ਖਾਲਸਾ ਵਿਖੇ ਇਕ ਵਿਅਕਤੀ ਦੇ ਸਿਰ ਵਿਚ ਦਾਤਰ ਮਾਰ ਕੇ ਲੁੱਟਣ ਦੀ ਕੋਸ਼ਿਸ਼ ਕੀਤੀ ਸੀ, ਥਾਣਾ ਨੂਰਮਹਿਲ ਨੇ ਮੁਕਦਮਾ ਪਰਚਾ ਦਰਜ ਕੀਤਾ ਸੀ । ਇਹ ਵਿਅਕਤੀ ਨੂਰਮਹਿਲ, ਫਿਲੌਰ, ਨਕੋਦਰ, ਸ਼ਾਹਕੋਟ, ਲੋਹੀਆਂ ਦੀਆਂ 35 ਵਾਰਦਾਤਾਂ ਨੂੰ ਅੰਜਾਮ ਦੇ ਚੁੱਕੇ ਹਨ ।

ਪੁਲਸ ਨੇ ਇਹਨਾਂ ਨੂੰ ਭੰਡਾਲ ਬੂਟਾਂ ਦੀ ਨਹਿਰ ਦੇ ਪੁਲ 'ਤੇ ਨਾਕਾਬੰਦੀ ਦੌਰਾਨ ਕਾਬੂ ਕੀਤਾ ਹੈ ਜਿਹਨਾਂ ਵਿਚ ਸੁਖਪ੍ਰੀਤ ਸਿੰਘ ਸੁੱਖਾ ਪੁੱਤਰ ਪਵਿੱਤਰ ਸਿੰਘ ਪਿੰਡ ਉੱਪਲ ਖਾਲਸਾ, ਸਲਵਿੰਦਰ ਸਿੰਘ ਗਲੂ ਪੁੱਤਰ ਜਸਪਾਲ ਅਤੇ ਕਿਰਨਦੀਪ ਸਿੰਘ ਕਰਨ ਪੁੱਤਰ ਲੁਭਾਇਆ ਵਾਸੀ ਕੋਟਲਾ ਜੰਗਾਂ ਨਕੋਦਰ ਨੂੰ ਮੋਟਰ ਸਾਈਕਲ ਸਪਲੈਂਡਰ ਪੀ ਬੀ 08 2985 ਅਤੇ 2000 ਨਸ਼ੀਲੇ ਕੈਪਸੂਲਾਂ ਸਮੇਤ ਕਾਬੂ ਕੀਤਾ ਹੈ । ਇਹਨਾਂ ਨੇ ਦੱਸਿਆ ਕਿ ਉਹ ਲੁੱਟ ਦੇ ਮੋਬਾਈਲ ਰਕੇਸ਼ ਕੁਮਾਰ ਕੇਸ਼ਾ ਪੁੱਤਰ ਬਲਵਿੰਦਰ ਕੁਮਾਰ ਵਾਸੀ ਬਿੱਲੀ ਚਾਹਰਮੀ ਨਕੋਦਰ ਅਤੇ ਸੁਖਵਿੰਦਰ ਸਿੰਘ ਸਨੀ ਪੁੱਤਰ ਬਲਦੇਵ ਵਾਸੀ ਪੱਤੀ ਹਵੇਲੀ ਮਲਸੀਆਂ ਨੂੰ ਵੇਚ ਦਿੰਦੇ ਸਨ । ਇਹਨਾਂ ਪਾਸੋਂ 12 ਮੋਬਾਈਲ, ਇੱਕ ਦਾਤਰ ਅਤੇ ਟਕੂਆ ਵੀ ਬਰਾਮਦ ਕੀਤਾ ਹੈ । ਪੁਲਸ ਨੇ ਇਹਨਾਂ ਵਿਰੁੱਧ ਪਰਚਾ ਦਰਜ ਕਰ ਲਿਆ ਹੈ।

**ਭੋਗ 'ਤੇ ਵਿਸ਼ੇਸ਼**

## ਸਾਥੀ ਸ਼ਾਦੀ ਸਿੰਘ ਗੜ੍ਹੀ ਮਿਹਨਤੀ ਇਨਸਾਨ ਸਨ : ਰਾਮ ਸਿੰਘ ਨੂਰਪੁਰੀ

ਸਾਥੀ ਸ਼ਾਦੀ ਸਿੰਘ 68 ਸਾਲ ਨੇ ਕੋਈ 50 ਸਾਲ ਸੀ.ਪੀ.ਆਈ.(ਐਮ) ਵਿੱਚ ਕੰਮ ਕੀਤਾ । ਪਹਿਲਾਂ ਨੌਜਵਾਨ ਸਭਾ ਪੰਜਾਬ ਤੋਂ ਆਪਣਾ ਰਾਜਨੀਤਕ ਜੀਵਨ ਸ਼ੁਰੂ ਕੀਤਾ। ਪਿੰਡ ਗੜ੍ਹੀ ਅਜੀਤ ਸਿੰਘ ਨੌਜਵਾਨ ਸਭਾ ਦਾ ਯੂਨਿਟ ਜਥੇਬੰਦ ਕੀਤਾ। ਉਹ ਤਹਿਸੀਲ ਨਵਾਂਸ਼ਹਿਰ ਦੇ ਜੁਆਇੰਟ ਸਕੱਤਰ ਰਹੇ। ਡੀ.ਵਾਈ.ਐਫ.ਆਈ.ਬਨਣ ਸਮੇਂ ਸਰਗਰਮ ਸਨ। ਘਰ ਦੀਆਂ ਤੰਗੀਆਂ ਕਰਕੇ ਥੋੜ੍ਹਾ ਸਮੇਂ ਵਿਦੇਸ਼ ਜਾਣਾ ਪਿਆ ਅਤੇ ਬਾਅਦ ਵਿੱਚ ਖੇਤ ਮਜ਼ਦੂਰਾਂ ਦੇ ਫਰੰਟ ਤੇ ਜੁੰਮੇਵਾਰੀ ਲਈ, ਤਹਿਸੀਲ ਸਕੱਤਰ ਤੇ ਸੂਬਾ ਵਰਕਿੰਗ ਕਮੇਟੀ ਦੇ ਮੈਂਬਰ ਰਹੇ ਅਤੇ ਨਵਾਂਸ਼ਹਿਰ ਜ਼ਿਲ੍ਹਾ ਦਫ਼ਤਰ ਵਿੱਚ ਪਿਛਲੇ 15 ਸਾਲ ਤੋਂ ਕੰਮ ਕਰਦੇ ਸਨ। ਉਹ ਪਿਛਲੇ ਦੋ ਸਾਲਾਂ ਤੋਂ ਬਿਮਾਰ ਸਨ ਅਤੇ ਪਿੰਡ ਗੜ੍ਹੀ ਅਜੀਤ ਸਿੰਘ ਦੀ ਪਾਰਟੀ ਬਰਾਂਚ ਵਿੱਚ ਕੰਮ ਕਰਦੇ ਸਨ। ਸਾਥੀ ਸ਼ਾਦੀ ਸਿੰਘ ਦੇ ਮਾਮਾ ਕਾਮਰੇਡ ਰੇਵਲ ਸਿੰਘ ਪਾਰਵੇ ਕਮਿਊਨਿਸਟ ਵਰਕਰ ਸਨ। ਪਾਰਟੀ ਅਤੇ ਕਈ ਕਿਸਾਨ ਮੋਰਚਿਆਂ ਵਿੱਚ ਸ਼ਾਮਲ ਹੋਏ। ਉਨ੍ਹਾਂ ਦਾ ਪ੍ਰਭਾਵ ਕਬੂਲਦੇ ਹੋਏ ਸ਼ਾਦੀ ਸਿੰਘ ਸੀ.ਪੀ.ਆਈ.(ਐਮ) ਦੇ ਸਰਗਰਮ ਵਰਕਰ ਬਣੇ। ਉਨ੍ਹਾਂ ਦੀ ਮੌਤ ਨਾਲ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਅੱਜ 19 ਜੂਨ ਨੂੰ ਉਨ੍ਹਾਂ ਦੀ ਸ਼ੋਕ ਸਭਾ ਪਿੰਡ ਗੜ੍ਹੀ ਅਜੀਤ ਸਿੰਘ ਵਿਖੇ ਹੋਵੇਗੀ।

# ਪੇਂਡੂ ਚੌਕੀਦਾਰਾਂ ਦੀਆਂ ਮੰਗਾਂ ਸੰਬੰਧੀ ਮਾਲ ਮੰਤਰੀ ਵੱਲੋਂ 30 ਤੱਕ ਮੀਟਿੰਗ ਕਰਨ ਦਾ ਭਰੋਸਾ



**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)**-ਲਾਲ ਝੰਡਾ ਪੇਂਡੂ ਚੌਕੀਦਾਰ ਯੂਨੀਅਨ ਸੀਟੂ ਹੁਸ਼ਿਆਰਪੁਰ ਦੀ ਮੀਟਿੰਗ ਤਹਿਸੀਲ ਪ੍ਰਧਾਨ ਸਰਬਜੀਤ ਸਿੰਘ ਅਸਲਪੁਰ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਸੂਬਾ ਪ੍ਰਧਾਨ ਪਰਮਜੀਤ ਸਿੰਘ ਨੀਲੋਂ, ਪ੍ਰੈਸ ਸਕੱਤਰ ਪੰਜਾਬ ਸੁਰਿੰਦਰ ਸਿੰਘ ਨੰਗਲ ਕਲਾਲਾਂ, ਜ਼ਿਲ੍ਹਾ ਪ੍ਰਧਾਨ ਰਛਪਾਲ ਸਿੰਘ ਬਡੋਸਰ, ਦਿਲਬਾਗ ਸਿੰਘ ਨੀਤਪੁਰ ਜ਼ਿਲ੍ਹਾ ਜਨਰਲ ਸਕੱਤਰ ਪਹੁੰਚੇ ਹੋਏ ਸਨ। ਸੂਬਾ ਪ੍ਰਧਾਨ ਪਰਮਜੀਤ ਸਿੰਘ ਨੀਲੋਂ ਵੱਲੋਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੇਂਡੂ ਚੌਕੀਦਾਰਾਂ ਦੀਆਂ ਮੰਗਾਂ ਸੰਬੰਧੀ 5 ਜੂਨ ਨੂੰ ਸੂਬਾ ਪ੍ਰਧਾਨ ਪਰਮਜੀਤ ਸਿੰਘ ਦੀ ਅਗਵਾਈ ਵਿਚ ਵਫਦ 'ਚ ਮੈਂਬਰ ਦੇਵੀ ਦਾਸ ਗਿਆਨੀ ਜਨਰਲ ਸਕੱਤਰ, ਮੀਤ ਪ੍ਰਧਾਨ ਹਰਭਜਨ ਸਿੰਘ ਡੋਗਰਾਂਵਾਲ, ਬਲਵੀਰ ਸਿੰਘ ਜੌੜਾ ਮੀਤ ਪ੍ਰਧਾਨ, ਛਿੰਦਰਪਾਲ ਗੜ੍ਹੀ ਵੱਲੋਂ ਬ੍ਰਹਮ ਸ਼ੰਕਰ ਜਿੰਪਾ ਮਾਲ ਮੰਤਰੀ ਦੀ ਅਗਵਾਈ ਹੇਠ ਪੰਜਾਬ ਭਵਨ ਚੰਡੀਗੜ੍ਹ 'ਚ ਵਿੱਤ ਕਮਿਸ਼ਨਰ ਮਾਲ ਸਿਨਹਾ ਅਤੇ ਮਾਲ ਸਕੱਤਰ ਵੱਲੋਂ ਅਜੰਡੇ ਮੁਤਾਬਕ ਵਿਚਾਰ ਕੀਤਾ ਗਿਆ। ਵਫਦ ਨੂੰ ਮਾਲ ਮੰਤਰੀ ਵੱਲੋਂ ਭਰੋਸਾ ਦਿਤਾ ਗਿਆ ਕਿ ਮੰਗਾਂ ਸੰਬੰਧੀ ਪ੍ਰਪੋਜ਼ਲ ਜਲਦੀ ਬਣਾ ਕੇ ਸਰਕਾਰ ਨੂੰ ਭੇਜੀ ਗਈ ਜਾਵੇਗੀ। ਮੰਗਾਂ ਸਬੰਧੀ 30 ਜੂਨ ਤੋਂ ਪਹਿਲਾਂ- ਪਹਿਲਾਂ ਵਿਚਾਰ ਕਰਨ ਲਈ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਨਾਲ ਮੀਟਿੰਗ ਕੀਤੀ ਜਾਵੇਗੀ। ਮਾਲ ਮੰਤਰੀ ਵੱਲੋਂ ਜਲਦੀ ਮੰਗਾਂ ਸਰਕਾਰ ਤੋਂ ਮੰਨੇ ਜਾਣ ਦਾ ਭਰੋਸਾ ਦਿੱਤਾ। ਮੰਤਰੀ ਨੇ ਚੌਕੀਦਾਰਾਂ ਨੂੰ ਆਪਣੇ ਲਾਈਫ ਸਰਟੀਫਿਕੇਟ ਜਮ੍ਹਾਂ ਕਰਵਾਉਣ ਦੀ ਹਦਾਇਤ ਕੀਤੀ। ਇਹ ਮਾਣ ਭੱਤਾ ਲਾਈਫ ਸਰਟੀਫਿਕੇਟ ਦੇਣ 'ਤੇ ਹੀ ਦਿੱਤਾ ਜਾਵੇਗਾ। ਇਸ ਸਮੇਂ ਹਰਕੀਰਤ ਸਿੰਘ ਅਜਨੋਹਾ, ਬਲਬੀਰ ਸਿੰਘ ਮਹਿਤਪੁਰ, ਰਾਮ ਕੁਮਾਰ ਤਲਵਾੜਾ, ਜੋਗਿੰਦਰ ਸਿੰਘ, ਜੀਤ ਸਿੰਘ ਟਾਂਡਾ, ਜਗਦੀਸ਼ ਸਿੰਘ ਮਨੂਰ, ਰਾਮ ਪ੍ਰਕਾਸ ਮੁਕੇਰੀਆਂ, ਮਹਿੰਦਰ ਸਿੰਘ ਪ੍ਰਧਾਨ ਸਲਤਾਨਪੁਰ, ਜੀਤ ਰਾਮ, ਪਿਆਰੇ ਲਾਲ, ਰਾਜ ਕੁਮਾਰ ਆਦਿ ਹਾਜ਼ਰ ਸਨ।

# ਸੱਤ ਰੋਜ਼ਾ ਸਾਹਿਬਜ਼ਾਦੇ ਸ਼ਬਦ ਮੇਲਾ ਗੁਰਬਾਣੀ ਕੈਂਪ ਮੁੰਨੇ ਵਿਖੇ 24 ਤੋਂ

**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**- ਤਖਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਾਹਿਬਜਾਦੇ ਸੇਵਾ ਦਲ ਅਤੇ ਗੁਰਬਾਣੀ ਸੰਥਿਆ ਸੇਵਾ ਸੁਸਾਇਟੀ ਨੂਰਪੁਰਬਦੀ ਦੇ ਸਹਿਯੋਗ ਨਾਲ 49ਵਾਂ ਸੱਤ ਰੋਜਾ ਸਾਹਿਬਜਾਦੇ ਸਬਦ ਮੇਲਾ ਗੁਰਬਾਣੀ ਕੈਂਪ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮੁੰਨੇ ਵਿਖੇ 24 ਜੂਨ ਤੋਂ 30 ਜੂਨ ਤੱਕ ਸਵੇਰੇ 8 ਤੋਂ 11 ਵਜੇ ਤੱਕ ਲਗਾਇਆ ਜਾਵੇਗਾ। ਮਾਸਟਰ ਜਸਵਿੰਦਰ ਸਿੰਘ ਮੀਰਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੈਂਪ ਦੌਰਾਨ ਜਪੁਜੀ ਸਾਹਿਬ ਦੀਆਂ ਪੰਜ ਪੌੜੀਆਂ ਦੀ ਸੰਥਿਆ ਅਤੇ ਪਾਠ ਸਰਲ ਕਰਵਾਉਣਾ, ਮੁਹਾਰਨੀ ਦੀ ਸੰਥਿਆ, ਚੋਣਵੀਆਂ ਸਾਖੀਆਂ ਅਤੇ ਪੈਂਤੀ ਅੱਖਰੀ ਗੁਰਮੁਖੀ ਭਾਸ਼ਾ ਗਿਆਨ ਤੋਂ ਇਲਾਵਾ 15 15 ਮਿੰਟ ਨਾਮ ਅਭਿਆਸ ਸਿਮਰਨ, ਗੁਰਦੁਆਰੇ ਕਿਵੇਂ ਜਾਣਾ, ਸੰਗਤ ਵਿੱਚ ਕਿਵੇ ਬੈਠਣਾ, ਸਰੀਰਕ ਤੰਦਰੁਸਤੀ, ਸਫਾਈ ਦੇ ਨੁਕਤੇ, ਪਿੰਡ ਦੀ ਸਫਾਈ, ਰੁੱਖ ਲਗਾਉਣੇ, ਰਾਜਨੀਤਕ ਅਹੁਦਿਆਂ, ਆਰਥਿਕ ਅਤੇ ਟ੍ਰੈਫਿਕ ਦੀ ਜਾਣਕਾਰੀ ਦਿੱਤੀ ਜਾਵੇਗੀ। 30 ਜੂਨ ਨੂੰ ਕੀਰਤਨ ਸਮਾਗਮ ਹੋਵੇਗਾ। ਇਸ ਦੌਰਾਨ ਪ੍ਰੀਖਿਆ ਹੋਵੇਗੀ। ਇਸ ਮੌਕੇ ਗਤਕਾ ਦੇ ਮੁਕਾਬਲੇ ਹੋਣਗੇ। ਉਪਰੰਤ ਇਨਾਮ ਤਕਸੀਮ ਕੀਤੇ ਜਾਣਗੇ।

# ਪਵਿੱਤਰ ਸ਼ਹਿਰ ਸੁਲਤਾਨਪੁਰ ਲੋਧੀ 'ਚ ਸਰੇਆਮ ਵਿਕ ਰਿਹਾ ਮੀਟ ਤੇ ਤੰਬਾਕੂ

**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)**- ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਛੋਹ ਪ੍ਰਾਪਤ ਧਰਤੀ ਸੁਲਤਾਨਪੁਰ ਲੋਧੀ ਨੂੰ ਪਿਛਲੀਆਂ ਸਰਕਾਰਾਂ ਵੱਲੋਂ ਪਵਿੱਤਰ ਸਹਿਰ ਐਲਾਨਿਆ ਗਿਆ ਸੀ। ਜਿਸ ਤੋਂ ਬਾਅਦ ਇਸ ਸ਼ਹਿਰ ਵਿਚ ਮੀਟ, ਮਾਸ , ਤੰਬਾਕੂ ਅਤੇ ਕਈ ਹੋਰ ਨਸ਼ੇ ਵਾਲੀ ਦੁਕਾਨ ਸ਼ਹਿਰ ਦੀ ਹੱਦ ਅੰਦਰ ਨਹੀਂ ਰਹਿਣੀਆਂ ਚਾਹੀਦੀਆਂ। ਧਾਰਮਿਕ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਸਰਕਾਰ ਵੱਲੋਂ ਇਹ ਹੁਕਮ ਜਾਰੀ ਕੀਤੇ ਗਏ ਸਨ ਕਿ ਸੁਲਤਾਨਪੁਰ ਲੋਧੀ ਵਿਖੇ ਕੋਈ ਵੀ ਮੀਟ, ਸ਼ਰਾਬ ਦੇ ਠੇਕੇ ਆਦਿ ਦੁਕਾਨ ਸ਼ਹਿਰ ਦੀ ਹੱਦ ਅੰਦਰ ਨਹੀਂ ਰਹੇਗੀ । ਪਰ ਸ਼ਹਿਰ ਸੁਲਤਾਨਪੁਰ ਲੋਧੀ ਵਿਚ ਦੁਕਾਨਾਂ 'ਤੇ ਤੰਬਾਕੂ, ਗੁਟਕਾ, ਚੈਨੀ ਖੈਨੀ, ਜਰਦਾ, ਬੀੜਾਂ ਅਤੇ ਅਹਾਤਿਆਂ ਉੱਪਰ ਸਰੇਆਮ ਮੀਟ, ਮੱਛੀ ਵਿਕਦਾ ਵਿਖਾਈ ਦੇ ਰਿਹਾ ਹੈ।

ਪਰ ਇਹ ਬਹੁਤ ਹੀ ਹੈਰਾਨੀ ਵਾਲੀ ਗੱਲ ਹੈ ਕਿ ਸ਼ਹਿਰ ਵਿਚ ਪੁਲਸ ਆਮ ਘੁੰਮਦੀ ਦਿਖਾਈ ਦੇ ਰਹੀ ਹੈ ਪਰ ਇਸ ਦੇ ਬਾਵਜੂਦ ਦੁਕਾਨਾਂ ਅਤੇ ਅਹਾਤਿਆਂ ਨੂੰ ਕਿਉਂ ਨਹੀਂ ਬੰਦ ਕਰਵਾਇਆ ਜਾ ਰਿਹਾ। ਇਸ ਮੌਕੇ ਸਿੱਖ ਆਗੂ ਪਰਮਜੀਤ ਸਿੰਘ ਖਾਲਸਾ ਨੇ ਇਸ ਸੰਬੰਧੀ ਦੁੱਖ ਜ਼ਾਹਰ ਕਰਦਿਆਂ ਕਿਹਾ ਕਿ ਸਾਡੀਆਂ ਧਾਰਮਿਕ ਭਾਵਨਾਵਾਂ ਨੂੰ ਕਾਫੀ ਠੇਸ ਪੁੱਜ ਰਹੀ ਹੈ ਅਤੇ ਪ੍ਰਸ਼ਾਸਨ ਵੱਲੋਂ ਕੋਈ ਕਾਰਵਾਈ ਨਾ ਕਰਨਾ ਸਾਡੇ ਜ਼ਖਮਾਂ ਉੱਪਰ ਨਮਕ ਛਿੜਕਣ ਬਰਾਬਰ ਹੈ। ਉਹਨਾਂ ਕਿਹਾ ਕਿ ਇੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਯਾਦਾਂ ਨਾਲ ਜੁੜੇ ਬਹੁਤ ਸਾਰੇ ਇਤਿਹਾਸਕ ਗੁਰਦੁਆਰਾ ਸਹਿਬ ਸੁਸ਼ੋਭਿਤ ਹਨ। ਜਿਥੇ ਹਰ ਰੋਜ਼ ਹਜ਼ਾਰਾਂ ਦੀ ਤਾਦਾਦ ਵਿੱਚ ਸੰਗਤਾਂ ਨਤਮਸਤਕ ਹੋਣ ਆਉਂਦੀਆਂ ਹਨ। ਉਹਨਾਂ ਮੰਗ ਕੀਤੀ ਹੈ ਕਿ ਸ਼ਹਿਰ ਵਿਚ ਸ਼ਰਾਬ, ਮੀਟ ਅਤੇ ਤੰਬਾਕੂ ਵਾਲੀਆਂ ਵਸਤਾਂ ਦੀ ਵਿਕਰੀ ਨਾ ਹੋਵੇ। ਇਹ ਮੌਕੇ ਸਹਿਰ ਦੇ ਹੋਰ ਸਿੱਖ ਆਗੂਆਂ ਨੇ ਸਰਕਾਰਾਂ ਨੂੰ ਵੀ ਬੇਨਤੀ ਕੀਤੀ ਹੈ ਕਿ ਉਹ ਸਿੱਖ ਧਰਮ ਦੇ ਸਿਧਾਂਤਾਂ ਅਤੇ ਸਿੱਖ ਭਾਵਨਾਵਾਂ ਦੇ ਮੱਦੇਨਜ਼ਰ ਸ਼ਹਿਰ ਵਿੱਚੋਂ ਸ਼ਰਾਬ, ਮੀਟ ਅਤੇ ਤੰਬਾਕੂ ਦੀਆਂ ਦੁਕਾਨਾਂ ਤੁਰੰਤ ਬੰਦ ਕਰਵਾ ਦੇਣ।

CMYK

# ਅੱਜ ਵਿਧਾਨ ਸਭਾ ਵੱਲ ਮਾਰਚ ਕਰਨਗੇ ਪਾਵਰਕਾਮ ਸੀ ਐੱਚ ਬੀ ਤੇ ਠੇਕਾ ਮੁਲਾਜ਼ਮ



**ਮਹਿਤਪੁਰ (ਰਾਜਾ)** ਪਾਵਰਕਾਮ ਐਂਡ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਸਰਕਾਰ ਅਤੇ ਮੈਨੇਜਮੈਂਟ ਦੇ ਤਾਨਾਸ਼ਾਹੀ ਰਵੱਈਏ ਖਿਲਾਫ ਅਤੇ ਲਗਾਤਾਰ ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤ ਦੇ ਮੂੰਹ ਪੈ ਰਹੇ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ 'ਚ ਸ਼ਾਮਲ ਕਰਨ ਦੇ ਕਾਨੂੰਨ ਬਣਾਉਣ ਅਤੇ ਹੋਰ ਵਾਜਬ ਮੰਗਾਂ ਦੇ ਹੱਲ ਲਈ ਵਿਧਾਨ ਸਭਾ ਵੱਲ ਮਾਰਚ ਕਰਨ ਦਾ ਐਲਾਨ ਕੀਤਾ ਗਿਆ । ਪ੍ਰੈੱਸ ਬਿਆਨ ਜਾਰੀ ਕਰਦੇ ਮਹਿਤਪੁਰ ਤੋਂ ਠੇਕਾ ਮੁਲਾਜ਼ਮ ਸਰਬਜੀਤ ਸਿੰਘ, ਲਹਿੰਬਰ ਸਿੰਘ, ਜਗਦੀਪ ਸਿੰਘ, ਗੁਰਪ੍ਰੀਤ ਸਿੰਘ, ਤੀਰਥ ਸਿੰਘ ਤੇ ਹੋਰ ਸਾਥੀਆਂ ਨੇ ਕਿਹਾ ਕਿ ਪਾਵਰਕਾਮ ਦੇ ਆਊਟਸੋਰਸਡ ਸੀ.ਐੱਚ.ਬੀ ਤੇ ਡਬਲਿਊ ਠੇਕਾ ਮੁਲਾਜ਼ਮ ਪਾਵਰਕਾਮ ਵਿੱਚ ਪੱਕਾ ਕਰਨ ਸਮੇਤ ਆਪਣੀਆਂ ਹੋਰ ਜਾਇਜ਼ ਮੰਗਾਂ ਨੂੰ ਲੈ ਕੇ ਪਿਛਲੇ ਲੰਮੇ ਸਮੇਂ ਤੋਂ ਲਗਾਤਾਰ ਸੰਘਰਸ਼ ਕਰਦੇ ਆ ਰਹੇ ਹਨ ਪਰ ਪੰਜਾਬ ਸਰਕਾਰ ਅਤੇ ਪਾਵਰਕਾਮ ਦੀ ਮੈਨੇਜਮੈਂਟ ਸਮੂਹ ਆਊਟਸੋਰਸਡ ਠੇਕਾ ਮੁਲਾਜ਼ਮਾਂ ਦੀਆਂ ਲੰਬੀਆਂ ਸੇਵਾਵਾਂ ਨੂੰ ਅਣ-ਵੇਖਿਆ ਕਰਕੇ ਪਾਵਰਕਾਮ ਸੀ.ਐੱਚ.ਬੀ ਤੇ ਡਬਲਿਊ ਆਊਟਸੋਰਸਡ ਠੇਕਾ ਮੁਲਾਜ਼ਮਾਂ ਨੂੰ ਵਿਭਾਗ ਵਿੱਚ ਪੱਕਾ ਨਹੀਂ ਕਰ ਰਹੀ, ਜਦੋਂ ਕਿ ਸੀ.ਐੱਚ.ਬੀ ਤੇ ਡਬਲਿਊ ਕਾਮੇ ਸਮੁੱਚੇ ਵਿਭਾਗ ਵਿੱਚ ਹਜ਼ਾਰਾਂ ਆਊਟਸੋਰਸਡ ਠੇਕਾ ਮੁਲਾਜ਼ਮ ਖਾਲੀ ਅਸਾਮੀਆਂ ਦੇ ਵਿਰੁੱਧ ਪਿਛਲੇ ਲੰਬੇ ਸਮੇਂ ਤੋਂ ਲਗਾਤਾਰ ਸੇਵਾਵਾਂ ਦੇ ਰਹੇ ਹਨ ਅਤੇ ਇਨ੍ਹਾਂ ਉਕਤ ਸਮੂਹ ਆਊਟਸੋਰਸਡ ਠੇਕਾ ਮੁਲਾਜ਼ਮਾਂ ਦੀ ਭਰਤੀ ਪਾਵਰਕਾਮ ਦੀ ਮੈਨੇਜਮੈਂਟ ਦੀ ਮੰਗ ਅਨੁਸਾਰ ਵੱਖ-ਵੱਖ ਠੇਕੇਦਾਰਾਂ, ਕੰਪਨੀਆਂ ਦੁਆਰਾ ਬਕਾਇਦਾ ਖਾਲੀ ਅਸਾਮੀਆਂ ਵਿਰੁੱਧ ਕੀਤੀ ਹੋਈ ਹੈ ਅਤੇ ਸੀ.ਐੱਚ.ਬੀ ਤੇ ਡਬਲਿਊ ਕਾਮਿਆਂ ਕੋਲ ਵਿਭਾਗ ਵਿੱਚ ਸਾਲਾਂ-ਬੱਧੀ ਕੰਮ ਦਾ ਤਜਰਬਾ ਵੀ ਹੈ। ਇਸ ਹਾਲਤ ਵਿੱਚ ਪਾਵਰਕਾਮ ਸੀ.ਐੱਚ.ਬੀ ਤੇ ਡਬਲਿਊ ਆਊਟਸੋਰਸਡ ਠੇਕਾ ਮੁਲਾਜ਼ਮਾਂ ਨੂੰ ਪੱਕਾ ਨਾ ਕਰਕੇ ਪੰਜਾਬ ਸਰਕਾਰ ਅਤੇ ਪਾਵਰਕਾਮ ਦੀ ਮੈਨੇਜਮੈਂਟ ਆਊਟਸੋਰਸਡ ਠੇਕਾ ਮੁਲਾਜ਼ਮਾਂ ਨਾਲ ਸਰਾਸਰ ਨੰਗਾ-ਚਿੱਟਾ ਧੋਖਾ ਕਰ ਰਹੀ ਹੈ, ਜਿਸ ਦੇ ਵਿਰੋਧ ਵਜੋਂ ਪਾਵਰਕਾਮ ਸੀ.ਐੱਚ.ਬੀ ਤੇ ਡਬਲਿਊ ਠੇਕਾ ਕਾਮਿਆਂ ਵੱਲੋਂ 19 ਜੂਨ ਨੂੰ ਪਰਵਾਰਾਂ ਅਤੇ ਬੱਚਿਆਂ ਸਮੇਤ ਵਿਧਾਨ ਸਭਾ ਵੱਲ ਮਾਰਚ ਕਰਨ ਅਤੇ ਲਗਾਤਾਰ ਧਰਨਾ ਲਾਉਣਗੇ। ਆਗੂਆਂ ਨੇ ਪੰਜਾਬ ਸਰਕਾਰ ਅਤੇ ਪਾਵਰਕਾਮ ਦੀ ਮੈਨੇਜਮੈਂਟ ਤੋਂ ਮੰਗ ਕੀਤੀ ਕਿ ਪਾਵਰਕਾਮ ਦੇ ਸੀ.ਐੱਚ.ਬੀ ਤੇ ਡਬਲਿਊ ਆਊਟਸੋਰਸਡ ਠੇਕਾ ਮੁਲਾਜ਼ਮਾਂ ਨੂੰ ਪਹਿਲ ਅਤੇ ਤਜਰਬੇ ਦੇ ਆਧਾਰ 'ਤੇ ਵਿਭਾਗ ਵਿੱਚ ਮਰਜ ਕਰਕੇ ਪੱਕਾ ਕੀਤਾ ਜਾਵੇ, ਪੰਦਰਵੀਂ ਲੇਬਰ ਕਾਨਫਰੰਸ ਦੇ ਫਾਰਮੂਲੇ ਮੁਤਾਬਿਕ ਆਊਟਸੋਰਸਡ ਠੇਕਾ ਮੁਲਾਜ਼ਮ ਦੀ ਤਨਖਾਹ ਘੱਟੋ-ਘੱਟ ਗੁਜ਼ਾਰੇ-ਯੋਗ ਤਨਖਾਹ 25 ਹਜ਼ਾਰ ਰੁਪਏ ਨਿਸ਼ਚਤ ਕੀਤੀ ਜਾਵੇ, ਡਿਊਟੀ ਦੌਰਾਨ ਮੌਤ ਹੋਣ 'ਤੇ ਵਾਰਿਸਾਂ ਨੂੰ ਘੱਟੋ-ਘੱਟ ਪੰਜਾਹ ਲੱਖ ਰੁਪਏ ਮੁਆਵਜ਼ਾ ਅਤੇ ਪਰਵਾਰ ਦੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ, ਠੇਕੇਦਾਰ/ਕੰਪਨੀਆਂ ਵੱਲੋਂ ਕੀਤੇ ਗਏ ਘਪਲੇ ਦਾ ਪੁਰਾਣਾ ਬਕਾਇਆ ਏਰੀਅਰ/ਬੋਨਸ, ਈ.ਪੀ.ਐੱਫ ਦਾ ਪੁਰਾਣਾ ਬਕਾਇਆ ਤੁਰੰਤ ਰਲੀਜ਼ ਕੀਤਾ ਜਾਵੇ ਅਤੇ ਪਿਛਲੇ ਸਮੇਂ ਵਿੱਚ ਮੁੱਖ ਮੰਤਰੀ ਸਮੇਤ ਬਿਜਲੀ ਮੰਤਰੀ ਅਤੇ ਪਾਵਰਕਾਮ ਦੀ ਮੈਨੇਜਮੈਂਟ ਨਾਲ ਹੋਈਆਂ ਪੈਨਲ ਮੀਟਿੰਗਾਂ ਵਿੱਚ ਹੋਏ ਸਮਝੌਤਿਆਂ ਨੂੰ ਤੁਰੰਤ ਪ੍ਰਭਾਵ ਨਾਲ ਲਾਗੂ ਕੀਤਾ ਜਾਵੇ, ਬਿਜਲੀ ਖੇਤਰ ਦੇ ਨਿੱਜੀਕਰਨ ਦੀ ਨੀਤੀ ਨੂੰ ਰੱਦ ਕਰਕੇ ਠੇਕੇਦਾਰਾਂ ਅਤੇ ਕੰਪਨੀਆਂ ਨੂੰ ਵਿਭਾਗ ਵਿੱਚੋਂ ਬਾਹਰ ਕੀਤਾ ਜਾਵੇ।

## ਰਾਸ਼ਨ ਕਾਰਡ ਕੱਟੇ ਜਾਣ ਕਾਰਨ ਲੋੜਵੰਦ ਪਰਵਾਰਾਂ 'ਚ ਰੋਸ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਪਿਛਲੇ ਦਿਨੀਂ ਵਿਭਾਗ ਵੱਲੋਂ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਸਰ ਕਰ ਰਹੇ ਰਾਸ਼ਨ ਕਾਰਡ ਧਾਰਕਾਂ ਦੇ ਕਾਰਡ ਕੱਟੇ ਜਾਣ ਕਾਰਨ ਲੋਕਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ, ਇਸ ਦੇ ਚੱਲਦਿਆਂ ਨਜ਼ਦੀਕੀ ਪਿੰਡ ਰੋਲੂਮਾਜਰਾ ਦੇ ਵਾਸੀ ਗੁਰਮੀਤ ਕੌਰ, ਹਰਬੰਸ ਕੌਰ, ਜਸਵੀਰ ਕੌਰ, ਚਰਨ ਸਿੰਘ, ਜਸਵੀਰ ਸਿੰਘ, ਬਲਵੰਤ ਕੌਰ, ਅਵਤਾਰ ਸਿੰਘ, ਮਨਪ੍ਰੀਤ ਕੌਰ, ਜਗਤਾਰ ਸਿੰਘ, ਸਰਬਜੀਤ ਕੌਰ ਸਹਿਤ ਵੱਡੀ ਗਿਣਤੀ ਵਿੱਚ ਲੋਕਾਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਸੰਬੰਧੀ ਸਰਪੰਚ ਗੁਰਿੰਦਰ ਸਿੰਘ ਤੇ ਸਾਬਕਾ ਸਰਪੰਚ ਸੁਰਜੀਤ ਸਿੰਘ ਰੋਲੂਮਾਜਰਾ ਨੇ ਦੱਸਿਆ ਕਿ ਪੰਜਾਬ ਸਰਕਾਰ ਇੱਕ ਪਾਸੇ ਗਰੀਬਾਂ ਦੀ ਭਲਾਈ ਦੀ ਗੱਲ ਕਰਦੀ ਹੈ ਦੂਜੇ ਪਾਸੇ ਗਰੀਬਾਂ ਦੇ ਕਾਰਡ ਕੱਟੇ ਜਾ ਰਹੇ ਹਨ, ਜਿਸ ਵਿਚ ਐਸ ਸੀ ਪਰਵਾਰਾਂ ਨਾਲ ਸੰਬੰਧਤ ਵੱਡੀ ਗਿਣਤੀ ਵਿਚ ਪਰਵਾਰਾਂ ਦੇ ਨਾਂਅ ਕੱਟੇ ਗਏ ਹਨ। ਜਦਕਿ ਇਨਾਂ ਵਿੱਚੋਂ ਬਹੁਤ ਸਾਰੇ ਅਜਿਹੇ ਪਰਵਾਰ ਹਨ ਜੋ ਅਤਿ ਹੱਦ ਗਰੀਬ ਪਰਵਾਰ ਹਨ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਇਹ ਨਾਂਅ ਬਿਲਕੁਲ ਗਲਤ ਕੱਟੇ ਗਏ ਹਨ, ਇਸ ਲਈ ਇਸ ਦੀ ਜਾਂਚ ਕੀਤੀ ਜਾਵੇ ਨਹੀਂ ਤਾਂ ਮਜਬੂਰਨ ਸਾਨੂੰ ਵੱਡੇ ਪੱਧਰ 'ਤੇ ਸੰਘਰਸ਼ ਕਰਨਾ ਪਵੇਗਾ।

## ਵਾਲਮੀਕਿ ਮੰਦਰ ਨੂੰ ਵਾਟਰ ਕੂਲਰ ਭੇਟ

**ਬਿਲਗਾ (ਵਿਜੇ ਕੁਮਾਰ)**-ਬਿਲਗਾ ਦੇ ਰਾਧਾ ਕ੍ਰਿਸ਼ਨ ਮੰਦਰ ਪੱਤੀ ਮੈਹਨਾ ਤੇ ਭਾਰਤ ਵਿਕਾਸ ਪ੍ਰੀਸ਼ਦ ਦੀ ਪ੍ਰੇਰਨਾ ਸਦਕਾ ਗੁਰਦੇਵ ਸਿੰਘ ਪਲਾਹਾ ਨੇ ਵਾਲਮੀਕਿ ਮੰਦਰ ਪੱਤੀ ਭਲਾਈ ਨੂੰ ਬਿਜਲੀ ਵਾਲਾ ਵਾਟਰ ਕੂਲਰ ਭੇਟ ਕੀਤਾ। ਤਰਸੇਮ ਲਾਲ ਗੁਪਤਾ ਨੇ ਦੱਸਿਆ ਕਿ ਮੰਦਰ ਵੱਲੋਂ ਪਹਿਲਾਂ ਵੀ ਪਿੰਡ ਵਿੱਚ ਚਾਰ ਵਾਟਰ ਕੂਲਰ ਲਗਵਾਏ ਜਾ ਚੁੱਕੇ ਹਨ। ਮੰਦਰ ਦੀ ਕਮੇਟੀ ਵੱਲੋਂ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਸਮੇਂ ਮੁਤਾਬਕ ਦਿੱਤਾ ਜਾਂਦਾ ਹੈ। ਉਨ੍ਹਾ ਕਿਹਾ ਕਿ ਗੁਰਦੇਵ ਸਿੰਘ ਪਲਾਹਾ ਬਹੁਤ ਹੀ ਨੇਕਦਿਲ ਇਨਸਾਨ ਹਨ। ਉਹ ਜ਼ਰੂਰਤਮੰਦ ਪਰਵਾਰਾਂ ਦੀ ਸਹਾਇਤਾ ਲਈ ਸਦਾ ਤਿਆਰ ਰਹਿੰਦੇ ਹਨ। ਉਨ੍ਹਾ ਗੁਰਦੇਵ ਸਿੰਘ ਪਲਾਹਾ ਤੇ ਉਨ੍ਹਾ ਦੇ ਪਰਵਾਰਕ ਮੈਂਬਰਾਂ ਦਾ ਧੰਨਵਾਦ ਕੀਤਾ। ਵਾਲਮੀਕਿ ਨੌਜਵਾਨ ਸਭਾ ਦੇ ਪ੍ਰਧਾਨ ਕਾਕਾ ਨੇ ਰਾਧਾ ਕ੍ਰਿਸ਼ਨ ਮੰਦਰ, ਭਾਰਤ ਵਿਕਾਸ ਪ੍ਰੀਸ਼ਦ ਅਤੇ ਗੁਰਦੇਵ ਸਿੰਘ ਪਲਾਹਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਸਹੀ ਜਗ੍ਹਾ 'ਤੇ ਵਾਟਰ ਕੂਲਰ ਦਿੱਤਾ ਹੈ। ਇਥੇ ਦੇ ਲੋਕਾਂ ਅਤੇ ਰਾਹਗੀਰਾਂ ਨੂੰ ਪਾਣੀ ਨਾ ਮਿਲਣ ਕਾਰਨ ਕਾਫੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸ ਮੌਕੇ ਸੰਜੀਵ ਸੋਨੀ, ਬਲਬੀਰ ਸਿੰਘ, ਬਲਵਿੰਦਰ ਸਿੰਘ, ਬਲਜੀਤ ਸਿੰਘ, ਬਬਲੂ ਅਤੇ ਗੌਰਵ ਸੋਨੀ ਹਾਜ਼ਰ ਸਨ।

## ਰੋਡ ਗਲੀ ਦਾ ਢੱਕਣ ਨਾ ਹੋਣ ਕਾਰਨ ਹੋ ਰਹੇ ਹਾਦਸੇ, ਢੱਕਣ ਲਗਾਉਣ ਦੀ ਅਪੀਲ



**ਫਗਵਾੜਾ, (ਡਾ. ਰਮਨ)**- ਅੱਜ ਭਗਤਪੁਰਾ ਭਾਣੋਕੀ ਰੋਡ 'ਤੇ ਰੋਡ ਗਲੀ ਦਾ ਢੱਕਣ ਨਾ ਹੋਣ ਕਾਰਨ ਇੱਕ ਵੈਨ ਉਸ ਵਿੱਚ ਡਿਗ ਗਈ ਜਿਸ ਨਾਲ ਵੈਨ ਦਾ ਕਾਫੀ ਨੁਕਸਾਨ ਹੋਇਆ ਹੈ। ਇਸ ਨੂੰ ਮੌਕੇ 'ਤੇ ਖੜ੍ਹੇ ਕੁੱਝ ਲੋਕਾਂ ਨੇ ਬਾਹਰ ਕੱਢਿਆ। ਮੁਹੱਲਾ ਡਿਵੈਲਪਮੈਂਟ ਕਮੇਟੀ ਭਗਤਪੁਰਾਂ ਭਾਣੋਕੀ ਰੋਡ ਦੇ ਪ੍ਰਧਾਨ ਡਾਕਟਰ ਰਮਨ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਸ ਰੋਡ ਗਲੀ ਸੰਬੰਧੀ ਸੰਬੰਧਤ ਵਿਭਾਗ ਦੇ ਅਧਿਕਾਰੀ ਦੇ ਧਿਆਨ ਹਿੱਤ ਵੀ ਕਈ ਵਾਰੀ ਲਿਆਂਦਾ ਗਿਆ ਹੈ ਪਰ ਉਨ੍ਹਾਂ ਵੱਲੋਂ ਸਿਵਾਏ ਲਾਰਿਆਂ ਦੇ ਕੁਝ ਵੀ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਰੋਡ ਗਲੀ ਦਾ ਢੱਕਣ ਨਾ ਹੋਣ ਕਾਰਨ ਅਕਸਰ ਲੋਕ ਇਸ ਵਿੱਚ ਡਿੱਗ ਕੇ ਸੱਟ ਚੋਟ ਲਗਵਾ ਚੁੱਕੇ ਹਨ। ਉਨ੍ਹਾਂ ਸੰਬੰਧਤ ਵਿਭਾਗ ਦੇ ਉੱਚ ਅਧਿਕਾਰੀਆਂ ਤੋਂ ਇਸ ਸਮੱਸਿਆ ਦਾ ਸਥਾਈ ਹੱਲ ਕਰਨ ਦੀ ਅਪੀਲ ਕੀਤੀ ਤਾਂ ਜੋ ਲੋਕ ਇੱਥੋਂ ਸੱਟ ਚੋਟ ਲਗਵਾਉਣ ਤੋਂ ਬਚ ਸਕਣ।

## ਦੁਬਈ 'ਚ ਕਰਵਾਇਆ ਸਿੱਖਿਆ ਸੰਮੇਲਨ ਅਮਿੱਟ ਯਾਦਾਂ ਛੱਡਦਾ ਯਾਦਗਾਰੀ ਹੋ ਨਿੱਬੜਿਆ

**ਟਾਂਡਾ ਉੜਮੁੜ, ( ਉਂਕਾਰ ਸਿੰਘ, ਜਸਵਿੰਦਰ ਸੰਧੂ)**-ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਸ਼ਾਹਬਾਜ਼ਪੁਰ ਜਿੱਥੇ ਖੇਡਾਂ ਦੇ ਖੇਤਰ ਵਿਚ ਮੱਲਾਂ ਮਾਰ ਰਿਹਾ ਹੈ ਉਥੇ ਹੀ ਪੜ੍ਹਾਈ ਦੇ ਖੇਤਰ ਵਿੱਚ ਵੀ ਆਪਣੀ ਅਲੱਗ ਪਹਿਚਾਣ ਬਣਾ ਚੁੱਕਾ ਹੈ। ਆਪਣਾ ਪੰਜਾਬ ਫਾਊਂਡੇਸ਼ਨ ਅਤੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਸੋਸੀਏਸ਼ਨ ਵੱਲੋਂ ਜਿੱਥੇ ਸਿਹਤ, ਸਿੱਖਿਆ ਅਤੇ ਵਾਤਾਵਰਣ ਦੀ ਸਾਂਭ ਸੰਭਾਲ ਲਈ ਲਗਾਤਾਰ ਉਪਰਾਲੇ ਕੀਤੇ ਜਾਂਦੇ ਰਹੇ ਹਨ। ਇਨ੍ਹਾਂ ਉਪਰਾਲਿਆਂ ਵਿੱਚ ਵੀ ਸਿਰਫ ਸਕੂਲ ਨੇ ਆਪਣਾ ਪੁਰਾਤਨ ਮਨ ਧਨ ਦੇ ਨਾਲ ਯੋਗਦਾਨ ਪਾਇਆ। ਫਿਰ ਚਾਹੇ ਉਹ ਫੈਪ ਨੈਸ਼ਨਲ ਐਵਾਰਡ ਹੋਣ ਜਾਂ ਮਿਸ਼ਨ ਹਰਿਆਲੀ ਦੇ ਤਹਿਤ ਇੱਕ ਦਿਨ ਦੇ ਵਿੱਚ 5 ਲੱਖ ਤੋਂ ਵੱਧ ਪੌਦੇ ਲਗਾਉਣ ਦਾ ਟੀਚਾ ਹੋਵੇ। ਪਿਛਲੇ ਦਿਨੀਂ ਆਪਣਾ ਪੰਜਾਬ ਫਾਊਂਡੇਸ਼ਨ ਦੇ ਸਰਪ੍ਰਸਤ ਡਾ. ਜਗਜੀਤ ਸਿੰਘ ਧੂਰੀ ਵੱਲੋਂ ਦੁਬਈ ਵਿਖੇ ਕਰਵਾਇਆ ਗਿਆ ਸਿੱਖਿਆ ਸੰਮੇਲਨ ਅਮਿੱਟ ਪੈੜਾਂ ਛੱਡਦਾ ਹੋਇਆ ਸਮਾਪਤ ਹੋਇਆ। ਇਸ ਸੰਮੇਲਨ ਦੇ ਦੌਰਾਨ ਸਿੱਖਿਆ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਉਣ ਦੇ ਬਦਲੇ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਦੇ ਚੇਅਰਮੈਨ ਤਰਲੋਚਨ ਸਿੰਘ ਨੂੰ ਗਲੋਬਲ ਪ੍ਰਸਟੀਜੀਅਸ ਐਵਾਰਡ ਫਾਰ ਐਜੂਕੇਸ਼ਨਲ ਲੀਡਰਸ਼ਿਪ ਅਤੇ ਪ੍ਰਿੰਸੀਪਲ ਮੁਨੀਸ਼ਾ ਸੰਗਰ ਨੂੰ ਐਵਾਰਡ ਆਫ ਆਨਰ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਫਾਊਂਡੇਸ਼ਨ ਦੇ ਡਾਇਰੈਕਟਰ ਅਨਿਲ ਮਿੱਤਲ, ਸੰਜੇ ਗੁਪਤਾ, ਭੁਪਿੰਦਰ ਸਿੰਘ, ਯੋਹਾਨਲ ਮੈਥਿਊ ਅਤੇ ਸੰਜੀਵ ਸੈਣੀ ਨੇ ਦੱਸਿਆ ਕਿ ਇਸ ਸੰਮੇਲਨ ਵਿਚ ਭਾਰਤ ਤੋਂ ਇਲਾਵਾ ਕੈਨੇਡਾ, ਆਸਟਰੇਲੀਆ, ਯੂ ਐਸ ਏ, ਡੁਬਈ ਅਤੇ ਹੋਰ ਵੱਖ-ਵੱਖ ਦੇਸ਼ਾਂ ਤੋਂ ਡੈਲੀਗੇਟ ਸ਼ਾਮਲ ਹੋਏ। ਇਸ ਸੰਮੇਲਨ ਵਿੱਚ 21ਵੀਂ ਸਦੀ ਵਿੱਚ ਦਿੱਤੀ ਜਾਣ ਵਾਲੀ ਨਿਵੇਕਲੀ ਸਿੱਖਿਆ ਦੇ ਵਿਸ਼ੇ ਨੂੰ ਲੈ ਕੇ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਸ਼ੇਖ ਸੁਲਤਾਨ ਬਿਨ ਨਾਸਿਰ ਬਿਨ ਹੁਮੈਦ ਰਾਸ਼ਿਦ ਅਲਨੁਆਮੀ, ਇਨਵੈਸਟਮੈਂਟ ਐਲ.ਐਲ. ਸੀ ਦੁਬਈ, ਸ੍ਰੀ ਜਤਿੰਦਰ ਵੈਦਿਆ (ਪ੍ਰਧਾਨ ਇੰਡੀਅਨ ਪੀਪਲਜ਼ ਫੋਰਮ, ਯੂ.ਏ.ਈ), ਸੁਰਿੰਦਰ ਸਿੰਘ ਕੰਧਾਰੀ (ਚੇਅਰਮੈਨ ਗੁਰੂ ਨਾਨਕ ਦਰਬਾਰ ਗੁਰਦੁਆਰਾ ਅਤੇ ਚੇਅਰਮੈਨ ਐਲਡੋਰੋਵੀ ਗਰੁੱਪ) ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ।

## ਗੈਂਗਸਟਰ ਗੁਰਜਿੰਦਰ ਸਿੰਘ ਉਰਫ ਗਿੰਦਾ ਸਣੇ 5 ਦੋਸ਼ੀ ਗ੍ਰਿਫ਼ਤਾਰ, ਖੋਹੀ ਗਈ ਸਵਿਫਟ ਕਾਰ ਬਰਾਮਦ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਸ੍ਰੀਨਗਰ ਘੁੰਮ ਕੇ ਵਾਪਸ ਆ ਰਹੀ ਸਵਿਫਟ ਕਾਰ ਖੋਹਣ ਦੇ ਦੋਸ਼ 'ਚ ਪੁਲਸ ਨੇ ਬੀ-ਕੈਟਾਗਰੀ ਦੇ ਗੈਂਗਸਟਰ ਗੁਰਜਿੰਦਰ ਸਿੰਘ ਉਰਫ ਗਿੰਦਾ ਸਣੇ 5 ਦੋਸ਼ੀਆਂ ਨੂੰ ਗ੍ਰਿਫਤਾਰ ਕਰ ਕੇ ਖੋਹੀ ਗਈ ਸਵਿਫਟ ਕਾਰ ਬਰਾਮਦ ਕੀਤੀ ਹੈ। ਪ੍ਰੈੱਸ ਕਾਨਫਰੰਸ ਵਿਚ ਜਾਣਕਾਰੀ ਦਿੰਦੇ ਹੋਏ ਐੱਸ. ਪੀ. (ਆਪ੍ਰੇਸ਼ਨ) ਡਾ. ਮੁਕੇਸ਼ ਸ਼ਰਮਾ ਨੇ ਦੱਸਿਆ ਕਿ ਟੈਕਸੀ ਚਲਾਉਣ ਵਾਲਾ ਵਿਜੈ ਕੁਮਾਰ ਪੁੱਤਰ ਗਿਰੀ ਰਾਜ ਵਾਸੀ ਫਰੀਦਕੋਟ (ਹਰਿਆਣਾ) ਬੀਤੀ 14 ਜੂਨ ਨੂੰ ਆਪਣੀ ਪ੍ਰਾਈਵੇਟ ਸਵਿਫਟ ਕਾਰ 'ਚ ਸਵਾਰੀਆਂ ਨੂੰ ਲੈ ਕੇ ਸ੍ਰੀਨਗਰ ਤੋਂ ਚੰਡੀਗੜ੍ਹ ਵੱਲ ਜਾ ਰਿਹਾ ਸੀ ਕਿ ਰਾਤ ਤਕਰੀਬਨ ਸਾਢੇ 8 ਵਜੇ ਸਵਾਰੀਆਂ ਦੇ ਕਹਿਣ 'ਤੇ ਖਾਣਾ ਖਾਣ ਲਈ ਬਲਾਚੌਰ ਸਥਿਤ ਇਕ ਹੋਟਲ ਵਿਖੇ ਰੁਕੇ। ਕਾਰ ਵਿਚ ਸਵਾਰ ਸਵਾਰੀਆਂ ਰਾਤ ਅਰਾਮ ਕਰਨ ਲਈ ਹੋਟਲ ਵਿਚ ਸਥਿਤ ਕਮਰੇ ਵਿਚ ਚਲੀਆਂ ਗਈਆਂ ਅਤੇ ਉਕਤ ਟੈਕਸੀ ਚਾਲਕ ਆਪਣੀ ਕਾਰ ਵਿਚ ਹੀ ਬੈਠਾ ਸੀ ਕਿ 2 ਨੌਜਵਾਨਾਂ ਨੇ ਉਸ ਕੋਲ ਆ ਕੇ ਗੋਲੀ ਮਾਰਨ ਦਾ ਡਰ ਦਿਖਾ ਕੇ ਉਸ ਦੀ ਸਵਿਫਟ ਕਾਰ ਨੂੰ ਖੋਹ ਕੇ ਫਰਾਰ ਹੋ ਗਏ। ਐੱਸ. ਪੀ. ਡਾ. ਮੁਕੇਸ਼ ਨੇ ਦੱਸਿਆ ਕਿ ਅਪਰਾਧ ਦੀ ਗੰਭੀਰਤਾ ਨੂੰ ਦੇਖਦੇ ਹੋਏ ਜਾਣਕਾਰੀ ਮਿਲਣ 'ਤੇ ਤੁਰੰਤ ਬਾਅਦ ਐੱਸ. ਐੱਚ. ਓ. ਥਾਣਾ ਬਲਾਚੌਰ ਸਣੇ ਹੋਰ ਪੁਲਸ ਅਫਸਰ ਮੌਕੇ 'ਤੇ ਪਹੁੰਚ ਗਏ ਅਤੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਮਦਦ ਨਾਲ ਅਪਰਾਧੀਆਂ ਦੀ ਧਰ ਪਕੜ ਲਈ ਵੱਖ-ਵੱਖ ਪੁਲਸ ਅਧਿਕਾਰੀਆਂ ਦੀ ਅਗਵਾਈ ਹੇਠ ਟੀਮਾਂ ਦਾ ਗਠਨ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਨ੍ਹਾ ਦੱਸਿਆ ਕਿ ਪੁਲਸ ਨੂੰ ਮਿਲੀ ਗੁਪਤ ਸੂਚਨਾ ਦੇ ਆਧਾਰ 'ਤੇ ਪੁਲਸ ਨੇ ਪਿੰਡ ਜੈਨਪੁਰ ਦੀ ਹੱਦ ਵਿਚ ਕਾਰ ਨੂੰ ਖੋਹਣ ਲਈ 4 ਦੋਸ਼ੀਆਂ, ਜਿਸ ਵਿਚ ਗਰੋਹ ਦਾ ਸਰਗਣਾ ਗੁਰਜਿੰਦਰ ਸਿੰਘ ਉਰਫ ਗਿੰਦਾ ਪੁੱਤਰ ਜੁਝਾਰ ਸਿੰਘ ਵਾਸੀ ਪਿੰਡ ਮਹਿਦਪੁਰ ਥਾਣਾ ਬਲਾਚੌਰ, ਗੁਰਦੀਪ ਸਿੰਘ, ਉਰਫ ਦੀਪ ਪੁੱਤਰ ਕਸ਼ਮੀਰ ਸਿੰਘ ਵਾਸੀ ਪਿੰਡ ਭਾਰਾਪੁਰ, ਪ੍ਰਦੀਪ ਕੁਮਾਰ ਉਰਫ ਅੰਬੀ ਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਬੱਕਾਪੁਰ, ਗੁਰਜੀਤ ਸਿੰਘ ਪੁੱਤਰ ਤਰਸੇਮ ਸਿੰਘ ਵਾਸੀ ਮਹਿੰਦਿਪੁਰ ਥਾਣਾ ਬਲਾਚੌਰ ਅਤੇ ਬਲਤੇਜ ਸਿੰਘ ਉਰਫ ਤੇਜ਼ਾ ਪੁੱਤਰ ਚੈਂਚਲ ਸਿੰਘ ਵਾਸੀ ਜਨੇਤਪੁਰ ਥਾਣਾ ਜਗਰਾਓਂ ਸ਼ਾਮਲ ਹਨ। ਗਰੋਹ ਦੇ ਸਰਗਣਾ ਗੁਰਜਿੰਦਰ ਸਿੰਘ ਖਿਲਾਫ ਕਤਲ ਸਣੇ 17 ਅਪਰਾਧਕ ਮਾਮਲੇ ਦਰਜ ਹਨ। ਐੱਸ ਪੀ ਡਾ. ਮੁਕੇਸ਼ ਸ਼ਰਮਾ ਨੇ ਦੱਸਿਆ ਕਿ ਗਰੋਹ ਦਾ ਮੁਖੀ ਗੁਰਜਿੰਦਰ ਸਿੰਘ ਬੀਤੇ ਮਹੀਨਿਆਂ ਵਿਚ ਪੁਲਸ ਮੁੱਠਭੇੜ 'ਚ ਮਾਰੇ ਗਏ ਗੈਂਗਸਟਰ ਤਜਿੰਦਰ ਸਿੰਘ ਉਰਫ ਤੇਜਾ ਦਾ ਸਕਾ ਭਰਾ ਹੈ ਤੇ ਬੀ-ਕੈਟਾਗਰੀ ਦਾ ਗੈਂਗਸਟਰ ਹੈ ਅਤੇ ਹੁਣ ਕੁਝ ਦਿਨ ਪਹਿਲਾਂ ਹੀ ਜੇਲ੍ਹ ਵਿਚੋਂ ਸਜ਼ਾ ਕੱਟ ਕੇ ਬਾਹਰ ਆਇਆ ਹੈ। ਡਾ. ਮੁਕੇਸ਼ ਨੇ ਦੱਸਿਆ ਕਿ ਗ੍ਰਿਫਤਾਰ ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕਰ ਕੇ 2 ਦਿਨ ਦੇ ਪੁਲਸ ਰਿਮਾਂਡ 'ਤੇ ਲਿਆ ਗਿਆ ਹੈ।

## 410 ਨਸ਼ੀਲੀਆਂ ਗੋਲੀਆਂ ਸਮੇਤ 2 ਕਾਬੂ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਜ਼ਿਲ੍ਹਾ ਪੁਲਿਸ ਮੁਖੀ ਸਰਤਾਜ ਸਿੰਘ ਚਾਹਲ ਹੁਸ਼ਿਆਰਪੁਰ ਵੱਲੋਂ ਨਸ਼ੇ ਦੇ ਤਸਕਰਾਂ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਅਤੇ ਡੀ.ਐਸ.ਪੀ ਦਲਜੀਤ ਸਿੰਘ ਖੱਖ ਪੁਲਸ ਕਪਤਾਨ ਸਬ-ਡਵੀਜ਼ਨ ਗੜ੍ਹਸ਼ੰਕਰ ਦੀ ਰਹਿਨੁਮਾਈ ਹੇਠ ਐਸ ਆਈ ਹਰਪ੍ਰੇਮ ਸਿੰਘ ਥਾਣਾ ਮੁਖੀ ਗੜ੍ਹਸ਼ੰਕਰ ਦੀ ਹਦਾਇਤ ਅਨੁਸਾਰ ਐਸ.ਆਈ ਕੁਲਵਿੰਦਰ ਸਿੰਘ ਥਾਣਾ ਗੜ੍ਹਸ਼ੰਕਰ ਨੇ ਸਮੇਤ ਪੁਲਸ ਪਾਰਟੀ ਗਸ਼ਤ ਦੇ ਦੌਰਾਨ ਸ਼ਮਸ਼ਾਨਘਾਟ ਦੁੱਗਰੀ ਵਿਖੇ 2 ਵਿਅਕਤੀਆਂ ਦੀ ਤਲਾਸ਼ੀ ਲੈਣ ਉਪਰੰਤ ਦੋਵਾਂ ਵਿਅਕਤੀਆਂ ਕੋਲੋਂ 410 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਪੰਕਜ ਕੁਮਾਰ ਉਰਫ ਲੰਬ ਪੁੱਤਰ ਰਾਜਿੰਦਰ ਕੁਮਾਰ ਵਾਸੀ ਵਾਰਡ ਨੰਬਰ 8 ਭੱਟਾਂ ਮੁਹੱਲਾ ਗੜ੍ਹਸ਼ੰਕਰ ਕੋਲੋਂ 200 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਇਸੇ ਤਰ੍ਹਾਂ ਸੰਦੀਪ ਕੁਮਾਰ ਪੁੱਤਰ ਭਾਗ ਰਾਜ ਵਾਸੀ ਧਮਾਈ ਹਾਲ ਵਾਸੀ ਸੰਤੋਖ ਨਗਰ ਨੰਗਲ ਰੋਡ ਗੜ੍ਹਸ਼ੰਕਰ ਕੋਲੋਂ 210 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਦੋਵਾਂ ਦੋਸ਼ੀਆਂ ਵਿਰੁੱਧ ਮਾਮਲਾ ਦਰਜ ਕਰਕੇ ਪੁਲਸ ਵੱਲੋਂ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਸ਼ਹੀਦ ਰਾਜਵਿੰਦਰ ਸਿੰਘ ਦੀ ਯਾਦਗਾਰ ਬਣਾਉਣ ਲਈ ਸੰਤ ਸੀਚੇਵਾਲ ਨੂੰ ਦਿੱਤਾ ਮੰਗ ਪੱਤਰ



**ਸ਼ਾਹਕੋਟ (ਗਿਆਨ ਸੈਦਪੁਰੀ)** ਜੰਮੂ-ਕਸ਼ਮੀਰ ਦੇ ਪੁੰਛ ਇਲਾਕੇ ਵਿੱਚ ਦੁਸ਼ਮਣ ਫੌਜ ਨਾਲ ਟਾਕਰਾ ਕਰਦੇ ਹੋਏ ਗੋਇੰਦਵਾਲ ਸਾਹਿਬ ਦੇ ਸ਼ਹੀਦ ਹੋਏ ਰਾਜਵਿੰਦਰ ਸਿੰਘ ਦੀ ਯਾਦਗਾਰ ਬਣਾਉਣ ਲਈ ਪਰਵਾਰ ਨੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਮੰਗ ਪੱਤਰ ਦਿੱਤਾ। ਸ਼ਹੀਦ ਦੀ ਪਤਨੀ ਮਨਪ੍ਰੀਤ ਕੌਰ ਨੇ ਦੱਸਿਆ ਕਿ ਉਨ੍ਹਾ ਦੇ ਪਤੀ ਰਾਜਵਿੰਦਰ ਸਿੰਘ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਦਿਆਂ ਜੰਮੂ-ਕਸ਼ਮੀਰ ਦੇ ਪੁੰਛ ਇਲਾਕੇ ਵਿੱਚ ਤਾਇਨਾਤ ਸੀ। ਉਥੇ 30 ਅਗਸਤ 2020 ਨੂੰ ਹੋਏ ਦੁਸ਼ਮਣਾਂ ਨਾਲ ਮੁਕਾਬਲੇ ਵਿੱਚ ਰਾਜਵਿੰਦਰ ਸਿੰਘ ਸ਼ਹੀਦ ਹੋ ਗਏ ਸਨ। ਰਾਜਵਿੰਦਰ ਸਿੰਘ ਦਾ 31 ਅਗਸਤ 2020 ਨੂੰ ਸਸਕਾਰ ਕੀਤਾ ਗਿਆ ਸੀ। ਮਨਪ੍ਰੀਤ ਕੌਰ ਨੇ ਦੱਸਿਆ ਕਿ ਉਨ੍ਹਾ ਦੇ ਸਹੁਰਾ ਸਾਹਿਬ ਜਗੀਰ ਸਿੰਘ ਅਤੇ ਦਿਉਰ ਸੁਖਵਿੰਦਰ ਸਿੰਘ ਵੀ ਫੌਜ ਵਿੱਚ ਸੇਵਾਵਾਂ ਨਿਭਾਅ ਚੁੱਕੇ ਸਨ। ਉਨ੍ਹਾਂ ਦੀ ਵੱਖ-ਵੱਖ ਸਮਿਆਂ 'ਤੇ ਮੌਤ ਹੋ ਗਈ ਸੀ। ਹੁਣ ਪਰਵਾਰ ਵਿਚ ਉਸ ਦਾ ਪੁੱਤਰ ਤੇ ਉਹ ਦੋਵੇਂ ਹੀ ਹਨ। ਉਨ੍ਹਾ ਦੇ ਨਾਲ ਆਏ ਗੋਇੰਦਵਾਲ ਸਾਹਿਬ ਦੇ ਸਰਪੰਚ ਕੁਲਦੀਪ ਸਿੰਘ ਨੇ ਦੱਸਿਆ ਕਿ ਜਦੋਂ 31 ਅਗਸਤ ਨੂੰ ਸਿਵਲ ਹਸਪਤਾਲ ਵਿੱਚ ਸਸਕਾਰ ਹੋਇਆ ਸੀ ਤਾਂ ਉਸ ਵੇਲੇ ਦੇ ਸਿਵਲ ਪ੍ਰਸ਼ਾਸਨ ਅਧਿਕਾਰੀਆਂ ਅਤੇ ਰਾਜਸੀ ਆਗੂਆਂ ਨੇ ਯਾਦਗਾਰ ਬਣਾਉਣ ਦਾ ਵਾਅਦਾ ਕੀਤਾ ਸੀ। ਹੁਣ ਜਦੋਂ ਅਗਸਤ 2023 ਨੂੰ ਰਾਜਵਿੰਦਰ ਸਿੰਘ ਦੀ ਸ਼ਹਾਦਤ ਨੂੰ ਤਿੰਨ ਸਾਲ ਹੋ ਜਾਣੇ ਹਨ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸ਼ਹੀਦ ਦੀ ਪਤਨੀ ਮਨਪ੍ਰੀਤ ਕੌਰ ਨੂੰ ਸਲਾਮ ਕਰਦਿਆਂ ਕਿਹਾ ਕਿ ਉਹ ਇਸ ਮਾਮਲੇ ਵਿੱਚ ਡਿਪਟੀ ਕਮਿਸ਼ਨਰ ਤਰਨ ਤਾਰਨ ਤੋਂ ਲੈ ਕੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੱਕ ਪਹੁੰਚ ਕਰਨਗੇ। ਉਨ੍ਹਾ ਕਿਹਾ ਕਿ ਸ਼ਹੀਦ ਦੇਸ਼ ਦਾ ਮਾਣ ਹੋਇਆ ਕਰਦੇ ਹਨ। ਫੌਜ ਵੱਲੋਂ ਸਰਹੱਦਾਂ 'ਤੇ ਕੀਤੀ ਜਾਂਦੀ ਰਾਖੀ ਸਦਕਾ ਹੀ ਲੋਕ ਆਪਣੇ ਘਰਾਂ ਵਿੱਚ ਚੈਨ ਦੀ ਨੀਂਦ ਸੌਂਦੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਲਈ ਜਾਨ ਕੁਰਬਾਨ ਕਰਨ ਵਾਲੇ ਸ਼ਹੀਦ ਰਾਜਵਿੰਦਰ ਸਿੰਘ ਦੀ ਢੁੱਕਵੀ ਯਾਦਗਾਰ ਬਣਾਈ ਜਾਵੇਗੀ। ਸੰਤ ਸੀਚੇਵਾਲ ਨੇ ਕਿਹਾ ਕਿ ਉਹ 30 ਅਗਸਤ ਨੂੰ ਸ਼ਹੀਦੀ ਸਮਾਗਮ ਵਿੱਚ ਸ਼ਾਮਲ ਹੋਣ ਲਈ ਉਚੇਚੇ ਤੌਰ 'ਤੇ ਜਾਣਗੇ। ਇਸ ਮੌਕੇ ਪੰਚ ਵਰਿੰਦਰ ਸਿੰਘ ਜੋਤੀ ਅਤੇ ਸ਼ਹੀਦ ਦਾ ਪੁੱਤਰ ਜੋਬਨਜੀਤ ਸਿੰਘ ਵੀ ਹਾਜ਼ਰ ਸੀ।

## ਪਿੰਡ ਉਧੋਵਾਲ ਦੇ ਸਰਪੰਚ 'ਤੇ ਧੱਕੇ ਨਾਲ ਸ਼ੈੱਡ ਬਣਾਉਣ ਦਾ ਦੋਸ਼

**ਮਹਿਤਪੁਰ (ਰਾਜਾ)**- ਪਿੰਡ ਉਧੋਵਾਲ ਦੇ ਜੰਮਪਲ ਵਿਦੇਸ਼ ਵਿੱਚ ਰਹਿੰਦੇ ਗੁਰਪ੍ਰੀਤ ਸਿੰਘ ਦੇ ਪੁਰਖਿਆਂ ਦੀ ਜ਼ਮੀਨ 'ਤੇ ਉਧੋਵਾਲ ਦੇ ਕਾਂਗਰਸੀ ਸਰਪੰਚ ਵੱਲੋਂ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਨਜਾਇਜ਼ ਕਬਜ਼ਾ ਕਰਨ ਦੀ ਕੋਸ਼ਿਸ਼ ਦੇ ਦੋਸ਼ ਲਾਉਂਦਿਆਂ ਉਸ ਵਿਰੁੱਧ ਪੁਲਸ ਪ੍ਰਸ਼ਾਸਨ ਤੋਂ ਇਨਸਾਫ ਦੀ ਮੰਗ ਕੀਤੀ। ਅੱਜ ਕਿਰਤੀ ਕਿਸਾਨ ਯੂਨੀਅਨ ਅਤੇ ਵੱਖ-ਵੱਖ ਪਾਰਟੀਆਂ ਨਾਲ ਸੰਬੰਧਤ ਆਗੂਆਂ ਨੇ ਐਸ ਐਚ ਓ ਮਹਿਤਪੁਰ ਜਤਿੰਦਰ ਕੁਮਾਰ ਨੂੰ ਮਿਲ ਕੇ ਮੰਗ ਕੀਤੀ ਕਿ ਐਨ ਆਰ ਆਈ ਪਰਵਾਰ ਨੂੰ ਇਨਸਾਫ ਦੁਆਇਆ ਜਾਵੇ। ਕਿਸਾਨ ਜਥੇਬੰਦੀ ਅਤੇ ਪਾਰਟੀਆਂ ਦੇ ਆਗੂਆਂ ਨਾਲ ਪਹੁੰਚੇ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਉਸ ਦਾ ਸਾਰਾ ਪਰਵਾਰ ਵਿਦੇਸ਼ ਵਿੱਚ ਰਹਿੰਦਾ ਹੈ। ਸਾਡੀ ਗੈਰ ਹਾਜ਼ਰੀ ਦਾ ਫਾਇਦਾ ਚੁੱਕ ਕੇ ਕਾਂਗਰਸ ਨਾਲ ਸੰਬੰਧਤ ਸਰਪੰਚ ਮਨਪ੍ਰੀਤ ਸਿੰਘ ਉਰਫ ਰਾਜੂ ਨੇ ਸਾਡੀ ਠੇਕੇ ਉਪਰ ਦਿੱਤੀ ਗਈ ਲੱਖਾਂ ਰੁਪਏ ਦੀ ਜ਼ਮੀਨ ਉੱਪਰ ਧੱਕੇ ਨਾਲ ਆਰਜ਼ੀ ਸ਼ੈਡ ਬਣਾ ਕੇ ਨਜਾਇਜ਼ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਕੁੱਝ ਮਹੀਨੇ ਪਹਿਲਾਂ ਅਸੀਂ ਪੰਜਾਬ ਪੁਲਸ ਦੇ ਉੱਚ ਅਧਿਕਾਰੀਆਂ ਤੋਂ ਇਨਸਾਫ ਦੀ ਮੰਗ ਕੀਤੀ ਸੀ ਪਰ ਸਰਪੰਚ ਦੀ ਸਿਆਸੀ ਪਹੁੰਚ ਹੋਣ ਕਾਰਨ ਮਾਮਲਾ ਲਗਾਤਾਰ ਲਟਕਦਾ ਆ ਰਿਹਾ ਹੈ। ਪਿੰਡ ਦੇ ਸਰਪੰਚ ਅਤੇ ਉਸ ਦੇ ਪਰਵਾਰ ਵੱਲੋਂ ਮੈਨੂੰ ਡਰਾਇਆ-ਧਮਕਾਇਆ ਜਾ ਰਿਹਾ ਹੈ। ਜਨਤਕ ਆਗੂਆਂ ਵਿੱਚ ਸ਼ਾਮਲ ਕਿਰਤੀ ਕਿਸਾਨ ਯੂਨੀਅਨ ਦੇ ਤਹਿਸੀਲ ਪ੍ਰਧਾਨ ਰਜਿੰਦਰ ਸਿੰਘ ਮੰਡ ਨੇ ਕਿਹਾ ਕਿ ਬੇਸ਼ੱਕ ਕਾਂਗਰਸ ਸੱਤਾ ਗੁਆ ਚੁੱਕੀ ਹੈ ਪਰ ਅੱਜ ਵੀ ਅਸਰ ਰਸੂਖ ਰੱਖਣ ਵਾਲੇ ਕਾਂਗਰਸੀ ਸਰਪੰਚ ਦੀ ਪ੍ਰਸ਼ਾਸਨ ਵਿਚ ਤੂਤੀ ਬੋਲਦੀ ਹੈ। ਉਨ੍ਹਾ ਨੇ ਮਹਿਤਪੁਰ ਥਾਣੇ ਦੇ ਨਵੇਂ ਆਏ ਐਸ ਐਚ ਓ ਤੋਂ ਮੰਗ ਕੀਤੀ ਕਿ ਜਿਹੜਾ ਸਰਪੰਚ ਅੱਜ ਥਾਣੇ ਵਿੱਚ ਜ਼ਮੀਨ ਦੀ ਮਾਲਕੀ ਸੰਬੰਧੀ ਕੋਈ ਸਬੂਤ ਨਹੀਂ ਪੇਸ਼ ਕਰ ਸਕਿਆ, ਉਸ ਦੇ ਵਿਰੁੱਧ ਪਰਚਾ ਦਰਜ ਕਰਕੇ ਫੌਰੀ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾ ਤਹਿਸੀਲ ਪ੍ਰਸ਼ਾਸਨ ਦੀ ਵੀ ਸਖਤ ਨਿਖੇਧੀ ਕਰਦਿਆਂ ਕਿਹਾ ਕਿ ਅਧਿਕਾਰੀਆਂ ਵੱਲੋਂ ਜਾਣਬੁੱਝ ਕੇ ਨਿਸ਼ਾਨਦੇਹੀ ਕਈ ਮਹੀਨਿਆਂ ਤੋਂ ਇਸ ਕਰਕੇ ਲਟਕਾਈ ਜਾ ਰਹੀ ਹੈ ਤਾਂ ਕਿ ਅਸਰ ਰਸੂਖ ਰੱਖਣ ਵਾਲੇ ਸਰਪੰਚ ਨੂੰ ਲਾਭ ਪਹੁੰਚਾਇਆ ਜਾ ਸਕੇ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਆਗੂਆਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਦਲਜੀਤ ਸਿੰਘ ਕਾਹਲੋਂ ਅਤੇ ਸੱਤਾਧਾਰੀ ਪਾਰਟੀ ਦੇ ਆਗੂ ਸੁਖਵਿੰਦਰ ਸਿੰਘ, ਲੰਬੜਦਾਰ ਸਤੀਸ਼ ਕੁਮਾਰ ਤੋਂ ਇਲਾਵਾ ਅਮਰ ਸਿੰਘ ਮਾਨ, ਤਰਨਜੀਤ, ਰਤਨ ਸਿੰਘ, ਬਹਾਦਰ ਸਿੰਘ ਸ਼ਾਮਪੁਰੀਆ, ਹਰਦੇਵ ਸਿੰਘ, ਸੰਦੀਪ ਕੁਮਾਰ ਪੰਚ ਆਦਿ ਸ਼ਾਮਲ ਸਨ। ਇਸ ਸੰਬੰਧੀ ਸਰਪੰਚ ਉਧੋਵਾਲ ਮਨਪ੍ਰੀਤ ਸਿੰਘ ਰਾਜੂ ਨਾਲ ਫੋਨ 'ਤੇ ਸੰਪਰਕ ਕਰਨ 'ਤੇ ਉਨ੍ਹਾ ਆਪਣਾ ਪੱਖ ਰੱਖਦਿਆਂ ਕਿਹਾ ਕਿ ਮੇਰੇ 'ਤੇ ਜੋ ਵੀ ਦੋਸ਼ ਉਪਰੋਕਤ ਧਿਰ ਵੱਲੋਂ ਲਗਾਏ ਗਏ ਹਨ, ਬਿਲਕੁੱਲ ਝੂਠੇ ਤੇ ਬੇਬੁਨਿਆਦ ਹਨ। ਹਕੀਕਤ ਇਹ ਹੈ ਕਿ ਅਸੀਂ ਕੁਝ ਰਕਬਾ ਇਨ੍ਹਾਂ ਦੇ ਬਜ਼ੁਰਗਾਂ ਤੋਂ ਮੁੱਲ ਲਿਆ ਸੀ ਤੇ ਅਸੀਂ ਆਪਣੀ ਨਿਸ਼ਾਨਦੇਹੀ ਕਰਵਾ ਕੇ ਆਪਣੀ ਹੀ ਜਗ੍ਹਾ ਵਿੱਚ ਸ਼ੈਡ ਲਗਵਾਇਆ ਹੈ। ਜੇਕਰ ਮੇਰੇ ਐਨ ਆਰ ਆਈ ਵੱਡੇ ਵੀਰ ਨੂੰ ਕੋਈ ਗਲਤਫ਼ਹਿਮੀ ਹੋਈ ਹੈ ਤਾਂ ਉਹ ਆਪਣੀ ਨਿਸ਼ਾਨਦੇਹੀ ਕਰਵਾ ਲੈਣ। ਜੇਕਰ ਮੇਰੇ ਵੱਲ ਉਨ੍ਹਾਂ ਦੀ ਜ਼ਮੀਨ ਦਾ ਥੋੜ੍ਹਾ ਜਾਂ ਜ਼ਿਆਦਾ ਹਿੱਸਾ ਨਿਕਲਦਾ ਹੋਇਆ ਤਾਂ ਮੈਂ ਬਿਨਾਂ ਕਿੰਤੂ ਕੀਤਿਆਂ ਬੇਝਿਜਕ ਦੇਣ ਨੂੰ ਤਿਆਰ ਹਾਂ।

## ਖ਼ੂਨਦਾਨ ਅਤੇ ਨੇਤਰਦਾਨ ਨਾਲ ਜੁੜੇ ਪਰਵਾਰ ਇਨਸਾਨੀਅਤ ਦੇ ਮਸੀਹਾ : ਪ੍ਰੋਫ਼ੈਸਰ ਸੁਨੇਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਕਈ ਵਾਰ ਹਸਪਤਾਲ ਵਿੱਚ ਦਾਖ਼ਲ ਵਿਅਕਤੀ ਲਈ ਖ਼ੂਨ ਦੀ ਲੋੜ ਪੈਣ 'ਤੇ ਸਵੈਇੱਛਾ ਨਾਲ ਖ਼ੂਨ ਦਾਨ ਕਰਨ ਵਾਲੇ ਜਿਨ੍ਹਾਂ ਦਾ ਮਰੀਜ਼ ਨਾਲ ਕੋਈ ਰਿਸ਼ਤਾ ਨਹੀਂ ਹੁੰਦਾ ਇਕ ਮਸੀਹਾ ਬਣ ਕੇ ਆਪਣਾ ਖ਼ੂਨ ਦਾਨ ਕਰਕੇ ਲੋੜਵੰਦ ਦੀ ਜ਼ਿੰਦਗੀ ਨੂੰ ਬਚਾਉਣ ਲਈ ਇਨਸਾਨੀਅਤ ਨਾਤੇ ਆਪਣਾ ਖ਼ੂਨ ਦਾਨ ਕਰਦੇ ਹਨ। ਹੁਸ਼ਿਆਰਪੁਰ ਦੇ ਜਤਿੰਦਰ ਜੈਨ ਅਤੇ ਉਨ੍ਹਾ ਦੀ ਧਰਮ ਪਤਨੀ ਕੁਸਮ ਲਤਾ ਜੈਨ ਵੱਲੋਂ ਮਾਨਵਤਾ ਦੀ ਸੇਵਾ ਹਿੱਤ ਨੇਤਰ ਦਾਨ ਐਸੋਸੀਏਸ਼ਨ ਦੇ ਦਫ਼ਤਰ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਆ ਕੇ ਆਪਣਾ ਸਰੀਰ ਦਾਨ ਕਰਨ ਦਾ ਐਲਾਨ ਕੀਤਾ। ਇਸ ਮੌਕੇ ਜੈਨ ਪਰਵਾਰ ਦੀਆਂ ਤਿੰਨ ਪੀੜ੍ਹੀਆਂ ਨੇ ਹਾਜ਼ਰ ਹੋ ਕੇ ਮਾਨਵਤਾ ਦੀ ਸੇਵਾ ਲਈ ਮਿਸਾਲ ਕਾਇਮ ਕੀਤੀ ਅਤੇ ਆਪਣੇ ਵੱਡਿਆਂ ਵੱਲੋਂ ਪਾਏ ਪੂਰਨਿਆਂ 'ਤੇ ਚੱਲਣ ਦਾ ਪ੍ਰਣ ਕੀਤਾ। ਨਵਲ ਜੈਨ, ਜੋਤੀ ਜੈਨ, ਨੀਰਜ ਜੈਨ, ਜੋਤਸਨਾ ਜੈਨ, ਰੁਚੀ ਜੈਨ, ਪਲਕ ਜੈਨ, ਅਰਵਿੰਦ ਜੈਨ, ਰੀਤੂ ਜੈਨ, ਰਿਸ਼ਮ ਜੈਨ, ਸੁਦੇਸ਼ ਜੈਨ, ਕਰਤੱਵਿਆ ਜੈਨ, ਕਰਿਤੱਗਿਆ ਜੈਨ ਹਾਜ਼ਰ ਸਨ। ਇਸ ਮਹਾਨ ਸੇਵਾ ਲਈ ਡਾ. ਬਲਵਿੰਦਰ ਕੁਮਾਰ ਸਿਵਲ ਸਰਜਨ ਹੁਸ਼ਿਆਰਪੁਰ, ਡਾ. ਪਵਨ ਕੁਮਾਰ, ਨੇਤਰਦਾਨ ਐਸੋਸੀਏਸ਼ਨ ਦੇ ਸੁਰੇਸ਼ ਕਪਾਟੀਆ, ਬਲਜੀਤ ਸਿੰਘ ਪਨੇਸਰ, ਤ੍ਰਿਪਤਾ ਦੇਵੀ, ਰਮਨਦੀਪ ਕੌਰ, ਗੁਰਪ੍ਰੀਤ ਸਿੰਘ, ਸੰਤੋਸ਼ ਸੈਣੀ, ਡਾ. ਗੁਰਬਖ਼ਸ਼ ਸਿੰਘ, ਰੋਟਰੀ ਕਲੱਬ ਦੇ ਮਨੋਜ ਓਹਰੀ, ਜਗਮੀਤ ਸਿੰਘ ਸੇਠੀ ਅਤੇ ਪ੍ਰੋਫ਼ੈਸਰ ਬਹਾਦਰ ਸਿੰਘ ਸੁਨੇਤ ਵੱਲੋਂ ਜਿਥੇ ਸਰੀਰ ਦਾਨੀ ਜੋੜੇ ਨੂੰ ਸਨਮਾਨਤ ਕੀਤਾ ਉਥੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੀ ਜੈਨ ਪਰਵਾਰ ਵਾਂਗ ਮਾਨਵਤਾ ਦੀ ਸੇਵਾ ਦੇ ਕਾਰਜਾਂ ਨੂੰ ਆਪਣੇ ਪਰਵਾਰਾਂ ਦੀਆਂ ਪ੍ਰੰਪਰਾਵਾਂ ਦਾ ਹਿੱਸਾ ਬਣਾਇਆ ਜਾਵੇ।

## ਬਾਬਾ ਵਿਸ਼ਵਕਰਮਾ ਮੋਟਰਸਾਈਕਲ ਯੂਨੀਅਨ ਦੀ ਮੀਟਿੰਗ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ ,ਉਂਕਾਰ ਸਿੰਘ )**- ਬਾਬਾ ਵਿਸ਼ਵਕਰਮਾ ਮੋਟਰਸਾਈਕਲ ਯੂਨੀਅਨ ਟਾਂਡਾ ਦੀ ਇੱਕ ਵਿਸ਼ੇਸ਼ ਮੀਟਿੰਗ ਬਾਬਾ ਵਿਸ਼ਵਕਰਮਾ ਮੰਦਰ ਟਾਂਡਾ ਵਿਖੇ ਹੋਈ। ਯੂਨੀਅਨ ਦੇ ਪ੍ਰਧਾਨ ਓਂਕਾਰ ਸਿੰਘ ਰਾਜਾ ਦੀ ਅਗਵਾਈ ਵਿਚ ਹੋਈ ਇਸ ਮੀਟਿੰਗ ਦੌਰਾਨ ਸ਼ਹਿਰ ਦੇ ਸਮੂਹ ਮੋਟਰਸਾਈਕਲ ਮਕੈਨਿਕ ਤੇ ਸਪੇਅਰਪਾਰਟਸ ਦੇ ਦੁਕਾਨਦਾਰਾਂ ਨੇ ਭਾਗ ਲਿਆ। ਇਸ ਮੌਕੇ ਮੋਟਰਸਾਈਕਲ ਮਕੈਨਿਕ ਦੁਕਾਨਦਾਰ ਅਤੇ ਸਪੇਅਰ ਪਾਰਟਸ ਵਾਲਿਆਂ ਨੂੰ ਦਰਪੇਸ਼ ਮੁਸ਼ਕਲਾਂ ਸੰਬੰਧੀ ਵਿਚਾਰ ਵਟਾਂਦਰਾ ਵੀ ਕੀਤਾ ਗਿਆ। ਪ੍ਰਧਾਨ ਓਂਕਾਰ ਸਿੰਘ ਰਾਜਾ ਨੇ ਇਸ ਮੌਕੇ ਦੱਸਿਆ ਕਿ ਟਾਂਡਾ ਸ਼ਹਿਰ ਦੀਆਂ ਸਾਰੀਆਂ ਮੋਟਰਸਾਈਕਲ, ਸਕੂਟਰ ਰਿਪੇਅਰ ਦੁਕਾਨਾਂ, ਸਕੂਟਰ ਮੋਟਰਸਾਈਕਲ ਸਪੇਅਰ ਪਾਰਟਸ ਦੀਆਂ ਗਰਮੀ ਦੇ ਮੱਦੇਨਜ਼ਰ 29,30 ਜੂਨ ਤੇ 1 ਜੁਲਾਈ ਨੂੰ ਬੰਦ ਰਹਿਣਗੀਆਂ। ਉਨ੍ਹਾਂ ਦੱਸਿਆ ਕਿ ਗਰਮੀਆਂ ਦੀਆਂ ਛੁੱਟੀਆਂ ਚੱਲ ਰਹੀਆਂ ਹਨ, ਇਸ ਲਈ ਹਰ ਸਾਲ ਦੀ ਤਰਾਂ ਇਸ ਸਾਲ ਵੀ ਯੂਨੀਅਨ ਵੱਲੋਂ ਫੈਸਲਾ ਕੀਤਾ ਗਿਆ ਕਿ ਮੋਟਰਸਾਈਕਲ ਸਕੂਟਰ ਰਿਪੇਅਰ ਦੀਆਂ ਦੁਕਾਨਾਂ, ਸਕੂਟਰ ਮੋਟਰਸਾਈਕਲ ਸਪੇਅਰ ਪਾਰਟਸ ਦੀਆਂ ਦੁਕਾਨਾਂ 3 ਦਿਨ ਬੰਦ ਰਹਿਣਗੀਆਂ। ਪ੍ਰਧਾਨ ਨੇ ਹੋਰ ਕਿਹਾ ਕਿ ਯੂਨੀਅਨ ਵੱਲੋਂ ਇਹ ਫੈਸਲਾ ਸਮੂਹ ਮੋਟਰਸਾਈਕਲ ਰਿਪੇਅਰ ਦੁਕਾਨਦਾਰਾਂ ਦੀ ਸਹਿਮਤੀ ਨਾਲ ਲਿਆ ਗਿਆ ਹੈ। ਇਸ ਮੌਕੇ ਰਣਜੀਤ ਗਣਪਤੀ, ਪ੍ਰਵੀਨ ਕੁਮਾਰ, ਰਾਜੀਵ ਸ਼ਰਮਾ, ਕੁਲਵਿੰਦਰ ਸਿੰਘ ਲਾਡੀ, ਉਕਾਰ ਸਿੰਘ ਰਾਣਾ, ਬਘੇਲ ਸਿੰਘ,ਪ੍ਰਵੀਨ ਜੋਸ਼ੀ, ਉਂਕਾਰ ਸਿੰਘ ਰਾਣਾ ਹਾਜ਼ਰ ਸਨ।

## 120 ਗ੍ਰਾਮ ਨਸ਼ੀਲੇ ਪਦਾਰਥ ਸਮੇਤ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਸਰਤਾਜ ਸਿੰਘ ਚਾਹਲ ਆਈ ਪੀ ਐਸ ਸੀਨੀਅਰ ਪੁਲਸ ਕਪਤਾਨ ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਨਸ਼ਾ ਤਸਕਰਾਂ ਖਿਲਾਫ ਚਲਾਈ ਮੁਹਿੰਮ ਤਹਿਤ ਸਰਬਜੀਤ ਸਿੰਘ ਬਾਹੀਆ ਐਸ ਪੀ ਇਨਵੈਸਟੀਗੇਸ਼ਨ ਦੀ ਨਿਗਰਾਨੀ ਹੇਠ ਅਤੇ ਦਲਜੀਤ ਸਿੰਘ ਖੱਖ ਉਪ-ਕਪਤਾਨ ਪੁਲਸ ਸਬ-ਡਵੀਜ਼ਨ ਗੜ੍ਹਸ਼ੰਕਰ ਦੀ ਯੋਗ ਰਹਿਨੁਮਾਈ ਹੇਠ ਇੰਸਪੈਕਟਰ ਜਸਵੀਰ ਸਿੰਘ ਮੁੱਖ ਅਫਸਰ, ਥਾਣਾ ਚੱਬੇਵਾਲ ਹੁਸ਼ਿਆਰਪੁਰ ਦੀ ਟੀਮ ਨੂੰ ਉਸ ਸਮੇਂ ਵੱਡੀ ਕਾਮਯਾਬੀ ਮਿਲੀ, ਜਦੋਂ ਐਸ ਆਈ ਗੁਰਨਾਮ ਸਿੰਘ ਪੁਲਸ ਪਾਰਟੀ ਸਮੇਤ ਰਾਜਨੀ ਮਾਤਾ ਲਿੰਕ ਰੋਡ ਨੇੜੇ ਆਕਸਫੋਰਡ ਸਕੂਲ ਪੁੱਜੀ ਤਾਂ ਸਾਹਮਣੇ ਤੋਂ ਹਰਦੀਪ ਸਿੰਘ ਪੁੱਤਰ ਲੇਟ ਗੁਰਦੇਵ ਸਿੰਘ ਵਾਸੀ ਪਿੰਡ ਜਡੋਲੀ (ਝੁੱਗੀਆਂ) ਥਾਣਾ ਚੱਬੇਵਾਲ ਹੁਸ਼ਿਆਰਪੁਰ ਪੈਦਲ ਆਉਂਦਾ ਦਿਖਾਈ ਦਿੱਤਾ। ਜਿਸ ਨੂੰ ਸ਼ੱਕ ਦੀ ਬਿਨਾ 'ਤੇ ਕਾਬੂ ਕਰਕੇ ਉਸ ਕੋਲੋਂ 120 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਕੀਤਾ। ਜਿਸ 'ਤੇ ਉਕਤ ਵਿਅਕਤੀ ਖਿਲਾਫ ਮੁੱਕਦਮਾ ਥਾਣਾ ਚੱਬੇਵਾਲ ਹੁਸ਼ਿਆਰਪੁਰ ਵਿਖੇ ਦਰਜ ਰਜਿਸਟਰ ਕੀਤਾ ਗਿਆ।

## ਪੱਤਰਕਾਰ ਸੰਘ ਦੀ ਚੋਣ 'ਚ ਗਗਨ ਅਤੇ ਅਮਨਦੀਪ ਬਿਨਾਂ ਮੁਕਾਬਲਾ ਜੇਤੂ



**ਖਰੜ : (ਹਰਨਾਮ ਸਿੰਘ ਡੱਲਾ)**-ਸਥਾਨਕ ਸ਼ਹਿਰ ਦੇ ਪੱਤਰਕਾਰ ਭਾਈਚਾਰੇ ਦੀ ਹਰਮਨ ਪਿਆਰੀ ਜਥੇਬੰਦੀ ਪੱਤਰਕਾਰ ਸੰਘ ਖਰੜ ਦੀ ਸਾਲ 2023-24 ਦੀ ਚੋਣ ਵੀ ਸਰਬ ਸੰਮਤੀ ਵਾਂਗ ਦੀ ਨੇਪਰੇ ਚੜ੍ਹ ਗਈ। ਇਸ ਚੋਣ ਪ੍ਰਕਿਰਿਆ ਲਈ ਪਿਛਲੇ ਦਿਨੀਂ ਸੀਨੀਅਰ ਪੱਤਰਕਾਰ ਤਰਸੇਮ ਸਿੰਘ ਜੰਡਪੁਰੀ ਅਤੇ ਗੁਰਮੁਖ ਸਿੰਘ ਮਾਨ ਨੂੰ ਆਮ ਇਕੱਤਰਤਾ ਵਿੱਚ ਚੋਣ ਅਬਜ਼ਰਵਰ ਨਿਯੁਕਤ ਕੀਤਾ ਗਿਆ ਸੀ। ਜਿਨ੍ਹਾਂ ਵੱਲੋਂ ਮਿਤੀ 17 ਜੂਨ ਦਿਨੇ 2.00 ਵਜੇ ਤੱਕ ਪ੍ਰਧਾਨ ਅਤੇ ਜਨਰਲ ਸਕੱਤਰ ਦੇ ਅਹੁਦਿਆਂ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਲਈ ਦਰਖਾਸਤਾਂ ਦੀ ਮੰਗ ਕੀਤੀ ਗਈ ਸੀ ਅਤੇ 18 ਜੂਨ ਨੂੰ ਚੋਣ ਤਾਰੀਖ ਨਿਯਤ ਕੀਤੀ ਗਈ ਸੀ। ਜਿਸ ਦੇ ਚੱਲਦਿਆਂ ਨਵੇਂ ਸਾਲ ਦੀ ਜ਼ਿੰਮੇਵਾਰੀ ਲਈ ਗਗਨਦੀਪ ਸ਼ਰਮਾ ਨੇ ਪ੍ਰਧਾਨ ਅਤੇ ਅਮਨਦੀਪ ਸਿੰਘ ਸੋਨੀ ਵੱਲੋਂ ਜਨਰਲ ਸਕੱਤਰ ਲਈ ਨਾਮਜ਼ਦਗੀ ਪੱਤਰ ਭਰੇ ਸਨ। ਕਿਸੇ ਹੋਰ ਪੱਤਰਕਾਰ ਮੈਂਬਰ ਵੱਲੋਂ ਨਾਮਜ਼ਦਗੀ ਪੱਤਰ ਨਾ ਦਾਖਲ ਕੀਤੇ ਜਾਣ ਕਰਕੇ ਚੋਣ ਅਬਜ਼ਰਵਰਾਂ ਵੱਲੋਂ ਗਗਨਦੀਪ ਸ਼ਰਮਾ ਨੂੰ ਪ੍ਰਧਾਨਗੀ ਅਤੇ ਅਮਨਦੀਪ ਸਿੰਘ ਸੋਨੀ ਨੂੰ ਜਨਰਲ ਸਕੱਤਰ ਦੇ ਅਹੁਦਿਆਂ ਲਈ ਬਿਨਾਂ ਮੁਕਾਬਲਾ ਜੇਤੂ ਕਰਾਰ ਦਿੱਤਾ ਗਿਆ ਹੈ। ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਕਾਰਜਕਾਰੀ ਪ੍ਰਧਾਨ ਜੈ ਸਿੰਘ ਛਿੱਬਰ ਅਤੇ ਪਾਲ ਸਿੰਘ ਨੌਲੀ ਜਨਰਲ ਸਕੱਤਰ, ਬਿੰਦੂ ਸਿੰਘ, ਮੋਹਾਲੀ ਦੇ ਪ੍ਰਧਾਨ ਸਰਬਜੀਤ ਸਿੰਘ ਭੱਟੀ ਅਤੇ ਜਨਰਲ ਸਕੱਤਰ ਹਰਨਾਮ ਸਿੰਘ ਡੱਲਾ ਨੇ ਉਕਤ ਦੋਵੇਂ ਆਹੁਦੇਦਾਰਾਂ ਨੂੰ ਇਸ ਜਿੱਤ ਲਈ ਵਧਾਈ ਦਿੱਤੀ ਹੈ।

## ਮੱਕੀ ਦਾ ਕਿਸਾਨਾਂ ਨੂੰ ਨਹੀਂ ਮਿਲ ਰਿਹਾ 2090 ਰੁਪਏ ਦਾ ਨਿਰਧਾਰਤ ਰੇਟ : ਡਾ. ਥਿੰਦ

ਮਹਿਤਪੁਰ (ਰਾਜਾ) ਪੰਜਾਬ ਵਿੱਚ ਮੱਕੀ ਦਾ ਸੀਜ਼ਨ ਸ਼ੁਰੂ ਹੋ ਚੁੱਕਾ ਹੈ ਪਰ ਮੰਡੀਆਂ ਵਿੱਚ ਪ੍ਰਾਈਵੇਟ ਵਪਾਰੀਆਂ ਵੱਲੋਂ ਸਰਕਾਰੀ ਰੇਟ ਤੋਂ ਬਹੁਤ ਘੱਟ ਕੀਮਤ 'ਤੇ ਮੱਕੀ ਦੀ ਖਰੀਦ ਕਰਕੇ ਕਿਸਾਨਾਂ ਦੀ ਲੁੱਟ ਕੀਤੀ ਜਾ ਰਹੀ ਹੈ। ਭਾਰਤੀ ਜਨਤਾ ਪਾਰਟੀ ਹਲਕਾ ਸ਼ਾਹਕੋਟ ਦੇ ਇੰਚਾਰਜ ਅਤੇ ਸਟੇਟ ਐਗਜ਼ੈਕਟਿਵ ਮੈਂਬਰ ਡਾ. ਅਮਰਜੀਤ ਸਿੰਘ ਥਿੰਦ ਨੂੰ ਕਿਸਾਨ ਵੀਰਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਬੇਧਿਆਨੀ ਕਰਕੇ ਅਤੇ ਮੰਡੀਆਂ ਵਿੱਚ ਪੂਰਾ ਪ੍ਰਬੰਧ ਨਾ ਹੋਣ ਕਾਰਨ ਪ੍ਰਾਈਵੇਟ ਹੋ ਰਹੀ ਖਰੀਦ ਕਰਕੇ ਕਿਸਾਨਾਂ ਦੀ ਲੁੱਟ ਹੋ ਰਹੀ ਹੈ। ਡਾ. ਅਮਰਜੀਤ ਸਿੰਘ ਥਿੰਦ ਨੇ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੂੰ ਮੱਕੀ ਦੀ ਫਸਲ ਦੀ ਖਰੀਦ ਸਰਕਾਰੀ ਰੇਟ ਅਤੇ ਸਰਕਾਰੀ ਏਜੰਸੀਆਂ ਤੋਂ ਕਰਵਾਏ ਤਾਂ ਜੋ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦਾ ਪੂਰਾ ਮੁੱਲ ਮਿਲ ਸਕੇ । ਡਾ. ਥਿੰਦ ਨੇ ਇਹ ਵੀ ਕਿਹਾ ਕਿ ਹੁਣ ਤੱਕ ਜਿੰਨੀ ਵੀ ਮੱਕੀ ਹੁਣ ਤੱਕ ਪ੍ਰਾਈਵੇਟ ਵਪਾਰੀਆਂ ਵੱਲੋਂ ਘੱਟ ਕੀਮਤ 'ਤੇ ਖਰੀਦੀ ਗਈ ਹੈ ਉਸ ਦੀ ਭਰਪਾਈ ਵੀ ਪੰਜਾਬ ਸਰਕਾਰ ਵੱਲੋਂ ਕੀਤੀ ਜਾਵੇ। ਡਾ. ਥਿੰਦ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੇ ਵਾਅਦੇ ਅਨੁਸਾਰ ਪੰਜਾਬ ਦੀਆਂ ਸਰਕਾਰੀ ਏਜੰਸੀਆਂ ਮੱਕੀ 'ਤੇ ਘੱਟੋ ਘੱਟ ਸਮਰਥਨ ਮੁੱਲ 2090 ਰੁਪਏ ਪ੍ਰਤੀ ਕੁਇੰਟਲ ਦੀ ਦਰ 'ਤੇ ਖਰੀਦ ਕਰਨ ਤਾਂ ਜੋ ਕਿਸਾਨਾਂ ਨੂੰ ਘੱਟ ਰੇਟ 'ਤੇ ਜਿਣਸ ਵੇਚਣ ਤੋਂ ਬਚਾਇਆ ਜਾ ਸਕੇ। ਉਨ੍ਹਾਂ ਨੇ ਮੰਗ ਕੀਤੀ ਕਿ ਮੱਕੀ ਦੀ ਸਮੁੱਚੀ ਫਸਲ ਤੁਰੰਤ ਐਮ ਐਸ ਪੀ 'ਤੇ ਖਰੀਦੀ ਜਾਵੇ ਅਤੇ ਕਿਹਾ ਕਿ ਅਜਿਹਾ ਕਰਨ ਵਿਚ ਸਰਕਾਰ ਦੇ ਅਸਫਲ ਰਹਿਣ ਕਾਰਨ ਪੰਜਾਬ ਸਰਕਾਰ ਦੇ ਫਸਲੀ ਵਿਭਿੰਨਤਾ ਦੇ ਯਤਨਾਂ ਨੂੰ ਡੂੰਘੀ ਸੱਟ ਵੱਜੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਐਲਾਨ ਕੀਤਾ ਸੀ ਕਿ ਮੱਕੀ, ਸੂਰਜਮੁਖੀ ਅਤੇ ਦਾਲਾਂ ਦੀ ਖਰੀਦ ਐਮ ਐਸ ਪੀ 'ਤੇ ਕੀਤੀ ਜਾਵੇਗੀ ਜਿਸ ਮਗਰੋਂ ਕਿਸਾਨਾਂ ਨੇ ਇਨ੍ਹਾਂ ਫਸਲਾਂ ਅਧੀਨ ਰਕਬਾ ਵਧਾ ਦਿੱਤਾ। ਉਨ੍ਹਾਂ ਕਿਹਾ ਕਿ ਹੁਣ ਜਦੋਂ ਜਿਣਸ ਖਰੀਦਣ ਦਾ ਵੇਲਾ ਆਇਆ ਹੈ ਤਾਂ ਆਪ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ।

## 1,50,000 ਲੀਟਰ ਨਜਾਇਜ਼ ਸ਼ਰਾਬ ਸਮੇਤ ਇੱਕ ਵਿਅਕਤੀ ਕਾਬੂ

**ਬਿਲਗਾ (ਵਿਜੇ ਕੁਮਾਰ)**-ਬਿਲਗਾ ਪੁਲਸ ਨੂੰ ਉਸ ਵੇਲੇ ਵੱਡੀ ਸਫਲਤਾ ਹਾਸਲ ਹੋਈ ਜਦ ਇਕ ਵਿਅਕਤੀ ਨੂੰ ਨਜਾਇਜ਼ ਸ਼ਰਾਬ 200 ਬੋਤਲਾਂ ਕੁੱਲ ਵਜ਼ਨੀ 1,50,000 ਮਿ. ਲੀਟਰ ਅਤੇ ਸਕੂਟਰੀ ਬਿਨਾਂ ਨੰਬਰੀ ਸਮੇਤ ਗ੍ਰਿਫਤਾਰ ਕੀਤਾ। ਮੁੱਖ ਅਫਸਰ ਥਾਣਾ ਬਿਲਗਾ ਦੇ ਸਬ ਇੰਸਪੈਕਟਰ ਮਹਿੰਦਰ ਪਾਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਏ ਐਸ ਆਈ ਦਰਬਾਰਾ ਸਿੰਘ ਸਮੇਤ ਪੁਲਸ ਪਾਰਟੀ ਐਕਸਾਈਜ਼ ਪਾਰਟੀ ਨਰਿੰਦਰ ਸਿੰਘ ਅਤੇ ਰਣਜੀਤ ਸਿੰਘ ਪਿੰਡ ਪੁਆਦੜਾ ਤੋਂ ਹੁੰਦੇ ਹੋਏ ਪਿੰਡ ਤਲਵਣ ਨੂੰ ਜਾ ਰਹੇ ਸੀ। ਜਦ ਪੁਲਸ ਪਾਰਟੀ ਪਿੰਡ ਤਲਵਣ ਨੇੜੇ ਬਣ ਰਹੇ ਨੈਸ਼ਨਲ ਹਾਈਵੇ ਬਰਿੱਜ ਕੋਲ ਪੁੱਜੀ ਤਾਂ ਸਾਹਮਣੇ ਤੋਂ ਬਿਨਾਂ ਨੰਬਰੀ ਸਕੂਟਰੀ 'ਤੇ ਸਵਾਰ ਹੋ ਕੇ ਆ ਰਹੇ ਵਿਕਰਮ ਰਾਮ ਉਰਫ ਵਿੱਕੀ ਪੁੱਤਰ ਦਾਰਾ ਰਾਮ ਵਾਸੀ ਮੁਹੱਲਾ ਚੌਧਰੀਆਂ ਗੜ੍ਹਾ ਰੋਡ ਫਿਲੌਰ ਥਾਣਾ ਫਿਲੌਰ, ਜਲੰਧਰ ਨੂੰ ਸਮੇਤ ਦੋ ਬੋਰਾ ਪਲਾਸਟਿਕ ਹਰੇਕ ਬੋਰਾ ਪਲਾਸਟਿਕ ਵਿਚ 1/1 ਟਿਊਬ ਬਰਾਮਦ ਹੋਈ। ਦੋਨਾਂ ਟਿਊਬਾਂ ਨੂੰ ਵਾਰੀ ਵਾਰੀ ਖੋਲ੍ਹ ਕੇ ਚੈਕ ਕੀਤਾ ਤਾਂ ਨਜਾਇਜ਼ ਸ਼ਰਾਬ ਬਰਾਮਦ ਹੋਈ। ਹਰੇਕ ਟਿਊਬ ਰਬੜ ਵਿੱਚੋਂ 100/100 ਬੋਤਲ ਹਰੇਕ ਵਜ਼ਨੀ 750 ਐਮ ਐਲ/750 ਐਮ ਐਲ ਕੁੱਲ ਸ਼ਰਾਬ ਨਜਾਇਜ਼ 1,50,000 ਐਮ ਐਲ ਬਰਾਮਦ ਹੋਈ ਜਿਸ 'ਤੇ ਮੁੱਕਦਮਾ ਉਕਤ ਦਰਜ ਰਜਿਸਟਰ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਦੌਰਾਨੇ ਤਫਤੀਸ਼ ਵਿਕਰਮ ਰਾਮ ਉਰਫ ਵਿੱਕੀ ਨੂੰ ਗ੍ਰਿਫਤਾਰ ਕੀਤਾ ਗਿਆ, ਜਿਸ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਹ ਇਹ ਸ਼ਰਾਬ ਸ਼ਿੰਦਰ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਬੁਰਜ ਹਸਨ ਹਾਲ ਵਾਸੀ ਪਿੰਡ ਭੋਡੇ ਥਾਣਾ ਬਿਲਗਾ ਪਾਸੋਂ ਖਰੀਦ ਕੇ ਵੇਚਣ ਵਾਸਤੇ ਲੈ ਕੇ ਆਇਆ ਸੀ ਜਿਸ 'ਤੇ ਮੁੱਕਦਮਾ 'ਚ ਸ਼ਿੰਦਰ ਸਿੰਘ ਵਾਸੀ ਪਿੰਡ ਬੁਰਜ ਹਸਨ ਹਾਲ ਵਾਸੀ ਪਿੰਡ ਭੋਡੇ ਥਾਣਾ ਬਿਲਗਾ ਜ਼ਿਲ੍ਹਾ ਜਲੰਧਰ ਨੂੰ ਨਾਮਜ਼ਦ ਕੀਤਾ ਗਿਆ ਹੈ। ਜਿਸ ਨੂੰ ਜਲਦ ਗ੍ਰਿਫਤਾਰ ਕਰ ਲਿਆ ਜਾਵੇਗਾ।



## ਬੇਲਾ ਕਾਲਜ ਦੇ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਸ਼ਾਨਦਾਰ ਪ੍ਰੋਗਰਾਮ




**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦੇ ਬਾਇਓਟੈਕਨਾਲੋਜੀ ਅਤੇ ਫੂਡ ਪ੍ਰੋਸੈਸਿੰਗ ਵਿਭਾਗ ਨੇ ਇੱਕ ਅਭੁੱਲ ਵਿਦਾਇਗੀ ਸਮਾਗਮ ਦਾ ਆਯੋਜਨ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਗਤ ਸਿੰਘ ਲੌਂਗੀਆਂ ਦੁਆਰਾ ਕੇਕ ਕੱਟ ਸੈਰੇਮਨੀ ਨਾਲ ਹੋਈ। ਕਾਲਜ ਪ੍ਰਬੰਧਕ ਕਮੇਟੀ ਦੇ ਸਕੱਤਰ ਜਗਵਿੰਦਰ ਸਿੰਘ ਪੰਮੀ ਅਤੇ ਮੈਨੇਜਰ ਸੁਖਵਿੰਦਰ ਸਿੰਘ ਵਿਸਕੀ ਅਤੇ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਸਮਾਗਮ ਦੀ ਮੁੱਖ ਵਿਸ਼ੇਸ਼ਤਾ ਵਿੱਚ ਮਿਸਟਰ ਵਿਦਾਇਗੀ ਦਾ ਤਾਜ ਵਿਪਨਦੀਪ ਸਿੰਘ (ਐਮ. ਵੋਕ ਫੂਡ ਪ੍ਰੋਸੈਸਿੰਗ ਦੂਜਾ ਸਾਲ) ਅਤੇ ਮਿਸ ਵਿਦਾਇਗੀ ਦਾ ਤਾਜ ਜਸਲੀਨ ਕੌਰ (ਬੀ ਐਸ ਸੀ ਆਨਰਜ਼ ਬਾਇਓਟੈਕਨਾਲੋਜੀ ਤੀਜਾ ਸਾਲ) ਨੇ ਹਾਸਲ ਕੀਤਾ। ਇਨ੍ਹਾਂ ਵਿਦਿਆਰਥੀਆਂ ਨੇ ਆਪਣੇ ਅਕਾਦਮਿਕ ਸਫ਼ਰ ਦੌਰਾਨ ਮਿਸਾਲੀ ਹੁਨਰ ਅਤੇ ਪ੍ਰਾਪਤੀਆਂ ਦਾ ਪ੍ਰਦਰਸ਼ਨ ਕੀਤਾ ਸੀ। ਅਕਾਦਮਿਕ ਕਾਰਗੁਜ਼ਾਰੀ, ਲੀਡਰਸ਼ਿਪ ਦੇ ਗੁਣਾਂ, ਪਾਠਕ੍ਰਮ ਤੋਂ ਬਾਹਰ ਦੀ ਸ਼ਮੂਲੀਅਤ ਅਤੇ ਵਿਭਾਗ ਵਿੱਚ ਸਮੁੱਚੇ ਯੋਗਦਾਨ ਦੇ ਸੁਮੇਲ ਦੇ ਆਧਾਰ 'ਤੇ ਵੱਖ ਵੱਖ ਖ਼ਿਤਾਬ ਦਿੱਤੇ ਗਏ। ਜ਼ਿਕਰਯੋਗ ਅਵਾਰਡਾਂ ਵਿੱਚ ਮਿਸ ਚਾਰਮਿੰਗ ਸਿਮਰਨਜੀਤ ਕੌਰ (ਐਮ.ਐਸ. ਸੀ. ਬਾਇਓਟੈਕਨਾਲੋਜੀ ਦੂਜਾ ਸਾਲ); ਮਿਸਟਰ ਹੈਂਡਸਮ ਪਰਦੀਪ ਸਿੰਘ (ਬੀ. ਵੋਕ ਫੂਡ ਪ੍ਰੋਸੈਸਿੰਗ ਤੀਜਾ ਸਾਲ), ਮਿਸ ਗੋਰਜੀਅਸ (ਨਵਪ੍ਰੀਤ ਕੌਰ ਐਮ. ਵੋਕ ਫੂਡ ਪ੍ਰੋਸੈਸਿੰਗ ਦੂਜਾ ਸਾਲ) ਮਿਸਟਰ ਪਰਫੈਕਟ ਰਣਵੀਰ ਸਿੰਘ (ਬੀਐਸਸੀ ਆਨਰ ਬਾਇਓਟੈਕਨਾਲੋਜੀ ਤੀਜਾ ਸਾਲ) ਸ਼ਾਮਲ ਹਨ। ਇਸ ਇਵੈਂਟ ਵਿੱਚ ਵਿਦਿਆਰਥੀਆਂ ਨੇ ਅਜੋਕੇ ਸੰਸਾਰ ਵਿੱਚ ਨੈਤਿਕ ਫੈਸ਼ਨ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ, ਟਿਕਾਊ ਅਤੇ ਵਾਤਾਵਰਣ-ਅਨੁਕੂਲ ਪਹਿਰਾਵੇ ਵਿੱਚ ਨਵੀਨਤਮ ਰੁਝਾਨਾਂ ਨੂੰ ਪਹਿਨ ਕੇ, ਭਰੋਸੇ ਨਾਲ ਰੈਂਪ ਵਾਕ ਕੀਤਾ। ਡਾ ਮਮਤਾ ਬਾਇਓਟੈਕਨਾਲੋਜੀ ਅਤੇ ਫੂਡ ਪ੍ਰੋਸੈਸਿੰਗ ਵਿਭਾਗ ਦੇ ਮੁਖੀ ਨੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ 'ਤੇ ਬਹੁਤ ਮਾਣ ਪ੍ਰਗਟ ਕੀਤਾ ਅਤੇ ਬੇਮਿਸਾਲ ਪ੍ਰਤਿਭਾ ਨੂੰ ਪਾਲਣ ਲਈ ਵਿਭਾਗ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਬਾਇਓਟੈਕਨਾਲੋਜੀ ਅਤੇ ਫੂਡ ਪ੍ਰੋਸੈਸਿੰਗ ਦੇ ਤੇਜ਼ੀ ਨਾਲ ਵਿਕਸਤ ਹੋ ਰਹੇ ਖੇਤਰਾਂ ਵਿੱਚ ਚੁਣੌਤੀਆਂ ਅਤੇ ਮੌਕਿਆਂ ਲਈ ਵਿਦਿਆਰਥੀਆਂ ਨੂੰ ਤਿਆਰ ਕਰਨ ਲਈ ਸਿਧਾਂਤਕ ਗਿਆਨ ਨੂੰ ਵਿਹਾਰਕ ਹੁਨਰ ਦੇ ਨਾਲ ਮਿਲਾਉਣ ਦੀ ਮਹੱਤਤਾ ਬਾਰੇ ਗੱਲ ਕੀਤੀ। ਇਸ ਮੌਕੇ ਅਸਿ. ਪ੍ਰੋ. ਮਨਪ੍ਰੀਤ ਕੌਰ, ਅਸਿ. ਪ੍ਰੋ. ਜਸਪ੍ਰੀਤ ਕੌਰ, ਡਾ. ਸੁਖਦੇਵ, ਅਸਿ. ਪ੍ਰੋ. ਨਵਜੋਤ, ਅਸਿ. ਪ੍ਰੋ. ਹਰਸ਼ਿਤਾ, ਅਸਿ. ਪ੍ਰੋ. ਅਮਨਜੋਤ ਕੌਰ ਅਤੇ ਸਰਬਜੀਤ ਕੌਰ ਹਾਜ਼ਰ ਸਨ।

## ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ

**ਫਿਲੌਰ (ਨਿਰਮਲ)**- ਡੀ.ਐਸ.ਪੀ ਫਿਲੌਰ ਜਗਦੀਸ਼ ਰਾਜ ਅਤੇ ਥਾਣਾ ਮੁਖੀ ਗੁਰਾਇਆ ਇੰਸਪੈਕਟਰ ਸੁਰਿੰਦਰ ਕੁਮਾਰ ਨੇ ਦੱਸਿਆ ਕਿ ਮੁਦੱਈ ਮੁਕੱਦਮਾ ਸੁਰਿੰਦਰ ਪੁੱਤਰ ਕੁਲਦੀਪ ਵਾਸੀ ਪਿੰਡ ਰੁੜਕਾ ਕਲਾਂ ਥਾਣਾ (ਗੁਰਾਇਆ) ਨੇ ਦੱਸਿਆ ਕਿ ਉਹ ਆਪਣੀ ਸਬਜ਼ੀ ਦੀ ਦੁਕਾਨ ਬੰਦ ਕਰਕੇ ਆਪਣਾ ਮੋਟਰਸਾਈਕਲ ਨੰਬਰੀ ਪੀ ਬੀ-08-ਏ ਜੇ-9173 ਮਾਰਕਾ ਸਪਲੈਂਡਰ ਰੰਗ ਕਾਲਾ ਆਪਣੇ ਬਗਲ ਅੰਦਰ ਖੜ੍ਹਾ ਕਰਕੇ ਬਗਲ ਦੇ ਗੇਟ ਨੂੰ ਅੰਦਰੋਂ ਜਿੰਦਰਾ ਲਗਾ ਕੇ ਆਪਣੇ ਪਰਵਾਰ ਸਮੇਤ ਰਾਤ ਸਮੇਂ ਸੌਂ ਗਿਆ ਸੀ ਤਾਂ ਸਵੇਰੇ ਕਰੀਬ 8 ਵਜੇ ਦੇਖਿਆ ਕਿ ਉਸ ਦਾ ਮੋਟਰਸਾਈਕਲ ਉੱਥੇ ਨਹੀਂ ਸੀ ਅਤੇ ਗੇਟ ਦਾ ਤਾਲਾ ਟੁੱਟਾ ਹੋਇਆ ਸੀ। ਉਸ ਨੇ ਘਰ ਦੇ ਆਸ-ਪਾਸ ਦੇਖਿਆ ਤਾਂ ਮੋਟਰਸਾਈਕਲ ਨਹੀਂ ਮਿਲਿਆ। ਉਸ ਨੂੰ ਪੂਰਾ ਯਕੀਨ ਹੈ ਕਿ ਉਸ ਦਾ ਮੋਟਰ ਸਾਈਕਲ ਅਵਤਾਰ ਸਿੰਘ ਉਰਫ਼ ਸੋਨੂੰ ਉਰਫ ਬਾਬਾ ਪੁੱਤਰ ਗੁਰਚਰਨ ਸਿੰਘ ਵਾਸੀ ਪੱਤੀ ਰਾਵਲ ਕੀ ਸਰਾਂ ਰੁੜਕਾ ਕਲਾਂ ਥਾਣਾ (ਗੁਰਾਇਆ) ਨੇ ਚੋਰੀ ਕੀਤਾ ਹੈ। ਜਿਸ 'ਤੇ ਏ.ਐਸ.ਆਈ ਹਰਜੀਤ ਸਿੰਘ ਚੌਕੀ ਰੁੜਕਾ ਕਲਾਂ ਥਾਣਾ ਗੁਰਾਇਆ ਵਿਖੇ ਕੇਸ ਦਰਜ ਕਰਕੇ ਮੁਢਲੀ ਤਫਤੀਸ਼ ਅਮਲ ਵਿੱਚ ਲਿਆਂਦੀ। ਦੌਰਾਨੇ ਤਫਤੀਸ਼ ਦੋਸ਼ੀ ਅਵਤਾਰ ਸਿੰਘ ਉਰਫ ਸੋਨੂੰ ਉਰਫ ਬਾਬਾ ਪੁੱਤਰ ਗੁਰਚਰਨ ਸਿੰਘ ਵਾਸੀ ਪੱਤੀ ਰਾਵਲ ਕੀ ਸਰਾਂ ਰੁੜਕਾ ਕਲਾਂ ਥਾਣਾ ਗੁਰਾਇਆ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਮੋਟਰਸਾਈਕਲ ਬਰਾਮਦ ਕੀਤਾ ਗਿਆ।

## ਵਾਲੀਬਾਲ ਤੇ ਬਾਸਕਟਬਾਲ ਦੇ ਮੁਕਾਬਲੇ ਕਰਵਾਏ

**ਕਪੂਰਥਲਾ ( ਰਾਵਿੰਦਰ ਸਿੰਘ)** ਐਸ.ਐਸ.ਪੀ ਕਪੂਰਥਲਾ ਰਾਜਪਾਲ ਸਿੰਘ ਸੰਧੂ ਨੇ ਪਿੰਡ ਖੀਰਾਂਵਾਲੀ ਵਿਖੇ ਸੱਜਣ ਸਿੰਘ ਚੀਮਾ (ਅਰਜਨ ਅਵਾਰਡੀ) ਅਤੇ ਇਲਾਕਾ ਨਿਵਾਸੀਆਂ ਦੇ ਸਾਂਝੇ ਉਪਰਾਲੇ ਨਾਲ ਵਾਲੀਬਾਲ ਅਤੇ ਬਾਸਕਟਬਾਲ ਦੇ ਮੁਕਾਬਲੇ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਖਿਡਾਰੀਆਂ ਦੀ ਹੌਸਲਾ ਅਫਜਾਈ ਕੀਤੀ ਗਈ। ਇਸ ਮੌਕੇ ਸੰਧੂ ਵੱਲੋਂ ਪਿੰਡ ਵਾਸੀਆਂ ਨੂੰ ਆਪਣੇ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਅਤੇ ਨਸ਼ੇ ਦੇ ਕੋੜ੍ਹ ਨੂੰ ਜੜ੍ਹੋਂ ਖਤਮ ਕਰਨ ਲਈ ਆਪਣਾ ਬਣਦਾ ਯੋਗਦਾਨ ਪਾਉਣ ਦੀ ਅਪੀਲੀ ਕੀਤੀ ਤਾਂ ਜੋ ਆਉਣ ਵਾਲੀ ਪੀੜ੍ਹੀ ਨੂੰ ਨਸ਼ਿਆ ਤੋਂ ਬਚਾਇਆ ਜਾ ਸਕੇ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦਾ ਜ਼ਿਲ੍ਹਾ ਚੋਣ ਡੈਲੀਗੇਟ ਅਜਲਾਸ

## ■ ਜਗਤਾਰ ਸਿੰਘ ਫੂਲ ਪ੍ਰਧਾਨ ਤੇ ਮਨਪ੍ਰੀਤ ਸਿੰਘ ਧਾਲੀਵਾਲ ਬਣੇ ਸਕੱਤਰ



**ਬਠਿੰਡਾ (ਪੱਤਰ ਪ੍ਰੇਰਕ)**

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਜ਼ਿਲ੍ਹਾ ਬਠਿੰਡਾ ਦਾ ਚੋਣ ਡੈਲੀਗੇਟ ਅਜਲਾਸ ਸੁੱਖ ਸਾਗਰ ਪੈਲੇਸ ਬਠਿੰਡਾ ਵਿਖੇ ਹੋਇਆ। ਜ਼ਿਲ੍ਹਾ ਪ੍ਰਧਾਨ ਮੇਵਾ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਹੋਏ ਅਜਲਾਸ ਵਿੱਚ ਜ਼ਿਲ੍ਹੇ ਦੇ 100 ਦੇ ਕਰੀਬ ਡੈਲੀਗੇਟਾਂ ਨੇ ਭਾਗ ਲਿਆ। ਅਜਲਾਸ ਵਿੱਚ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਵਿੱਤ ਸਕੱਤਰ ਐੱਚ. ਐੱਸ. ਰਾਣੂ, ਸੂਬਾ ਕਮੇਟੀ ਮੈਂਬਰ ਗੁਰਦੀਪ ਸਿੰਘ ਘੁੱਦਾ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਸੂਬਾਈ ਪ੍ਰਧਾਨ ਧੰਨਾ ਮੱਲ ਗੋਇਲ ਨੇ ਦੱਸਿਆ ਕਿ ਅਜਲਾਸ ਦੀ ਸ਼ੁਰੂਆਤ ਸੂਬਾ ਆਗੂਆਂ ਵੱਲੋਂ ਜਥੇਬੰਦੀ ਦਾ ਝੰਡਾ ਲਹਿਰਾ ਕੇ ਕੀਤੀ ਗਈ ਤੇ ਆਏ ਹੋਏ ਮਹਿਮਾਨਾਂ ਤੇ ਮੈਂਬਰ ਸਾਥੀਆਂ ਨੂੰ ਜੀ ਆਇਆਂ ਵੀ ਕਿਹਾ ਗਿਆ। ਪਿਛਲੇ ਸਮੇਂ ਦੌਰਾਨ ਵਿੱਛੜੇ ਸਾਥੀਆਂ ਤੇ ਪਰਿਵਾਰਕ ਮੈਂਬਰਾਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਵੀ ਭੇਟ ਕੀਤੀ ਗਈ। ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਵਿੱਤ ਸਕੱਤਰ ਐੱਚ ਐੱਸ ਰਾਣੂ ਨੇ ਕਿਹਾ ਕਿ ਮਾਨਸਾ ਵਿਖੇ ਪੰਜਾਬ ਸਰਕਾਰ ਵੱਲੋਂ ਕੀਤੀ ਗਈ ਕੈਬਨਿਟ ਕਮੇਟੀ ਮੀਟਿੰਗ ਦੌਰਾਨ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਨੂੰ ਮੈਡੀਕਲ ਪ੍ਰੈਕਟੀਸ਼ਨਰਾਂ ਦੀਆਂ ਮੰਗਾਂ ਸਬੰਧੀ ਮਿਲਣ ਦਾ ਫੈਸਲਾ ਕੀਤਾ ਸੀ, ਪ੍ਰੰਤੂ ਅਫਸੋਸ ਅਜਿਹਾ ਸੰਭਵ ਨਹੀਂ ਹੋ ਸਕਿਆ। ਸਾਫ ਸੁਥਰੀ ਪ੍ਰੈਕਟਿਸ 'ਤੇ ਜ਼ੋਰ ਦਿੰਦਿਆਂ ਨਸ਼ਾ ਤੇ ਭਰੂਣ ਹੱਤਿਆ ਵਰਗੀਆਂ ਸਮਾਜਿਕ ਅਲਾਮਤਾਂ ਖਿਲਾਫ ਲੋਕਾਂ ਨੂੰ ਜਾਗਰੂਕ ਕਰਨ ਲਈ ਸੈਮੀਨਾਰ ਤੇ ਨੁੱਕੜ ਮੀਟਿੰਗਾਂ ਕਰਵਾਉਣ 'ਤੇ ਜ਼ੋਰ ਦਿੰਦਿਆਂ ਪੰਜਾਬ ਸਰਕਾਰ ਤੋਂ ਨਸ਼ੇ ਦੇ ਸੌਦਾਗਰਾਂ ਤੇ ਭਰੂਣ ਹੱਤਿਆ ਕਰਨ ਵਾਲਿਆਂ ਲਈ ਸਖਤ ਸਜ਼ਾਵਾਂ ਦੀ ਮੰਗ ਵੀ ਕੀਤੀ ਗਈ। ਇਸ ਸਮੇਂ ਵੱਖ ਵੱਖ ਬੁਲਾਰਿਆਂ ਨੇ ਭਵਿੱਖ 'ਚ ਜਥੇਬੰਦੀ ਵੱਲੋਂ ਪਿੰਡਾਂ ਵਿੱਚ ਗ੍ਰਾਮ ਪੰਚਾਇਤਾਂ, ਸ਼ਹਿਰੀ ਖੇਤਰਾਂ 'ਚ ਨਗਰ ਕੌਂਸਲਾਂ ਤੇ ਕਾਰਪੋਰੇਸ਼ਨਾਂ ਤੋਂ ਅਣ-ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਮਾਨਤਾ ਦੇਣ ਦੀ ਮੰਗ ਸਬੰਧੀ ਮਤੇ ਪਵਾ ਕੇ ਪੰਜਾਬ ਸਰਕਾਰ ਨੂੰ ਭੇਜਣ ਦਾ ਐਲਾਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸਰਕਾਰ 'ਤੇ ਦਬਾਅ ਪਾਉਣ ਲਈ ਜਨਤਕ ਤੌਰ 'ਤੇ ਇੱਕ ਦਸਤਖਤੀ ਮੁਹਿੰਮ ਵੀ ਸ਼ੁਰੂ ਕੀਤੀ ਜਾਵੇਗੀ ਤਾਂ ਕਿ ਇਸ ਸੰਘਰਸ਼ ਨੂੰ ਹੇਠਲੇ ਪੱਧਰ 'ਤੇ ਲਿਜਾ ਕੇ ਇੱਕ ਲੋਕ ਲਹਿਰ ਖੜ੍ਹੀ ਕੀਤੀ ਜਾ ਸਕੇ। ਇਸ ਸਮੇਂ ਜ਼ਿਲ੍ਹਾ ਸਕੱਤਰ ਡਾਕਟਰ ਮਨਪ੍ਰੀਤ ਸਿੰਘ ਧਾਲੀਵਾਲ ਵੱਲੋਂ ਪਿਛਲੇ ਸਾਲ ਦੀਆਂ ਸਰਗਰਮੀਆਂ ਦੀ ਰਿਪੋਰਟ ਹਾਜ਼ਰ ਡੈਲੀਗੇਟਾਂ ਅੱਗੇ ਰੱਖੀ ਗਈ, ਜਿਸ ਨੂੰ ਵਾਚਣ ਉਪਰੰਤ ਸਰਬ ਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਇਸੇ ਤਰ੍ਹਾਂ ਹੀ ਵਿੱਤ ਸਕੱਤਰ ਖੁਸ਼ਵਿੰਦਰ ਸਿੰਘ ਮਾਨ ਨੇ ਪਿਛਲੇ ਸੈਸ਼ਨ ਦੀ ਵਿੱਤੀ ਰਿਪੋਰਟ ਵੀ ਪੇਸ਼ ਕੀਤੀ।

ਇਸ ਸਮੇਂ ਜ਼ਿਲ੍ਹਾ ਪ੍ਰਧਾਨ ਮੇਵਾ ਸਿੰਘ ਵੱਲੋਂ ਪ੍ਰਧਾਨਗੀ ਭਾਸ਼ਣ ਤੋਂ ਬਾਅਦ ਪਿਛਲੀ ਕਮੇਟੀ ਭੰਗ ਕਰਨ ਦਾ ਐਲਾਨ ਕੀਤਾ ਗਿਆ। ਇਸ ਤੋਂ ਬਾਅਦ ਨਿਗਰਾਨ ਕਮੇਟੀ ਵੱਲੋਂ ਕਰਵਾਈ ਗਈ ਚੋਣ ਦੌਰਾਨ ਸਰਬਸੰਮਤੀ ਨਾਲ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਫੂਲ, ਮਨਪ੍ਰੀਤ ਸਿੰਘ ਧਾਲੀਵਾਲ ਸਕੱਤਰ, ਚੇਅਰਮੈਨ ਮੇਵਾ ਸਿੰਘ ਬਰਾੜ, ਐੱਚ ਐੱਸ ਕੌਸ਼ਲ ਪ੍ਰੈੱਸ ਸਕੱਤਰ, ਖੁਸ਼ਵਿੰਦਰ ਮਾਨ ਤੋਂ ਇਲਾਵਾ ਕਾਰਜਕਾਰਨੀ ਦੀ ਚੋਣ ਵੀ ਕੀਤੀ ਗਈ। ਹਾਜ਼ਰ ਆਗੂਆਂ ਨੇ ਨਵੀਂ ਚੁਣੀ ਗਈ ਕਮੇਟੀ ਨੂੰ ਵਧਾਈ ਦਿੰਦਿਆਂ ਬਲਾਕ ਕਮੇਟੀ ਵੱਲੋਂ ਕੀਤੇ ਚੰਗੇ ਪ੍ਰਬੰਧਾਂ ਦੀ ਵੀ ਸ਼ਲਾਘਾ ਕੀਤੀ। ਅੰਤ ਵਿੱਚ ਨਵ-ਨਿਯੁਕਤ ਪ੍ਰਧਾਨ ਜਗਤਾਰ ਸਿੰਘ ਫੂਲ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਇਸ ਸਮੇਂ ਮਹਿਲਾ ਵਿੰਗ ਦੀ ਪ੍ਰਧਾਨ ਸਰਬਜੀਤ ਕੌਰ ਭੱਟੀ, ਬਲਾਕ ਬਠਿੰਡਾ-1 ਦੇ ਜਗਸੀਰ ਸ਼ਰਮਾ, ਬਠਿੰਡਾ-2 ਦੇ ਰੇਸ਼ਮ ਸੰਧੂ, ਤਲਵੰਡੀ ਬਲਾਕ ਦੇ ਗੁਰਮੇਲ ਸਿੰਘ ਘਈ, ਭਗਤਾ ਦੇ ਨਿਰਭੈ ਸਿੰਘ, ਸੰਗਤ ਦੇ ਗੁਰਦੀਪ ਸਿੰਘ ਘੁੱਦਾ, ਬਲਾਕ ਮੌੜ ਦੇ ਨਾਨਕ ਚੰਦ, ਰਾਮਪੁਰਾ ਦੇ ਨਿਰਮਲ ਸਿੰਘ, ਬਲਾਕ ਨਥਾਣਾ ਦੇ ਹਰਜੀਤ ਸਿੰਘ, ਭੁੱਚੋ ਕਲਾਂ ਦੇ ਜਸਵੀਰ ਸਿੰਘ ਸਿੱਧੂ ਤੇ ਗੋਨੇਆਣਾ ਦੇ ਪ੍ਰਧਾਨ ਗੁਰਜੰਟ ਸਿੰਘ ਸਿਵੀਆ ਆਪਣੇ ਡੈਲੀਗੇਟ ਸਾਥੀਆਂ ਸਮੇਤ ਹਾਜ਼ਰ ਸਨ।

# ਬੱਚਿਆਂ ਦੀ ਸਿੱਖ ਇਤਿਹਾਸ ਬਾਰੇ ਲਈ ਪ੍ਰੀਖਿਆ



**ਮਲੋਟ (ਗੁਰਮੀਤ ਸਿੰਘ ਮੱਕੜ)**-ਪਿੰਡ ਬਲੋਚਕੇਰਾ ਦੇ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਭਲਾਈ ਕੇਂਦਰ ਗੁਰੂ ਰਾਮਦਾਸ ਸੇਵਾ ਸੁਸਾਇਟੀ ਤੇ ਸਰਬ ਸਾਂਝੀ ਰਾਗੀ ਸਭਾ ਦੇ ਸਾਂਝੇ ਉਪਰਾਲੇ ਸਦਕਾ ਸਿੱਖ ਇਤਿਹਾਸ ਦੀ ਮੁੱਢਲੀ ਜਾਣਕਾਰੀ ਬਾਰੇ ਬੱਚਿਆਂ ਤੋਂ ਨੈਤਿਕ ਸਿੱਖਿਆ ਦਾ ਸਵਾਲ ਜਵਾਬ ਦਾ ਪੇਪਰ ਲਿਆ ਗਿਆ, ਜਿਸ ਵਿੱਚ ਵੱਡੀ ਗਿਣਤੀ ਬੱਚਿਆਂ ਨੇ ਭਾਗ ਲਿਆ। ਰਾਗੀ ਸਭਾ ਦੇ ਪ੍ਰਧਾਨ ਭਾਈ ਸਤਨਾਮ ਸਿੰਘ ਨੇ ਦੱਸਿਆ ਕਿ ਇਸ ਪ੍ਰੀਖਿਆ ਨੂੰ ਦੋ ਉਮਰ ਗਰੁੱਪ ਦੇ ਭਾਗਾਂ ਵਿੱਚ ਲਿਆ ਗਿਆ। ਏ ਗਰੁੱਪ ਵਿੱਚ 10 ਸਾਲ ਦੀ ਉਮਰ ਤੱਕ ਦੇ ਬੱਚਿਆਂ ਨੇ ਭਾਗ ਲਿਆ, ਜਿਸ ਵਿੱਚ ਗੁਰਅੰਸ਼ਬੀਰ ਸਿੰਘ ਬਲੋਚਕੇਰਾ ਪਹਿਲੇ, ਗੁਰਨੂਰ ਸਿੰਘ ਬਾਹਵਾਲਾ ਦੂਜੇ ਤੇ ਮਹਿਕਦੀਪ ਕੌਰ ਬੋਦੀਵਾਲਾ ਤੀਜੇ ਸਥਾਨ 'ਤੇ ਰਹੇ। ਇਸੇ ਤਰ੍ਹਾਂ ਬੀ ਗਰੁੱਪ ਵਿੱਚ 10 ਤੋਂ 18 ਸਾਲ ਤੱਕ ਦੇ ਬੱਚਿਆਂ ਨੇ ਭਾਗ ਲਿਆ, ਜਿਸ 'ਚ ਰੁਪਿੰਦਰ ਕੌਰ ਬਾਹਵਾਲਾ ਪਹਿਲੇ, ਖੁਸ਼ਪ੍ਰੀਤ ਕੌਰ ਦੂਜੇ ਤੇ ਹਰਮਨਦੀਪ ਸਿੰਘ ਬਲੋਚਕੇਰਾ ਤੀਜੇ ਸਥਾਨ 'ਤੇ ਰਹੇ। ਇਸ ਮੌਕੇ ਚੌਂਕੀ ਇੰਚਾਰਜ ਬਲੋਚਕੇਰਾ ਸੁਖਜੀਤ ਸਿੰਘ ਧਾਲੀਵਾਲ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਗੁਰਦੁਆਰਾ ਨਾਨਕਸਰ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਸਰਬਜੀਤ ਸਿੰਘ ਤੇ ਸਮੁੱਚੀ ਕਮੇਟੀ ਵੱਲੋਂ ਜੇਤੂ ਬੱਚਿਆਂ ਤੇ ਚੌਂਕੀ ਇੰਚਾਰਜ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਇਸ ਮੌਕੇ ਭਾਈ ਮਲਕੀਤ ਸਿੰਘ, ਡਾ. ਰਣਜੀਤ ਸਿੰਘ ਤੇ ਬਾਬਾ ਸਿਮਰਜੀਤ ਸਿੰਘ ਡੱਬਵਾਲੀ ਵਾਬ ਹਾਜ਼ਰ ਸਨ।

# ਭਾਕਿਯੂ ਏਕਤਾ (ਡਕੌਂਦਾ) ਵੱਲੋਂ ਡੀਜ਼ਲ-ਪੈਟਰੋਲ ਦੇ ਰੇਟਾਂ 'ਚ ਵਾਧੇ ਦੀ ਸਖ਼ਤ ਨਿੰਦਾ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੰਜਾਬ ਸਰਕਾਰ ਵੱਲੋਂ ਡੀਜ਼ਲ-ਪੈਟ੍ਰੋਲ ਦੇ ਰੇਟਾਂ ਵਿੱਚ ਟੈਕਸ ਵਧਾ ਕੇ ਕੀਤੇ ਗਏ ਵਾਧੇ ਦੀ ਭਾਰਤੀ ਕਿਸਾਨ ਯੂਨੀਅਨ (ਏਕਤਾ-ਡਕੌਂਦਾ) ਵੱਲੋਂ ਸਖ਼ਤ ਨਿਖੇਧੀ ਕਰਦਿਆਂ ਇਹ ਵਾਧਾ ਤੁਰੰਤ ਵਾਪਸ ਲਏ ਜਾਣ ਦੀ ਮੰਗ ਕੀਤੀ ਹੈ। ਜਥੇਬੰਦੀ ਦੇ ਪ੍ਰਧਾਨ ਮਨਜੀਤ ਸਿੰਘ ਧਨੇਰ, ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਤੇ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੇ ਜਾਰੀ ਕੀਤੇ ਸਾਂਝੇ ਪ੍ਰੈੱਸ ਬਿਆਨ ਰਾਹੀਂ ਦੋਸ਼ ਲਾਇਆ ਕਿ ਗੁਆਂਢੀ ਸੂਬਿਆਂ ਦੇ ਮੁਕਾਬਲੇ ਪਹਿਲਾਂ ਹੀ ਉੱਚੇ ਰੇਟਾਂ ਦੇ ਬਾਵਜੂਦ ਤੇ ਕੌਮਾਂਤਰੀ ਮੰਡੀ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਬੀਤੇ ਸਾਲਾਂ ਦੇ ਮੁਕਾਬਲੇ ਕਾਫ਼ੀ ਨੀਵੀਂਆਂ ਹੋਣ ਦੇ ਬਾਵਜੂਦ ਕੀਤਾ ਗਿਆ ਇਹ ਫੈਸਲਾ ਸਾਰੇ ਤੇਲ-ਬਾਲਣ ਖਪਤਕਾਰਾਂ ਉੱਤੇ ਸਰਾਸਰ ਨਜਾਇਜ਼ ਬੋਝ ਪਾਉਣ ਵਾਲਾ ਲੋਕ ਵਿਰੋਧੀ ਫੈਸਲਾ ਹੈ। ਇਸ ਤੋਂ ਵੀ ਅੱਗੇ ਖੇਤੀ ਕੰਮਾਂ ਵਿੱਚੋਂ ਸਭ ਤੋਂ ਵੱਧ ਡੀਜ਼ਲ ਖਪਤ ਵਾਲਾ ਝੋਨਾ ਬੀਜਣ ਦਾ ਕੰਮ ਸ਼ੁਰੂ ਹੋਣ ਤੋਂ ਐਨ ਪਹਿਲਾਂ ਡੀਜ਼ਲ ਦੇ ਰੇਟ ਵਿੱਚ ਕੀਤਾ ਵਾਧਾ ਵਿਸ਼ੇਸ਼ ਤੌਰ 'ਤੇ ਕਿਸਾਨ ਮਾਰੂ ਫੈਸਲਾ ਹੈ, ਜਿਹੜੇ ਪਹਿਲਾਂ ਹੀ ਕੇਂਦਰ ਤੇ ਸੂਬਾ ਸਰਕਾਰਾਂ ਦੀਆਂ ਕਾਰਪੋਰੇਟ ਘਰਾਣਿਆਂ ਪੱਖੀ ਕਿਸਾਨ ਵਿਰੋਧੀ ਨੀਤੀਆਂ ਕਾਰਨ ਭਾਰੀ ਕਰਜ਼ਿਆਂ ਦੇ ਬੋਝ ਥੱਲੇ ਦੱਬੇ ਹੋਏ ਖੁਦਕੁਸ਼ੀਆਂ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਤੇਲ ਕੰਪਨੀਆਂ ਨੂੰ ਵੱਧ ਤੋਂ ਵੱਧ ਮੁਨਾਫ਼ੇ ਖਟਾ ਕੇ ਆਉਂਦੇ ਵਰ੍ਹੇ ਸੰਸਦੀ ਚੋਣਾਂ ਮੌਕੇ ਉਨ੍ਹਾਂ ਕੋਲੋਂ ਆਮ ਆਦਮੀ ਪਾਰਟੀ ਲਈ ਖੁੱਲ੍ਹੇ ਚੋਣ ਫੰਡ ਬਟੋਰਨ ਦੀ ਮੌਕਾਪ੍ਰਸਤ ਲੋਕ-ਵਿਰੋਧੀ ਰਾਜਨੀਤੀ ਤੋਂ ਪ੍ਰੇਰਿਤ ਹੈ। ਕਿਸਾਨ ਆਗੂਆਂ ਨੇ ਪੰਜਾਬ ਸਰਕਾਰ ਨੂੰ ਇਹ ਵਾਧਾ ਵਾਪਸ ਨਾ ਲੈਣ ਦੀ ਸੂਰਤ ਵਿੱਚ ਸਾਂਝੇ ਜਨਤਕ ਸੰਘਰਸ਼ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਦੀ ਚਿਤਾਵਨੀ ਦਿੱਤੀ ਹੈ।

## ਕਾਤਰਾਂ

### ਲਾਪਤਾ ਨੌਜਵਾਨ ਦੀ ਨਹਿਰ 'ਚੋਂ ਮਿਲੀ ਲਾਸ਼



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬੀਤੀ 31 ਮਈ ਨੂੰ ਲਾਪਤਾ ਹੋਏ 20 ਸਾਲਾ ਨੌਜਵਾਨ ਦੀ ਲਾਸ਼ ਗੰਡਾਖੇੜੀ (ਪਟਿਆਲਾ) ਨਜ਼ਦੀਕ ਨਹਿਰ 'ਚੋਂ ਬਰਾਮਦ ਹੋਣ ਦਾ ਸਮਾਚਾਰ ਹੈ। ਮ੍ਰਿਤਕ ਦੇ ਪਿਤਾ ਰੌਸ਼ਨ ਸਿੰਘ ਨੇ ਦੱਸਿਆ ਕਿ ਉਹ ਪਿੰਡ ਬਹਿਲੋਲਪੁਰ ਦੇ ਰਹਿਣ ਵਾਲੇ ਹਨ, ਪਰ ਉਹ ਅੱਜਕੱਲ੍ਹ ਸਰਹਿੰਦ ਨੇੜਲੇ ਪਿੰਡ ਸ਼ਹਿਜ਼ਾਦਪੁਰ ਦੇ ਗੁਰਦੁਆਰਾ ਸਾਹਿਬ 'ਚ ਗ੍ਰੰਥੀ ਸਿੰਘ ਵਜੋਂ ਸੇਵਾ ਨਿਭਾਅ ਰਿਹਾ ਹੈ। ਉਨ੍ਹਾ ਦੱਸਿਆ ਕਿ ਬੀਤੀ 31 ਮਈ ਨੂੰ ਉਸਦਾ 20 ਸਾਲਾ ਪੁੱਤਰ ਹਰਪ੍ਰੀਤ ਸਿੰਘ, ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫ਼ਤਹਿਗੜ੍ਹ ਸਾਹਿਬ ਵਿਖੇ ਬੀ. ਕਾਮ. ਦੀ ਪੜ੍ਹਾਈ ਕਰ ਰਿਹਾ ਸੀ, ਅਚਾਨਕ ਲਾਪਤਾ ਹੋ ਗਿਆ ਸੀ, ਜਿਸ ਦਾ ਮੋਟਰਸਾਈਕਲ ਪਿੰਡ ਸਹਿਜ਼ਾਦਪੁਰ ਨੇੜਿਓਂ ਲੰਘਦੀ ਭਾਖੜਾ ਨਹਿਰ ਕੰਢੇ ਖੜਾ ਮਿਲਿਆ ਸੀ। ਉਸ ਦੀ ਉਸੇ ਦਿਨ ਤੋਂ ਭਾਲ ਕੀਤੀ ਜਾ ਰਹੀ ਸੀ ਤੇ ਉਸ ਦੀ ਲਾਸ਼ ਹੁਣ ਗੰਡਾਖੇੜੀ ਕੋਲੋਂ ਨਹਿਰ 'ਚੋਂ ਮਿਲ ਗਈ ਹੈ। ਥਾਣਾ ਫ਼ਤਹਿਗੜ੍ਹ ਸਾਹਿਬ ਪੁਲਸ ਵੱਲੋਂ ਮੌਤ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

### ਡਾ. ਸਤਿਨਾਮ ਸਿੰਘ ਨੂੰ ਬਹਿਣੀਵਾਲ ਵੱਲੋਂ ਫੱਟੀ ਭੇਟ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬੀ ਮਾਂ ਬੋਲੀ ਦੇ ਪ੍ਰਚਾਰ, ਪ੍ਰਸਾਰ ਅਤੇ ਗੁਰਮੁਖੀ ਲਿਪੀ ਦੀਆਂ ਫੱਟੀਆਂ ਰਾਹੀਂ ਬੋਲੀ ਦਾ ਗੁਣਗਾਨ ਕਰਨ ਵਿੱਚ ਲੱਗੇ ਸਮਾਜ ਸੇਵੀ ਹਰਪ੍ਰੀਤ ਸਿੰਘ ਬਹਿਣੀਵਾਲ ਨੇ ਖੋਜ ਅਤੇ ਅਧਿਆਪਨ ਦੇ ਖੇਤਰ ਵਿੱਚ ਉੱਘੀ ਸ਼ਖ਼ਸੀਅਤ ਡਾ. ਸਤਿਨਾਮ ਸਿੰਘ ਸੰਧੂ ਨੂੰ 41 ਅੱਖਰੀ ਗੁਰਮੁਖੀ ਲਿਪੀ ਵਾਲੀ ਫੱਟੀ ਭੇਟ ਕੀਤੀ, ਜਿਸ ਦੀ ਉਨ੍ਹਾਂ ਨੇ ਖੂਬ ਪ੍ਰਸੰਸਾ ਕੀਤੀ। ਡਾ. ਸੰਧੂ ਇਕ ਮੈਟਾ ਅਲੋਚਕ ਹਨ, ਜੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪੱਤਰ-ਵਿਹਾਰ ਵਿੱਚ ਪੰਜਾਬੀ ਦੇ ਬਤੌਰ ਪ੍ਰੋਫੈਸਰ ਦੇ ਅਹੁਦੇ 'ਤੇ ਆਪਣਾ ਕਾਰਜ ਬਾਖੂਬੀ ਨਿਭਾਅ ਰਹੇ ਹਨ। ਇਸ ਤੋਂ ਇਲਾਵਾ ਡਾ. ਸੰਧੂ ਡੀਨ ਭਾਸ਼ਾਵਾਂ ਦੇ ਅਹੁਦੇ ਨੂੰ ਵੀ ਦੇਖ ਰਹੇ ਹਨ। ਹਰਪ੍ਰੀਤ ਸਿੰਘ ਬਹਿਣੀਵਾਲ ਨੇ ਬੀੜਾ ਚੁੱਕਿਆ ਹੈ ਕਿ ਪੰਜਾਬੀ ਬੋਲੀ ਪ੍ਰਤੀ ਅਸੀਂ ਬੇਮੁਖ ਹੁੰਦੇ ਜਾ ਰਹੇ ਹਾਂ। ਬੇਸ਼ੱਕ ਹਰੇਕ ਭਾਸ਼ਾ ਦਾ ਅਪਣੇ ਰਾਜ, ਦੇਸ਼ ਵਿਚ ਆਪਣਾ ਮੁਕਾਮ ਹੁੰਦਾ ਹੈ ਪਰ ਸਾਨੂੰ ਆਪਣੀ ਮਾਂ-ਬੋਲੀ ਦੀਆਂ ਜੜ੍ਹਾਂ ਨਾਲ ਜੁੜ ਕੇ ਰਹਿਣਾ ਚਾਹੀਦਾ ਹੈ। ਡਾ. ਸਤਿਨਾਮ ਸਿੰਘ ਨੇ ਹਰਪ੍ਰੀਤ ਬਹਿਣੀਵਾਲ ਦੇ ਇਸ ਕਾਰਜ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਹ ਉੱਦਮ ਪੰਜਾਬੀ ਨੂੰ ਹੋਰ ਖੁਸ਼ਹਾਲੀ ਅਤੇ ਪ੍ਰਸਿੱਧੀ ਦੇਣ ਵਾਲਾ ਹੈ, ਕਿਉਂਕਿ ਇਸ ਜ਼ੁਬਾਨ ਵਿੱਚ ਮਿਠਾਸ, ਭਾਈਚਾਰਾ ਅਤੇ ਅਪਣੱਤ ਦਾ ਭੰਡਾਰ ਹੈ।

### ਗਊਵੰਸ਼ ਦੀ ਹੱਤਿਆ ਕਰਨ ਵਾਲਿਆਂ ਖਿਲਾਫ ਚੇਅਰਮੈਨ ਵੱਲੋਂ ਸਖਤ ਕਾਨੂੰਨੀ ਕਾਰਵਾਈ ਦਾ ਭਰੋਸਾ

**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਸਿੰਗਲਾ ਨੇ ਜ਼ਿਲ੍ਹਾ ਪੁਲਸ ਨੂੰ ਬੀਤੇ ਦਿਨੀਂ ਸੰਗਰੂਰ ਸ਼ਹਿਰ ਵਿਖੇ ਹੋਈ ਗਊਵੰਸ਼ ਦੀ ਹੱਤਿਆ ਲਈ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਕਾਨੂੰਨ ਮੁਤਾਬਕ ਸਖਤ ਕਾਰਵਾਈ ਅਮਲ 'ਚ ਲਿਆਉਣ ਲਈ ਆਖਿਆ ਹੈ। ਉਨ੍ਹਾ ਦੱਸਿਆ ਕਿ ਇਸ ਦੁਖਾਂਤਕ ਘਟਨਾ ਲਈ ਜ਼ਿੰਮੇਵਾਰ ਵਿਅਕਤੀਆਂ ਖਿਲਾਫ ਫੌਰੀ ਕਾਰਵਾਈ ਕਰਦਿਆਂ ਜ਼ਿਲ੍ਹਾ ਸੰਗਰੂਰ ਪੁਲਸ ਵੱਲੋਂ 7 ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਚੇਅਰਮੈਨ ਨੇ ਕਿਹਾ ਕਿ ਇਹ ਬੇਹੱਦ ਮੰਦਭਾਗੀ ਘਟਨਾ ਹੈ ਤੇ ਇਸ ਲਈ ਜ਼ਿੰਮੇਵਾਰ ਗੈਰ-ਸਮਾਜਿਕ ਅਨਸਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾ ਕਿਹਾ ਕਿ ਹਰੀਪੁਰਾ ਬਸਤੀ ਨਜ਼ਦੀਕ ਵਾਪਰੀ ਇਸ ਘਟਨਾ ਨਾਲ ਉਨ੍ਹਾਂ ਦੇ ਮਨ ਨੂੰ ਭਾਰੀ ਠੇਸ ਪੁੱਜੀ ਹੈ ਤੇ ਉਹ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਏ ਸਭ ਨੂੰ ਅਮਨ ਸ਼ਾਂਤੀ ਕਾਇਮ ਰੱਖਣ ਦੀ ਅਪੀਲ ਕਰਦੇ ਹਨ। ਚੇਅਰਮੈਨ ਨੇ ਕਿਹਾ ਕਿ ਉਹ ਇਸ ਮਾਮਲੇ ਸਬੰਧੀ ਲਗਾਤਾਰ ਉੱਚ ਅਧਿਕਾਰੀਆਂ ਨਾਲ ਤਾਲਮੇਲ ਵਿੱਚ ਹਨ ਤੇ ਇਸ ਮਾੜੀ ਘਟਨਾ ਨੂੰ ਅੰਜਾਮ ਦੇਣ ਵਾਲੇ ਸਾਰੇ ਹੀ ਦੋਸ਼ੀ ਛੇਤੀ ਹੀ ਸਲਾਖਾਂ ਪਿੱਛੇ ਹੋਣਗੇ। ਉਨ੍ਹਾ ਪੰਜਾਬ ਸਰਕਾਰ ਦੀ ਤਰਫੋਂ ਇਸ ਮਾਮਲੇ ਉਤੇ ਪੁਲਸ ਪ੍ਰਸ਼ਾਸਨਕ ਪੱਧਰ 'ਤੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਅਮਲ 'ਚ ਲਿਆਉਣ ਦਾ ਭਰੋਸਾ ਦਿਵਾਇਆ ਹੈ।

# ਮੰਡੀ ਗੋਬਿੰਦਗੜ੍ਹ ਤੋਂ ਚੋਰੀ ਕੀਤੇ ਟਰੱਕ ਤੇ ਮਾਲ ਸਮੇਤ ਤਿੰਨ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਕੁਝ ਦਿਨ ਪਹਿਲਾਂ ਮੰਡੀ ਗੋਬਿੰਦਗੜ੍ਹ ਤੋਂ ਮਾਲ ਸਮੇਤ ਚੋਰੀ ਹੋਏ ਟਰੱਕ ਦੇ ਮਾਮਲੇ 'ਚ ਪੁਲਸ ਵੱਲੋਂ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰਦਿਆਂ ਚੋਰੀਸ਼ੁਦਾ ਟਰੱਕ ਬਰਾਮਦ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਹੈ। ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਦਵਿੰਦਰਪਾਲ ਸਿੰਘ ਵਾਸੀ ਲੁਧਿਆਣਾ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਸੀ ਕਿ ਬੀਤੀ 9 ਤਰੀਕ ਨੂੰ ਉਸ ਦੇ ਟਰੱਕ ਦੇ ਚਾਲਕ ਨੇ ਮੰਡੀ ਗੋਬਿੰਦਗੜ੍ਹ ਦੀਆਂ ਵੱਖ-ਵੱਖ ਫਰਮਾਂ ਤੋਂ ਪਾਈਪ ਤੇ ਸਟਰਕਚਰ ਖਰੀਦ ਕੇ ਟਰੱਕ 'ਚ ਲੋਡ ਕੀਤਾ ਸੀ ਤੇ ਜਦੋਂ ਟਰੱਕ ਦਾ ਚਾਲਕ ਟਰੱਕ ਨੂੰ ਮੰਡੀ ਗੋਬਿੰਦਗੜ੍ਹ ਦੇ ਚੌਕ 'ਚ ਖੜਾ ਕਰਕੇ ਬਿਲਟੀ ਲੈਣ ਲਈ ਗਿਆ ਤਾਂ ਟਰੱਕ ਸਮੇਤ ਮਾਲ ਚੋਰੀ ਹੋ ਗਿਆ, ਜਿਸ ਸਬੰਧੀ ਅ/ਧ 379 ਆਈ.ਪੀ.ਸੀ. ਤਹਿਤ ਮੁੱਕਦਮਾ ਦਰਜ ਕਰਕੇ ਕੀਤੀ ਗਈ ਤਫਤੀਸ਼ ਦੌਰਾਨ ਇਸ ਵਾਰਦਾਤ 'ਚ ਮੋਨੂੰ ਵਾਸੀ ਫਰੀਦਾਬਾਦ (ਹਰਿਆਣਾ), ਚੇਤਨ ਕੁਮਾਰ ਤੇ ਆਸ਼ੂ ਵਾਸੀਆਨ ਲੁਧਿਆਣਾ ਦੀ ਸ਼ਮੂਲੀਅਤ ਸਾਹਮਣੇ ਆਈ, ਜਿਨ੍ਹਾਂ ਨੂੰ ਗ੍ਰਿਫਤਾਰ ਕਰਕੇ ਟਰੱਕ ਸਮੇਤ ਮਾਲ ਬਰਾਮਦ ਕਰ ਲਿਆ ਗਿਆ ਹੈ।

# ਜ਼ਿਲ੍ਹਾ ਪੁਲਸ ਵੱਲੋਂ ਮੁਫ਼ਤ ਮੈਗਾ ਮੈਡੀਕਲ ਚੈੱਕਅੱਪ ਕੈਂਪ

## ■ 400 ਤੋਂ ਵੱਧ ਪੁਲਸ ਮੁਲਾਜ਼ਮਾਂ ਤੇ ਆਮ ਲੋਕਾਂ ਕਰਵਾਈ ਸਰੀਰਕ ਜਾਂਚ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜ਼ਿਲ੍ਹਾ ਪੁਲਸ ਹੈੱਡ ਕੁਆਟਰ ਸ੍ਰੀ ਮੁਕਤਸਰ ਸਾਹਿਬ ਵਿਖੇ ਜ਼ਿਲ੍ਹਾ ਪੁਲਸ ਵੱਲੋਂ ਪੁਲਸ ਮੁਲਾਜ਼ਮਾਂ ਤੇ ਉਨ੍ਹਾਂ ਦੇ ਪਰਿਵਾਰਾਂ ਤੋਂ ਇਲਾਵਾ ਆਮ ਲੋਕਾਂ ਵੱਲੋਂ ਵੀ ਇਸ ਕੈਂਪ ਵਿੱਚ ਮੁਫ਼ਤ 'ਚ ਆਪਣੀ ਸਰੀਰਕ ਜਾਂਚ ਕਰਵਾਈ ਗਈ। ਇਹ ਮੁਫ਼ਤ ਮੈਗਾ ਮੈਡੀਕਲ ਚੈੱਕਅੱਪ ਕੈਂਪ ਜ਼ਿਲ੍ਹਾ ਪੁਲਸ ਮੁਖੀ ਸ੍. ਹਰਮਨਬੀਰ ਸਿੰਘ ਗਿੱਲ ਆਈ.ਪੀ.ਐੱਸ. ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਵੱਲੋਂ ਵਰਲਡ ਕੈਂਸਰ ਕੇਅਰ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਮੈਡੀਕਲ ਕੈਂਪ ਦਾ ਉਦਘਾਟਨ ਜ਼ਿਲ੍ਹਾ ਪੁਲਸ ਮੁਖੀ ਸ੍. ਹਰਮਨਬੀਰ ਸਿੰਘ ਗਿੱਲ ਆਈ.ਪੀ.ਐੱਸ. ਵੱਲੋਂ ਰੀਬਨ ਕੱਟ ਕੇ ਕੀਤਾ ਗਿਆ। ਉਨ੍ਹਾਂ ਨਾਲ ਸ੍ਰੀ ਕੁਲਵੰਤ ਰਾਏ ਐੱਸ. ਪੀ. (ਐੱਚ) ਸ੍. ਸਤਨਾਮ ਸਿੰਘ ਡੀ.ਐੱਸ.ਪੀ. ਤੋਂ ਇਲਾਵਾ ਵਰਲਡ ਕੈਂਸਰ ਕੇਅਰ ਦੇ ਡਾਕਟਰ ਗੁਲਸ਼ਨ ਠਾਕੁਰ, ਡਾਕਟਰ ਅਸ਼ੀਸ਼ ਦੁੱਗਲ, ਡਾਕਟਰ ਅਰੁਨ, ਡਾਕਟਰ ਰਮਨ ਗੁਰਾਇਆ ਤੇ ਡਾਕਟਰ ਅੰਜਲੀ ਮੌਜੂਦ ਸਨ। ਡਾਕਟਰਾਂ ਦੀ ਟੀਮ ਆਪਣੇ ਨਾਲ ਟੈਸਟ ਕਰਨ ਲਈ ਬੱਸਾਂ ਲੈ ਕੇ ਪਹੁੰਚੇ ਸਨ। ਇਸ ਮੌਕੇ ਸ੍. ਹਰਮਨਬੀਰ ਸਿੰਘ ਗਿੱਲ ਆਈ.ਪੀ.ਐੱਸ. ਨੇ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀਤੇ ਦਿਨ ਪੁਲਸ ਲਾਇਨ ਸ੍ਰੀ ਮੁਕਤਸਰ ਸਾਹਿਬ ਵਿਖੇ ਇੱਕ ਮੁਫ਼ਤ ਮੈਗਾ ਮੈਡੀਕਲ ਚੈੱਕਅੱਪ ਕੈਂਪ ਲਾਇਆ ਗਿਆ, ਜਿੱਥੇ ਲੁਧਿਆਣਾ ਤੋਂ ਵਰਲਡ ਕੈਂਸਰ ਕੇਅਰ ਦੇ ਮਾਹਰ ਡਾਕਟਰ ਇੱਥੇ ਪਹੁੰਚੇ। ਉਨ੍ਹਾ ਦੱਸਿਆ ਕਿ ਅੱਤਵਾਦ ਦੇ ਟਾਇਮ ਤੋਂ ਬਾਅਦ ਪੁਲਸ ਵੱਲੋਂ ਲੋਕਾਂ ਨਾਲ ਸਿੱਧਾ ਤਾਲਮੇਲ ਬਣਾਉਣ ਲਈ ਕਈ ਉਪਰਾਲੇ ਕੀਤੇ ਗਏ ਹਨ ਤੇ ਇਹ ਉਪਰਾਲੇ ਅੱਗੇ ਵੀ ਕੀਤੇ ਜਾ ਰਹੇ ਹਨ। ਇਸ ਦੇ ਨਾਲ ਇੱਕ ਮੁਫ਼ਤ ਮੈਗਾ ਮੈਡੀਕਲ ਚੈੱਕਅੱਪ ਕੈਂਪ ਲਾਇਆ ਗਿਆ, ਜਿਸ ਵਿੱਚ ਪੁਲਸ ਮੁਲਾਜ਼ਮਾਂ ਤੇ ਉਨ੍ਹਾਂ ਦੇ ਪਰਿਵਾਰਾਂ ਤੋਂ ਇਲਾਵਾ ਤਕਰੀਬਨ 400 ਤੋਂ ਵੱਧ ਲੋਕਾਂ ਨੇ ਇਸ ਕੈਂਪ ਵਿੱਚ ਸ਼ਿਰਕਤ ਕੀਤੀ ਅਤੇ ਆਪਣੀ ਸਰੀਰਕ ਜਾਂਚ ਕਰਵਾਈ। ਵਰਲਡ ਕੈਂਸਰ ਕੇਅਰ ਦੇ ਪਹੁੰਚੇ ਡਾਕਟਰ ਗੁਲਸ਼ਨ ਠਾਕੁਰ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਸ ਮੈਡੀਕਲ ਕੈਂਪ ਵਿੱਚ ਲੋਕਾਂ ਨੂੰ ਬਿਮਾਰੀਆਂ ਤੋਂ ਬਚਣ ਲਈ ਵੱਖ ਵੱਖ ਸਰੀਰਕ ਟੈਸਟ ਕੀਤੇ ਗਏ, ਜਿਸ ਤਰ੍ਹਾਂ ਔਰਤਾਂ ਤੇ ਪੁਰਸ਼ਾਂ ਦੀ ਸਰੀਰਕ ਜਾਂਚ, ਬੱਚੇਦਾਨੀ ਦੀ ਜਾਂਚ ਲਈ ਪੰਪ ਸਮੀਅਰ ਟੈਸਟ, ਛਾਤੀਆਂ ਦੀ ਜਾਂਚ ਲਈ ਮੈਮੋਗ੍ਰਾਫੀ ਟੈਸਟ, ਗਦੂਦਾਂ ਦੀ ਜਾਂਚ ਲਈ ਪੀ.ਐੱਸ.ਈ. ਟੈਸਟ, ਗਲੇ ਦੇ ਕੈਂਸਰ ਦੀ ਜਾਂਚ ਲਈ ਐਂਡੋਸਕੋਪੀ, ਮੂੰਹ ਦੇ ਕੈਂਸਰ ਦੀ ਜਾਂਚ ਲਈ ਟੈਸਟ, ਸ਼ੂਗਰ ਤੇ ਬਲੱਡ ਪ੍ਰੈਸ਼ਰ ਦੀ ਜਾਂਚ ਲਈ ਟੈਸਟ, ਕੈਂਸਰ ਜਾਗਰੂਕਤਾ ਲਈ ਕਿਤਾਬਚੇ ਵੰਡੇ ਗਏ ਤੇ ਕੈਂਸਰ ਜਾਗਰੂਕਤਾਂ ਲਈ ਫਿਲਮਾਂ ਵੀ ਦਿਖਾਈਆਂ ਗਈਆਂ।

# ਭਾਜਪਾ ਪੰਜਾਬ 'ਚ ਲੋਕ ਸਭਾ ਚੋਣਾਂ ਆਪਣੇ ਬਲਬੂਤੇ ਲੜੇਗੀ : ਸੋਢੀ



ਪੱਤਰਕਾਰਾਂ ਨਾਲ ਗੱਲਬਾਤ ਕਰਦੇ ਭਾਜਪਾ ਆਗੂ ਦਿਆਲ ਦਾਸ ਸੋਢੀ।

**ਭੀਖੀ (ਧਰਮਵੀਰ ਸ਼ਰਮਾ)**-ਭਾਰਤੀ ਜਨਤਾ ਪਾਰਟੀ 2024 ਦਾ ਮਿਸ਼ਨ ਫਤਿਹ ਕਰਨ ਲਈ ਆਪਣੇ ਬਲਬੂਤੇ 'ਤੇ ਲੋਕ ਸਭਾ ਚੋਣਾਂ ਲੜੇਗੀ। ਇਹ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਸੂਬਾ ਉੱਪ ਪ੍ਰਧਾਨ ਦਿਆਲ ਦਾਸ ਸੋਢੀ ਨੇ ਭਾਜਪਾ ਦੇ ਜ਼ਿਲ੍ਹਾ ਉੱਪ ਪ੍ਰਧਾਨ ਰਜਿੰਦਰ ਰਾਜੀ ਦੇ ਦਫਤਰ ਵਿਖੇ ਗੱਲਬਾਤ ਦੌਰਾਨ ਕੀਤਾ। ਇਸ ਮੌਕੇ ਉਨ੍ਹਾਂ ਵਰਕਰਾਂ ਨੂੰ 2024 ਦਾ ਮਿਸ਼ਨ ਫਤਹਿ ਕਰਨ ਲਈ ਤਿਆਰ ਰਹਿਣ ਦਾ ਸੱਦਾ ਦਿੰਦਿਆਂ ਕਿਹਾ ਕਿ ਕੇਂਦਰ ਅੰਦਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਦੇ 9 ਸਾਲ ਪੂਰੇ ਹੋਣ ਦੀ ਖੁਸ਼ੀ ਵਿੱਚ ਪਾਰਟੀ ਵੱਲੋਂ ਪੂਰੇ ਦੇਸ਼ ਵਿੱਚ 30 ਜੂਨ ਤੱਕ ਭਾਰਤੀ ਜਨਤਾ ਪਾਰਟੀ ਦੀਆਂ ਨੀਤੀਆਂ ਤੇ ਯੋਜਨਾਵਾਂ ਘਰ ਘਰ ਪਹੁੰਚਾਉਣ ਲਈ ਸਮਾਗਮ ਕੀਤੇ ਜਾ ਰਹੇ ਹਨ, ਜਿਸ ਵਿੱਚ ਵੱਡੀਆਂ ਰੈਲੀਆਂ ਤੋਂ ਇਲਾਵਾ ਲੋਕਾਂ ਨੂੰ ਪਾਰਟੀ ਨਾਲ ਜੋੜਨ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾ ਕਿਹਾ ਕਿ ਇਸ ਮੌਕੇ ਹਰ ਵਰਗ ਦੀਆਂ ਮੰਗਾਂ ਨੂੰ ਸੁਣ ਕੇ ਉਨ੍ਹਾਂ ਨੂੰ ਹੱਲ ਕਰਵਾ ਕੇ ਪਾਰਟੀ ਨਾਲ ਜੋੜਿਆ ਜਾ ਰਿਹਾ ਹੈ। ਉਨ੍ਹਾਂ ਪੰਜਾਬ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਸੂਬੇ ਅੰਦਰ ਭਗਵੰਤ ਮਾਨ ਦੀ ਸਰਕਾਰ ਹੁੰਦਿਆਂ ਅਮਨ ਕਾਨੂੰਨ ਦੀ ਸਥਿਤੀ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਸੂਬੇ ਅੰਦਰ ਰੋਜ਼ਾਨਾ ਘਟਨਾਵਾਂ ਵਾਪਰ ਰਹੀਆਂ ਹਨ। ਸਰਕਾਰ ਕੇਵਲ ਇਸ਼ਤਿਹਾਰਾਂ ਤੱਕ ਸੀਮਿਤ ਹੈ। ਉਨ੍ਹਾਂ ਕਿਹਾ ਕਿ ਸੂਬੇ ਅੰਦਰ ਭਾਜਪਾ ਆਪਣਾ ਵੱਡਾ ਵੋਟ ਬੈਂਕ ਮਜ਼ਬੂਤ ਕਰਨ ਲਈ ਬੂਥ ਪੱਧਰ ਤੱਕ ਜਾਵੇਗੀ ਤੇ ਹਰ ਵੋਟਰ ਨਾਲ ਆਪਣਾ ਰਾਬਤਾ ਕਾਇਮ ਕਰੇਗੀ। ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਉੱਪ ਪ੍ਰਧਾਨ ਰਜਿੰਦਰ ਰਾਜੀ, ਵਰਿੰਦਰ ਸ਼ੇਰਪੁਰੀਆ, ਵਿਵੇਕ ਜੈਨ ਬੱਬੂ, ਅਜੇ ਸ਼ਰਮਾ ਸਮਾਉਂ, ਸੁਰੇਸ਼ ਕੁਮਾਰ ਬਿੰਦਲ ਹਾਜ਼ਰ ਸਨ।

# ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਦੇ ਅਫਸਰਾਂ ਵੱਲੋਂ ਗੈਸ ਸੈਂਟਰ ਦਾ ਦੌਰਾ

## ■ ਪੁਰਾਣੇ ਸਟਾਫ਼ ਦੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਕੀਤਾ ਸਨਮਾਨਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮਿਟਡ (ਐਲਪੀਜੀ) ਦੇ ਸਟੇਟ ਹੈੱਡ ਮੈਨਕ ਮੁਖਰਜੀ, ਪੰਜਾਬ, ਹਿਮਾਚਲ ਤੇ ਜੰਮੂ ਕਸ਼ਮੀਰ ਅਤੇ ਟੈਰੇਟਰੀ ਮੈਨੇਜਰ ਵਿਨੋਦ ਸੋਮਾਵੰਸ਼ੀ, ਬਠਿੰਡਾ ਤੇ ਅੰਮ੍ਰਿਤਸਰ ਏਰੀਆ ਦੇ ਸੇਲਜ਼ ਅਫਸਰ ਪੰਕਜ ਸਿੰਘ ਵੱਲੋਂ ਮੁਕਤਸਰ ਗੈਸ ਸੈਂਟਰ ਦਾ ਦੌਰਾ ਕੀਤਾ ਗਿਆ। ਉਨ੍ਹਾਂ 5 ਸਾਲਾਂ 'ਚ ਇੱਕ ਵਾਰੀ ਹੋਣ ਵਾਲੀ ਘਰੇਲੂ ਗੈਸ ਕੁਨੈਕਸ਼ਨ ਦੇ ਉਪਕਰਨਾਂ ਦੀ ਜ਼ਰੂਰੀ ਜਾਂਚ ਦੀ ਰਿਆਇਤੀ ਚਾਰਜ ਦੀ ਸਕੀਮ ਦੀ ਸ਼ੁਰੂਆਤ ਕੀਤੀ ਤੇ ਪੁਰਾਣੇ ਸਟਾਫ਼ ਦੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਸਨਮਾਨਤ ਕੀਤਾ ਗਿਆ। ਇਸ ਦੌਰਾਨ ਮਕੈਨਿਕ ਕਿੱਟਾਂ ਵੀ ਜਾਰੀ ਕੀਤੀਆਂ ਗਈਆਂ ਅਤੇ ਮੁਕਤਸਰ ਗੈਸ ਸੈਂਟਰ ਦੀਆਂ 35 ਸਾਲ ਤੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ। ਸਮਾਗਮ ਦੌਰਾਨ ਭਾਰਤ ਪੈਟਰੋਲੀਅਮ ਦੇ ਅਫਸਰਾਂ ਵੱਲੋਂ ਪੌਦੇ ਵੀ ਲਗਾਏ ਗਏ। ਇਸ ਸਮਾਗਮ ਦੌਰਾਨ ਸੱਚ ਭਾਰਤ ਗੈਸ ਤੇ ਗਿੱਲ ਭਾਰਤ ਗੈਸ ਦੇ ਨੁਮਾਇੰਦਿਆਂ ਨੇ ਵੀ ਸ਼ਿਰਕਤ ਕੀਤੀ ਅਤੇ ਸ਼੍ਰੀ ਗੰਗਾਨਗਰ ਤੋਂ ਸ਼੍ਰੀ ਹਿਮਾਂਸ਼ੂ ਧੂੜੀਆ ਤੇ ਰੋਬਿਨਾ ਧੂੜੀਆ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਅਖ਼ੀਰ ਵਿੱਚ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਮਾਲਕ ਵਿਜੈ ਸਚਦੇਵਾ, ਮੈਨੇਜਰ ਰਮਨ ਕੁਮਾਰ ਤੇ ਸਮੂਹ ਸਟਾਫ਼ ਵੱਲੋਂ ਕੀਤਾ ਗਿਆ।

# ਨਗਰ ਪੰਚਾਇਤ ਦੇ ਪ੍ਰਧਾਨ ਨੂੰ ਅਹੁਦੇ ਤੋਂ ਹਟਾਇਆ

## ■ ਓਪਿੰਦਰ ਸਿੰਧੀ ਦਾ ਪ੍ਰਧਾਨ ਬਣਨਾ ਤੈਅ



**ਮਮਦੋਟ (ਜਸਬੀਰ ਸਿੰਘ ਕੰਬੋਜ)**

ਨਗਰ ਪੰਚਾਇਤ ਮਮਦੋਟ ਦੇ ਪ੍ਰਧਾਨ ਸੁਖਵਿੰਦਰ ਸਿੰਘ ਵੈਰੜ ਨੂੰ ਪ੍ਰਧਾਨਗੀ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਬੀਤੀ 26 ਅਪ੍ਰੈਲ ਨੂੰ ਨਗਰ ਪੰਚਾਇਤ ਮਮਦੋਟ ਦੇ ਚੁਣੇ ਹੋਏ 13 ਐੱਮ ਸੀ ਵਿੱਚੋਂ 10 ਐੱਮ ਸੀ ਨੇ ਪ੍ਰਧਾਨ ਖਿਲਾਫ ਬੇਭਰੋਸਗੀ ਦਾ ਮਤਾ ਪਾ ਕੇ ਅਗਲੇਰੀ ਕਾਰਵਾਈ ਵਾਸਤੇ ਕਾਰਜਸਾਧਕ ਅਫਸਰ ਮਮਦੋਟ ਨੂੰ ਸੌਂਪਿਆ ਸੀ ਤੇ ਇਸ ਸਬੰਧੀ ਕਨੂੰਨੀ ਕਾਰਵਾਈ ਤੋਂ ਗੁਜ਼ਰਦਿਆਂ ਸਕੱਤਰ ਲੋਕਲ ਬਾਡੀ ਵੱਲੋਂ ਜਾਰੀ ਆਦੇਸ਼ਾਂ 'ਤੇ ਨਗਰ ਪੰਚਾਇਤ ਦੇ ਪ੍ਰਧਾਨ ਸੁਖਵਿੰਦਰ ਸਿੰਘ ਵੈਰੜ ਨੂੰ ਉਨ੍ਹਾਂ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਸੁਖਵਿੰਦਰ ਸਿੰਘ ਵੈਰੜ ਨੂੰ ਪ੍ਰਧਾਨਗੀ ਦੇ ਅਹੁਦੇ ਤੋਂ ਹਟਾਏ ਜਾਣ ਤੋਂ ਬਾਅਦ ਨਗਰ ਪੰਚਾਇਤ ਮਮਦੋਟ ਦੇ ਪ੍ਰਧਾਨ ਬਣਨ ਵਾਸਤੇ ਸਿਆਸੀ ਸਰਗਰਮੀਆਂ ਨੇ ਜ਼ੋਰ ਫੜ ਲਿਆ ਹੈ। ਮਿਲ ਰਹੀ ਜਾਣਕਾਰੀ ਮੁਤਾਬਕ ਪ੍ਰਧਾਨ ਖਿਲਾਫ ਬੇਭਰੋਸਗੀ ਦਾ ਮਤਾ ਪਾਉਣ ਵਾਲੇ ਸਮੂਹ ਐੱਮ ਸੀ ਪੂਰਨ ਰੂਪ ਵਿੱਚ ਇਕਜੁੱਟ ਦੱਸੇ ਜਾ ਰਹੇ ਹਨ ਤੇ ਉਮੀਦ ਕੀਤੀ ਜਾ ਰਹੀ ਹੈ ਕਿ ਨਗਰ ਪੰਚਾਇਤ ਮਮਦੋਟ ਦਾ ਪ੍ਰਧਾਨ ਸਰਬ-ਸੰਮਤੀ ਨਾਲ ਹੀ ਚੁਣ ਲਿਆ ਜਾਵੇਗਾ ਤੇ ਇਸ ਸਬੰਧੀ ਓਪਿੰਦਰ ਸਿੰਘ ਸਿੰਧੀ ਦੇ ਨਾਮ 'ਤੇ ਜਿੱਥੇ ਸਮੂਹ ਐੱਮ ਸੀ ਵੱਲੋਂ ਪੂਰਨ ਸਰਬ ਸੰਮਤੀ ਨਾਲ ਮੋਹਰ ਲਾਈ ਦੱਸੀ ਜਾ ਰਹੀ ਹੈ, ਓਥੇ ਸਿੰਧੀ ਪਰਿਵਾਰ ਨੂੰ ਹਲਕਾ ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ ਦਾ ਵੀ ਅਸ਼ੀਰਵਾਦ ਹਾਸਲ ਹੈ, ਜਿਸ ਵਾਸਤੇ ਉਨ੍ਹਾ ਦਾ ਪ੍ਰਧਾਨ ਬਨਣਾ ਲੱਗਪੱਗ ਤਹਿ ਹੈ।

# ਪਟਿਆਲਾ 'ਚ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਮੋਰਚਾ ਫਤਹਿ ਹੋਣ 'ਤੇ ਦੁੱਖ ਨਿਵਾਰਨ ਸਾਹਿਬ ਹੋਏ ਨਤਮਸਤਕ



**ਸਮਰਾਲਾ (ਸੁਰਜੀਤ ਸਿੰਘ)**-ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਵੱਲੋਂ ਬਿਜਲੀ ਵਿਭਾਗ ਨਾਲ ਸਬੰਧਤ ਹੱਕੀ ਮੰਗਾਂ ਲਈ ਮੋਰਚੇ ਦੇ ਫਤਿਹ ਹੋਣ ਉਪਰੰਤ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਦਾ ਮੋਰਚੇ ਨੂੰ ਅੰਗ ਸੰਗ ਰਹਿ ਕੇ ਫਤਿਹ ਕਰਨ ਅਤੇ ਜਿੱਤ ਬਖ਼ਸ਼ਣ ਲਈ ਸ਼ੁਕਰਾਨਾ ਅਦਾ ਕੀਤਾ ਗਿਆ। ਕਿਸਾਨ ਆਗੂਆਂ ਨੇ ਇਸ ਮੋਰਚੇ ਨੂੰ ਸਹਿਯੋਗ ਦੇਣ ਲਈ ਸਾਰੇ ਪੱਤਰਕਾਰ ਭਾਈਚਾਰੇ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਸਹਿਯੋਗ ਤੋਂ ਬਿਨਾਂ ਇਹ ਜਿੱਤ ਅਧੂਰੀ ਸੀ ਤੇ ਹਰ ਇੱਕ ਉਸ ਇਨਸਾਨ ਦਾ ਵੀ ਧੰਨਵਾਦ ਕੀਤਾ, ਜਿਸ ਨੇ ਵੀ ਇਸ ਹੱਕੀ ਮੰਗਾਂ ਲਈ ਲੱਗੇ ਮੋਰਚੇ ਵਿੱਚ ਕਿਸੇ ਵੀ ਰੂਪ 'ਚ ਸਹਿਯੋਗ ਦਿੱਤਾ ਹੈ, ਉਹ ਚਾਹੇ ਪਟਿਆਲਾ ਵਿਖੇ ਲੱਗੇ ਹੋਏ ਮੋਰਚੇ 'ਚ ਸ਼ਮੂਲੀਅਤ ਕਰਕੇ ਦਿੱਤਾ ਗਿਆ ਸਹਿਯੋਗ ਹੈ, ਚਾਹੇ ਉਹ ਘਰ ਤੋਂ ਬੈਠ ਕੇ ਉਨ੍ਹਾਂ ਦੀ ਗੱਲ ਨੂੰ ਦੁਨੀਆ ਤੱਕ ਪਹੁੰਚਾਉਣ ਲਈ ਦਿੱਤਾ ਗਿਆ ਸਹਿਯੋਗ ਹੈ। ਕਿਸਾਨ ਆਗੂਆਂ ਨੇ ਸਮੂਹ ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕਾਂ, ਸਮੂਹ ਲੰਗਰ ਕਮੇਟੀਆਂ, ਸਮੂਹ ਅਤੁੱਟ ਲੰਗਰ ਵਰਤਾਉਣ ਤੇ ਲੰਗਰਾਂ ਵਿੱਚ ਸੇਵਾ ਕਰਨ ਵਾਲੇ ਸਾਰੇ ਸੇਵਾਦਾਰ ਵੀਰਾਂ-ਭੈਣਾਂ ਦਾ ਵੀ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਭ ਗੁਰੂ ਨਾਨਕ ਦੇਵ ਜੀ ਦੇ ਲੰਗਰਾਂ ਦੀਆਂ ਹੀ ਬਰਕਤਾਂ ਹਨ। ਕਿਸਾਨ ਆਗੂਆਂ ਦੀ ਸਿਹਤ ਦੀ ਮੈਡੀਕਲ ਜਾਂਚ ਮਾਤਾ ਕੁਸ਼ੱਲਿਆ ਦੇਵੀ ਹਸਪਤਾਲ ਵਿੱਚ ਕਰਨ ਉਪਰੰਤ ਅੱਗੇ ਦੀ ਮੈਡੀਕਲ ਸਹਾਇਤਾ ਲਈ ਕਿਸਾਨ ਆਗੂਆਂ ਦੀ ਰਿਹਾਇਸ਼ ਨੇੜਲੇ ਹਸਪਤਾਲਾਂ ਨੂੰ ਸੂਚਿਤ ਕਰਨ ਉਪਰੰਤ ਕਿਸਾਨ ਆਗੂਆਂ ਦਾ ਕਾਫਲਾ ਉਨ੍ਹਾਂ ਦੇ ਜ਼ਿਲ੍ਹਿਆਂ ਲਈ ਫਤਿਹ ਮਾਰਚ ਦੇ ਰੂਪ ਵਿੱਚ ਰਵਾਨਾ ਹੋ ਗਿਆ।

# ਇਫਕੋ ਵੱਲੋਂ ਜ਼ਿਲ੍ਹਾ ਸਹਿਕਾਰੀ ਸੰਮੇਲਨ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਵਿਸ਼ਵ ਦੀ ਸਭ ਤੋਂ ਵੱਡੀ ਸਹਿਕਾਰੀ ਸੰਸਥਾ ਇਫਕੋ ਵੱਲੋਂ ਫ਼ਿਰੋਜ਼ਪੁਰ ਵਿਖੇ ਸਹਿਕਾਰੀ ਸੰਮੇਲਨ ਕਰਵਾਇਆ ਗਿਆ, ਜਿਸ ਵਿੱਚ ਉਮੇਸ਼ ਕੁਮਾਰ ਵਰਮਾ ਸੰਯੁਕਤ ਰਜਿਸਟਰਾਰ ਸਹਿਕਾਰੀ ਸਭਾਵਾਂ ਫ਼ਿਰੋਜ਼ਪੁਰ ਮੰਡਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਕਾਨਫ਼ਰੰਸ ਦੀ ਪ੍ਰਧਾਨਗੀ ਸ਼੍ਰੀਮਤੀ ਸੰਧਿਆ ਸ਼ਰਮਾ ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਫ਼ਿਰੋਜ਼ਪੁਰ ਨੇ ਕੀਤੀ। ਇਸ ਮੌਕੇ ਸੰਦੀਪ ਕੁਮਾਰ ਸਿਹਾਗ ਖੇਤਰੀ ਅਫ਼ਸਰ ਇਫਕੋ ਫ਼ਿਰੋਜ਼ਪੁਰ ਨੇ ਇਫਕੋ ਨੈਨੋ ਫਰਟੀਲਾਈਜ਼ਰਜ਼ ਬਾਰੇ ਜਾਣਕਾਰੀ ਦਿੱਤੀ। ਸੰਯੁਕਤ ਰਜਿਸਟਰਾਰ ਉਮੇਸ਼ ਕੁਮਾਰ ਵਰਮਾ ਨੇ ਇਫਕੋ ਨੈਨੋ ਯੂਰੀਆ ਤਰਲ ਤੇ ਇਫਕੋ ਨੈਨੋ ਡੀ.ਏ.ਪੀ. ਤਰਲ ਨੂੰ ਇਫਕੋ ਦੇ ਕ੍ਰਾਂਤੀਕਾਰੀ ਉਤਪਾਦ ਦੱਸਦੇ ਹੋਏ ਇਨ੍ਹਾਂ ਖਾਦਾਂ ਨੂੰ ਕਿਸਾਨ ਪੱਖੀ, ਵਾਤਾਵਰਨ ਪੱਖੀ ਦੱਸਿਆ। ਉਨ੍ਹਾਂ ਦੱਸਿਆ ਕਿ ਇਫਕੋ ਨੈਨੋ ਖਾਦ ਦੀ ਇੱਕ 500 ਮਿਲੀਲੀਟਰ ਦੀ ਬੋਤਲ ਯੂਰੀਆ ਤੇ ਡੀ.ਏ.ਪੀ. ਖਾਦ ਦੀ ਇੱਕ ਬੋਰੀ ਦੇ ਬਰਾਬਰ ਹੈ ਤੇ ਇਹ ਕਿਸਾਨ ਨੂੰ ਸਹਿਕਾਰੀ ਸਭਾਵਾਂ ਵਿੱਚ ਘੱਟ ਕੀਮਤ 'ਤੇ ਆਸਾਨੀ ਨਾਲ ਉਪਲਬਧ ਹੈ। ਸ਼ਰਮਾ ਨੇ ਸਮੂਹ ਸਹਾਇਕ ਰਜਿਸਟਰਾਰਾਂ ਤੇ ਇੰਸਪੈਕਟਰਾਂ ਨੂੰ ਅਪੀਲ ਕੀਤੀ ਕਿ ਉਹ ਇਹ ਖਾਦ ਵੱਧ ਤੋਂ ਵੱਧ ਮਾਤਰਾ ਵਿੱਚ ਸਹਿਕਾਰੀ ਸਭਾਵਾਂ ਰਾਹੀਂ ਕਿਸਾਨਾਂ ਤੱਕ ਪਹੁੰਚਾਉਣ। ਅਖੀਰ 'ਚ ਵਿਸ਼ਾਲ ਸਿਡਾਨਾ ਨੇ ਇਫਕੋ ਦੀ ਤਰਫ਼ੋਂ ਸਮੂਹ ਅਧਿਕਾਰੀਆਂ ਦਾ ਪ੍ਰੋਗਰਾਮ ਵਿੱਚ ਭਾਗ ਲੈਣ ਲਈ ਧੰਨਵਾਦ ਕੀਤਾ। ਇਸ ਮੌਕੇ ਸਰਵਣਜੀਤ ਸਿੰਘ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਫ਼ਿਰੋਜ਼ਪੁਰ, ਗੁਰਸੰਤਵੀਰ ਸਿੰਘ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਗੁਰੂ ਹਰਸਹਾਏ, ਸੁਖਜੀਤ ਸਿੰਘ ਬਰਾੜ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਗੁਰੂ ਹਰਸਹਾਏ, ਸੁਖਜੀਤ ਸਿੰਘ ਬਰਾੜ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਜ਼ੀਰਾ, ਗੁਰਬਰਿੰਦਰ ਸਿੰਘ ਸੀਨੀਅਰ ਮੈਨੇਜਰ ਜ਼ਿਲ੍ਹਾ ਸਹਿਕਾਰੀ ਬੈਂਕ, ਅੰਮ੍ਰਿਤਪਾਲ ਸਿੰਘ ਬਰਾਂਚ ਮੈਨੇਜਰ ਫ਼ਿਰੋਜ਼ਪੁਰ ਕੈਂਟ ਤੇ ਜ਼ਿਲ੍ਹੇ ਦੇ ਸਮੂਹ ਸਹਿਕਾਰੀ ਇੰਸਪੈਕਟਰ ਹਾਜ਼ਰ ਸਨ।

# ਵਿਧਾਇਕ ਨੇ ਪੀੜਤ ਕਿਸਾਨਾਂ ਨੂੰ ਆਪਣੀ ਜੇਬ 'ਚੋਂ ਦਿੱਤਾ ਮੁਆਵਜ਼ਾ

## ■ ਪਿਛਲੇ ਦਿਨੀਂ ਦੋ ਕਿਸਾਨਾਂ ਦੀ ਫਸਲ ਸੜ ਕੇ ਹੋਈ ਸੀ ਸੁਆਹ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪਿਛਲੇ ਦਿਨੀਂ ਸਥਾਨਕ ਭਾਗਸਰ ਰੋਡ 'ਤੇ ਦੋ ਕਿਸਾਨਾਂ ਦੀਆਂ ਫਸਲਾਂ ਸ਼ਾਰਟ ਸਰਕਟ ਨਾਲ ਸੜ ਕੇ ਸੁਆਹ ਹੋ ਗਈਆਂ ਸਨ। ਇਸ ਘਟਨਾ ਦੀ ਸੂਚਨਾ ਮਿਲਦਿਆਂ ਹੀ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਮੌਕੇ 'ਤੇ ਪਹੁੰਚ ਕੇ ਵਿਸ਼ਵਾਸ ਦੁਆਇਆ ਸੀ ਕਿ ਇਹ ਮੁਆਵਜ਼ਾ ਉਹ ਆਪਣੀ ਜੇਬ ਵਿੱਚੋਂ ਦੇਣਗੇ।

ਜਾਣਕਾਰੀ ਅਨੁਸਾਰ ਸਥਾਨਕ ਭਾਗਸਰ ਰੋਡ ਨਿਵਾਸੀ ਰਮਨਦੀਪ ਸਿੰਘ ਦੀ ਤਿੰਨ ਏਕੜ ਤੇ ਗੁਰਮੇਲ ਸਿੰਘ ਦੀ ਡੇਢ ਏਕੜ ਜ਼ਮੀਨ ਵਿੱਚ ਖੜੀ ਕਣਕ ਦੀ ਫਸਲ ਸੜ ਕੇ ਸੁਆਹ ਹੋ ਗਈ ਸੀ। ਇਸ ਬਾਰੇ ਪਤਾ ਚੱਲਦਿਆਂ ਸੂਬਾ ਉੱਪ ਪ੍ਰਧਾਨ ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਕਿਸਾਨਾਂ ਨੂੰ ਭਰੋਸਾ ਦੁਆਇਆ ਸੀ ਕਿ ਉਹ ਆਪਣੀ ਤਨਖਾਹ ਵਿੱਚੋਂ 35000 ਰੁਪਏ ਪ੍ਰਤੀ ਏਕੜ ਮੁਆਵਜ਼ਾ ਕਿਸਾਨਾਂ ਨੂੰ ਦੇਣਗੇ। ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਆਪਣਾ ਵਾਅਦਾ ਪੂਰਾ ਕਰਦਿਆਂ ਦੋਵਾਂ ਕਿਸਾਨਾਂ ਨੂੰ ਕਰੀਬ 1 ਲੱਖ ਰੁਪਏ ਦੀ ਨਗਦ ਰਾਸ਼ੀ ਭੇਟ ਕਰਕੇ ਕਿਸਾਨਾਂ ਦੀ ਮਦਦ ਕੀਤੀ ਤੇ ਬਾਕੀ ਰਹਿੰਦੀ ਰਾਸ਼ੀ ਵੀ ਜਲਦ ਦੇ ਦਿੱਤੀ ਜਾਵੇਗੀ। ਉਨ੍ਹਾ ਕਿਹਾ ਕਿ ਉਹ ਹਲਕੇ ਦੀਆਂ ਸਮੱਸਿਆਵਾਂ ਦੇ ਹੱਲ ਲਈ ਹਮੇਸ਼ਾ ਤੱਤਪਰ ਹਨ। ਪੀੜਤ ਕਿਸਾਨਾਂ ਨੇ ਭਰੇ ਮਨ ਨਾਲ ਆਖਿਆ ਕਿ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਸਾਡੇ ਲਈ ਰੱਬ ਬਣ ਕੇ ਆਏ ਹਨ ਤੇ ਜਿਨ੍ਹਾਂ ਨੇ ਸਾਡੀ ਪੀੜਾ ਨੂੰ ਸਮਝਿਆ ਅਤੇ ਪਹਿਲ ਦੇ ਅਧਾਰ 'ਤੇ ਇਸ ਸਮੱਸਿਆ ਦਾ ਹੱਲ ਕੀਤਾ, ਉਨ੍ਹਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੇ ਹਾਂ। ਇਸ ਮੌਕੇ ਟਰੱਕ ਯੂਨੀਅਨ ਦੇ ਪ੍ਰਧਾਨ ਸੁਖਜਿੰਦਰ ਸਿੰਘ ਬੱਬਲੂ ਬਰਾੜ, ਜਗਦੀਪ ਸਿੰਘ ਢਿੱਲੋਂ, ਜਤਿੰਦਰ ਮਹੰਤ, ਰਾਜੂ ਪੂਨੀਆ ਆਦਿ ਹਾਜ਼ਰ ਸਨ।

ਕੈਪਸ਼ਨ: ਪੀੜਤ ਕਿਸਾਨਾਂ ਨੂੰ ਆਪਣੀ ਜੇਬ ਵਿੱਚੋਂ ਮੁਆਵਜ਼ਾ ਰਾਸ਼ੀ ਦਿੰਦੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ।

# ਹਮੀਦੀ ਦੇ ਹਲਕਾ ਇੰਚਾਰਜ ਨਿਯੁਕਤ ਹੋਣ ਦੀ ਖੁਸ਼ੀ 'ਚ ਵੰਡੇ ਲੱਡੂ



**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਵਿਧਾਨ ਸਭਾ ਹਲਕਾ ਮਹਿਲ ਕਲਾਂ ਤੋਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਬੀਤੇ ਦਿਨੀਂ ਨਵ ਨਿਯੁਕਤ ਕੀਤੇ ਹਲਕਾ ਇੰਚਾਰਜ ਜਥੇਦਾਰ ਨਾਥ ਸਿੰਘ ਹਮੀਦੀ ਦੇ ਹਲਕਾ ਇੰਚਾਰਜ ਲੱਗਣ ਦੀ ਖੁਸ਼ੀ ਵਿਚ ਪਿੰਡ ਹਮੀਦੀ ਵਿਖੇ ਦਲਿਤ ਭਾਈਚਾਰੇ ਦੇ ਲੋਕਾਂ ਵੱਲੋਂ ਲੱਡੂ ਵੰਡ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਸਮੇਂ ਜਥੇਦਾਰ ਨਾਥ ਸਿੰਘ ਹਮੀਦੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਮੈਨੂੰ ਮਿਲੀ ਵੱਡੀ ਜ਼ਿੰਮੇਵਾਰੀ ਤੋਂ ਪੂਰੇ ਹਲਕੇ ਦੇ ਲੋਕਾਂ ਵਿਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਉਨ੍ਹਾ ਕਿਹਾ ਕਿ ਪਾਰਟੀ ਦੇ ਵਰਕਰਾਂ ਤੋਂ ਇਲਾਵਾ ਹਲਕੇ ਅਤੇ ਜ਼ਿਲ੍ਹੇ ਦੇ ਸਮੁੱਚੇ ਭਾਈਚਾਰੇ ਵੱਲੋਂ ਸੋਸ਼ਲ ਤੇ ਪ੍ਰਿੰਟ ਮੀਡੀਆ 'ਤੇ ਦਿੱਤੇ ਗਏ ਸਤਿਕਾਰ ਦੇ ਉਹ ਸਦਾ ਰਿਣੀ ਰਹਿਣਗੇ। ਇਸ ਸਮੇਂ ਜਥੇਦਾਰ ਹਮੀਦੀ ਨੇ ਕਿਹਾ ਕਿ ਪੰਜਾਬ ਵਿਚ ਆਪ ਦੀ ਸਰਕਾਰ ਵੱਲੋਂ ਦਲਿਤ ਭਾਈਚਾਰੇ ਨੂੰ ਮਿਲਦੀਆਂ ਲਾਭਪਾਤਰੀ ਸਕੀਮਾਂ ਨੂੰ ਬੰਦ ਕਰ ਕੇ ਲੋੜਵੰਦ ਪਰਵਾਰਾਂ ਨੂੰ ਜੋ ਖੱਜਲ ਖੁਆਰ ਕੀਤਾ ਜਾ ਰਿਹਾ ਹੈ, ਇਸ ਤੋਂ ਪੰਜਾਬ ਦੇ ਲੋਕ ਜਾਣੂ ਹੋ ਚੁੱਕੇ ਹਨ ਕਿ ਆਪ ਸਰਕਾਰ ਆਮ ਲੋਕਾਂ ਦੀ ਨਹੀਂ, ਰਜਵਾੜਿਆਂ ਪੱਖੀ ਸਰਕਾਰ ਹੈ। ਜਥੇਦਾਰ ਹਮੀਦੀ ਨੇ ਕਿਹਾ ਕਿ ਬੀਤੇ ਸਮੇਂ ਤੋਂ ਹਲਕੇ ਵਿਚ ਵੱਡੀ ਗਿਣਤੀ ਲੋੜਵੰਦ ਲੋਕਾਂ ਦੇ ਸਮਾਰਟ ਰਾਸ਼ਨ ਕਾਰਡ ਬਿਨਾਂ ਪੜਤਾਲ ਕੀਤੇ ਕੱਟ ਦਿੱਤੇ ਹਨ, ਜਿਸ ਦੀ ਜਿੰਨੀ ਨਿਖੇਧੀ ਕੀਤੀ ਜਾ ਸਕੇ, ਓਨੀ ਥੋੜ੍ਹੀ ਹੈ। ਇਸ ਮੌਕੇ ਰਾਜ ਸਿੰਘ, ਮੁਹਿੰਮਾ ਸਿੰਘ, ਅਜੈਬ ਸਿੰਘ, ਬੂਟਾ ਸਿੰਘ, ਹਰਪ੍ਰੀਤ ਸਿੰਘ, ਮੇਜਰ ਸਿੰਘ, ਪਾਲੀ ਸਿੰਘ, ਬਿੱਕਰ ਸਿੰਘ, ਗੋਰਾ ਸਿੰਘ, ਕਰਨੈਲ ਸਿੰਘ, ਰੂਪ ਸਿੰਘ, ਮਹਿੰਦਰ ਸਿੰਘ, ਸਾਬਕਾ ਪੰਚਾਇਤ ਮੈਂਬਰ ਕੁਲਦੀਪ ਕੌਰ, ਗੁਰਮੇਲ ਕੌਰ, ਕੁਸ਼ੱਲਿਆ ਦੇਵੀ, ਡਾ. ਕਮਲਜੀਤ ਸਿੰਘ, ਜੀਵਨ ਸਿੰਘ, ਅੰਗਰੇਜ ਸਿੰਘ, ਗੁਰਮੀਤ ਕੌਰ, ਸ਼ਿੰਦਰ ਕੌਰ, ਰਿੰਕੂ ਸਿੰਘ ਤੋਂ ਇਲਾਵਾ ਮੋਮੋ ਸਿੰਘ ਆਦਿ ਹਾਜ਼ਰ ਸਨ।

# ਖੇੜੀ ਨਗਾਈਆਂ ਵਿਖੇ ਦਿਹਾਤੀ ਮਜ਼ਦੂਰ ਸਭਾ ਦੀ ਮੀਟਿੰਗ

## 55 ਸਾਲ ਦੀ ਉਮਰ 'ਚ ਬੁਢਾਪਾ ਪੈਨਸ਼ਨ ਤੇ ਪੰਜ-ਪੰਜ ਮਰਲੇ ਦੇ ਪਲਾਟ ਦੇਣ ਦੀ ਮੰਗ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਦਿਹਾਤੀ ਮਜ਼ਦੂਰ ਸਭਾ ਤਹਿਸੀਲ ਕਮੇਟੀ ਪਾਤੜਾਂ ਦੀ ਮੀਟਿੰਗ ਪਿੰਡ ਖੇੜੀ ਨਗਾਈਆਂ ਵਿਖੇ ਸਾਬਕਾ ਸਰਪੰਚ ਕਰਨੈਲ ਸਿੰਘ, ਬੀਬੀ ਕਮਲੇਸ਼ ਕੌਰ ਖੇੜੀ ਤੇ ਬੀਬੀ ਪ੍ਰਕਾਸ ਬ੍ਰਾਹਮਣਮਾਜਰਾ ਦੇ ਅਧਾਰਤ ਸਾਂਝੇ ਪ੍ਰਧਾਨਗੀ ਮੰਡਲ ਹੇਠ ਹੋਈ। ਮੀਟਿੰਗ ਦੌਰਾਨ ਮਜ਼ਦੂਰਾਂ ਦੀਆਂ ਚਿਰਾਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾਈ ਆਗੂ ਬਲਵਿੰਦਰ ਸਿੰਘ ਸਮਾਣਾ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਦੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਕਰਕੇ ਦਿਹਾਤੀ ਮਜ਼ਦੂਰ ਦਿਨੋਂ ਦਿਨ ਗਰੀਬ ਹੋ ਰਹੇ ਹਨ, ਜਦੋਂਕਿ ਸਰਮਾਏਦਾਰ, ਜਗੀਰਦਾਰ ਲੋਕ ਅਮੀਰ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਪਿੰਡਾਂ ਵਿੱਚ ਕੁਝ ਲੋਕ ਗਰੀਬਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਦਾ ਵਿਰੋਧ ਕਰਦੇ ਹਨ ਜਾਂ ਗਰੀਬ ਲੋਕਾਂ ਨੂੰ ਜਾਤੀਸੂਚਕ ਸ਼ਬਦ ਬੋਲਦੇ ਹਨ। ਅਜਿਹੇ ਲੋਕਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਬਦਲਾਅ ਦਾ ਨਾਅਰਾ ਲੈ ਕੇ ਆਈ ਸੀ, ਪਰ ਅਮਲੀ ਰੂਪ ਵਿੱਚ ਹਾਲੇ ਤੱਕ ਬਦਲਿਆ ਨਜ਼ਰ ਨਹੀਂ ਆਇਆ। ਉਨ੍ਹਾਂ ਮੰਗ ਕੀਤੀ ਕਿ ਹਰ ਇੱਕ ਗਰੀਬ ਮਜ਼ਦੂਰ ਇਸਤਰੀ-ਮਰਦ ਨੂੰ 55 ਸਾਲ ਦੀ ਉਮਰ ਵਿੱਚ ਬੁਢਾਪਾ ਪੈਨਸ਼ਨ ਲਗਾਈ ਜਾਵੇ। ਮੀਟਿੰਗ ਵਿੱਚ ਪਾਸ ਇਕ ਮਤੇ ਰਾਹੀਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪਿੰਡਾਂ ਵਿੱਚ ਰਹਿੰਦੇ ਗਰੀਬ ਤੇ ਲੋੜਵੰਦ ਲੋਕਾਂ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਪੰਜ-ਪੰਜ ਮਰਲੇ ਦੇ ਪਲਾਟ ਦੇਣ ਦੇ ਨਾਲ-ਨਾਲ ਮਕਾਨ ਬਣਾਉਣ ਵਾਸਤੇ ਸਹਾਇਤਾ ਰਾਸ਼ੀ ਪ੍ਰਦਾਨ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਆਗੂ ਪੂਰਨ ਚੰਦ ਨਨਹੇੜਾ, ਸੂਬਾਈ ਆਗੂ ਮਲਕੀਤ ਸਿੰਘ ਨਿਹਾਲ, ਭੱਠਾ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪ੍ਰਲਾਦ ਸਿੰਘ ਨਿਆਲ ਤੇ ਸਾਥੀ ਮਿਸਰਾ ਸਿੰਘ ਖੇੜੀ ਹਾਜ਼ਰ ਸਨ।

# ਵਿਕਾਸ ਮਿਸ਼ਨ ਨੇ ਲੜਕੀਆਂ ਦੀ ਕ੍ਰਿਕਟ ਟੀਮ ਦਾ ਕੀਤਾ ਸਵਾਗਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਦੇ ਉੱਚ ਪੱਧਰੀ ਵਫਦ ਨੇ ਕੋਟਕਪੂਰਾ ਰੋਡ ਸਥਿਤ ਰਾਹਤ ਹੋਟਲ ਵਿਖੇ ਫਿਰੋਜ਼ਪੁਰ ਡਿਸਟ੍ਰਿਕਟ ਕ੍ਰਿਕਟ ਐਸੋਸੀਏਸ਼ਨ ਵੱਲੋਂ ਬਣਾਈ ਗਈ ਲੜਕੀਆਂ ਦੀ ਕ੍ਰਿਕਟ ਟੀਮ ਦਾ ਸਵਾਗਤ ਕੀਤਾ। ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠਲੇ ਇਸ ਵਫਦ ਵਿੱਚ ਮਿਸ਼ਨ ਦੇ ਚੇਅਰਮੈਨ ਇੰਜ. ਅਸ਼ੋਕ ਕੁਮਾਰ ਭਾਰਤੀ, ਸੀਨੀਅਰ ਮੀਤ ਪ੍ਰਧਾਨ ਨਿਰੰਜਣ ਸਿੰਘ ਰੱਖਰਾ, ਸੀਨੀਅਰ ਮੈਂਬਰ ਸੰਜੀਵ ਮਿੱਡਾ, ਮੈਡਮ ਰੁਪਿੰਦਰ ਬੱਤਰਾ ਐੱਮ.ਸੀ., ਅਰਸ਼ ਬੱਤਰਾ ਤੇ ਪ੍ਰਸ਼ੋਤਮ ਗਿਰਧਰ ਆਰ. ਏ. ਆਦਿ ਸ਼ਾਮਲ ਸਨ। ਅੰਤਰਰਾਸ਼ਟਰੀ ਗੋਲਡ ਮੈਡਲਿਸਟ ਤੇ ਕ੍ਰਿਕਟਰ ਪ੍ਰੋ. ਨੇਹਾ ਖਾਨ ਵੱਲੋਂ ਜ਼ਿਲ੍ਹਾ ਫਿਰੋਜ਼ਪੁਰ ਅੰਦਰ ਪਹਿਲੀ ਵਾਰ ਲੜਕੀਆਂ ਦੀ ਕ੍ਰਿਕਟ ਟੀਮ ਗਠਿਤ ਕੀਤੀ ਗਈ ਹੈ।

ਟੀਮ ਵਿੱਚ ਅਮਨਜੀਤ ਕੌਰ, ਬਬਲਜੀਤ ਕੌਰ, ਪ੍ਰਭਦੀਪ ਕੌਰ, ਸਿਮਰਨਜੀਤ ਕੌਰ, ਗੁਰਲੀਨ ਕੌਰ, ਸਿਮਰਨਪ੍ਰੀਤ ਕੌਰ, ਗੁਰਲੀਨ ਕੌਰ, ਸ਼ਿਬਾਨਾ, ਹਰਸ਼ਿਕਾ, ਰਬਾਬ ਸ਼ਰਮਾ, ਕਿਰਨਦੀਪ ਕੌਰ, ਰੋਜ਼ੀ, ਰੋਜ਼ਪ੍ਰੀਤ ਕੌਰ, ਸਿਮਰਨਜੀਤ ਕੌਰ, ਅਵਨੀਤ ਕੌਰ ਤੇ ਅਭਿਲਾਸ਼ਾ ਸਮੇਤ 16 ਖਿਡਾਰਣਾਂ ਸ਼ਾਮਲ ਹਨ। ਸਵਾਗਤੀ ਮੁਲਾਕਾਤ ਦੌਰਾਨ ਟੀਮ ਦੀ ਕੋਚ ਪ੍ਰੋ. ਨੇਹਾ ਖਾਨ ਤੇ ਮੈਨੇਜਰ ਰਾਜਿੰਦਰ ਰਾਏ ਨੇ ਖਿਡਾਰਣਾਂ ਦੀ ਮਿਸ਼ਨ ਮੁਖੀ ਸ੍ਰੀ ਢੋਸੀਵਾਲ ਤੇ ਹੋਰਨਾਂ ਨਾਲ ਜਾਣ ਪਛਾਣ ਕਰਵਾਈ।

ਮਿਸ਼ਨ ਪ੍ਰਧਾਨ ਨੇ ਆਪਣੇ ਜ਼ਿਲ੍ਹੇ ਅੰਦਰ ਪਹਿਲੀ ਵਾਰ ਲੜਕੀਆਂ ਦੀ ਕ੍ਰਿਕਟ ਟੀਮ ਗਠਿਤ ਕਰਨ 'ਤੇ ਵਧਾਈ ਦਿੱਤੀ। ਮਿਸ਼ਨ ਨੇ ਸਮੁੱਚੀ ਟੀਮ ਨੂੰ ਸਥਾਨਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦਾ ਸ਼ਾਨਦਾਰ ਸਰੂਪ ਵੀ ਭੇਟ ਕੀਤਾ।

19-June-PAGE-11-Majha.qxd 6/18/2023 8:34 PM Page 1



# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਅੱਜ ਕਰੇਗੀ ਕਟਾਰੂਚੱਕ ਦੇ ਘਰ ਦਾ ਘਿਰਾਓ

**ਗੁਰਦਾਸਪੁਰ,** (**ਜਨਕ ਮਹਾਜਨ**)- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵਲੋਂ ਪੰਜਾਬ ਭਰ ਵਿੱਚ 19 ਜੂਨ ਨੂੰ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਅਤੇ ਮੰਤਰੀਆਂ ਦੇ ਘਰਾਂ ਅੱਗੇ ਧਰਨੇ ਉਲੀਕੇ ਗਏ ਹਨ। ਧਰਨੇ ਸੰਬਧੀ ਜ਼ੋਨ ਸੰਤ ਬਾਬਾ ਲਾਲ ਸਿੰਘ ਕੁੱਲੀ ਵਾਲੇ ਦੀ ਮੀਟਿੰਗ ਭੈਣੀ ਮੀਆਂ ਖਾਂ ਵਿਖੇ ਹੋਈ। ਜ਼ੋਨ ਸੰਤ ਬਾਬਾ ਲਾਲ ਸਿੰਘ ਕੁੱਲੀ ਵਾਲੇ ਦੇ ਕਿਸਾਨ ਪੰਜਾਬ ਸਰਕਾਰ ਦੇ ਮੰਤਰੀ ਲਾਲ ਚੰਦ ਕਟਾਰੂਚੱਕ ਦੇ ਘਰ ਅੱਗੇ ਧਰਨਾ ਦੇਣਗੇ। ਇਸ ਮੌਕੇ ਜ਼ੋਨ ਪ੍ਰਧਾਨ ਨਿਸ਼ਾਨ ਸਿੰਘ ਚਾਹਲ, ਸੋਹਣ ਸਿੰਘ ਗਿੱਲ, ਕੈਪਟਨ ਸਮਿੰਦਰ ਸਿੰਘ, ਗੁਰਪ੍ਰੀਤ ਨਾਨੋਵਾਲ ਦੱਸਿਆ ਕਿ ਇਹ ਧਰਨਾ ਜੰਮੂ ਕਟੜਾ ਐਕਸਪ੍ਰੈਸ ਵੇਅ ਅਧੀਨ ਆ ਰਹੀਆਂ ਜ਼ਮੀਨਾਂ ਦਾ ਯੋਗ ਮੁਆਵਜ਼ਾ ਲੈਣ, ਅਬਾਦਕਾਰਾਂ ਨੂੰ ਪੱਕੇ ਮਾਲਕੀ ਹੱਕ ਦਿਵਾਉਣ, ਨਸ਼ਿਆਂ ਦੇ ਵਗ ਰਹੇ ਦਰਿਆ ਨੂੰ ਠੱਲ ਪਾਉਣ, ਚਿੱਪ ਵਾਲੇ ਬਿਜਲੀ ਦੇ ਮੀਟਰ ਜੋ ਕੇ ਕਾਰਪੋਰੇਟ ਜਗਤ ਨੂੰ ਫਾਇਦਾ ਪਹੁੰਚਾਉਣ ਵਾਸਤੇ ਲਗਾਏ ਜਾ ਰਹੇ ਹਨ। ਉਹਨਾਂ ਦਾ ਵਿਰੋਧ ਕਰਨ, ਚਿਪ ਵਾਲੇ ਪਰੀਪੇਡ ਮੀਟਰ ਲਗਾਉਣੇ ਬੰਦ ਕਰਵਾਉਣ ਅਤੇ ਬਿਜਲੀ ਬੋਰਡ ਦੇ ਪੁਰਾਣੇ ਸਰੂਪ ਨੂੰ ਬਹਾਲ ਕਰਾਉਣ, ਪੁਲਸ ਪ੍ਰਸ਼ਾਸਨ ਅਤੇ ਸਰਕਾਰ ਵੱਲੋਂ ਕਿਸਾਨਾਂ ਅਤੇ ਮਜ਼ਦੂਰਾਂ 'ਤੇ ਕੀਤੇ ਝੂਠੇ ਪਰਚੇ ਰੱਦ ਕਰਵਾਉਣ ਲਈ ਲਗਾਇਆ ਜਾ ਰਿਹਾ ਹੈ। ਕਿਸਾਨ ਆਗੂਆਂ ਦੱਸਿਆ ਕਿ ਜ਼ਿਲਾ ਗੁਰਦਾਸਪੁਰ ਪ੍ਰਸ਼ਾਸਨ ਵਲੋਂ ਧੱਕੇ ਨਾਲ ਬਿਨਾਂ ਪੈਸੇ ਦਿੱਤੇ ਕਿਸਾਨਾਂ ਦੀ ਜ਼ਮੀਨ ਐਕਵਾਇਰ ਕੀਤੀ ਜਾ ਰਹੀ ਹੈ। ਅਜੇ ਤਕ 80 ਪ੍ਰਤੀਸ਼ਤ ਕਿਸਾਨਾਂ ਨੇ ਪੈਸੇ ਨਹੀਂ ਲਏ ਹਨ। ਪੰਜਾਬ ਸਰਕਾਰ ਨਾਲ ਹੋਈ ਮੀਟਿੰਗ ਦੌਰਾਨ ਸਰਕਾਰ ਨੇ ਮੰਨਿਆ ਸੀ ਕਿ ਕਿਸਾਨਾਂ ਨੂੰ 1 ਕਰੋੜ 18 ਲੱਖ ਨੇ ਨਵੇਂ ਅਵਾਰਡ ਨਾਲ ਪਹਿਲਾਂ ਪੈਸੇ ਦਿੱਤੇ ਜਾਣਗੇ ਅਤੇ ਫਿਰ ਜ਼ਮੀਨ 'ਤੇ ਕਬਜ਼ਾ ਕੀਤਾ ਜਾਵੇਗਾ ਪਰ ਹੋ ਇਸਦੇ ਉਲਟ ਰਿਹਾ। ਹੁਣ ਕੱਲ ਦੇ ਧਰਨੇ ਤੋਂ ਬਾਅਦ ਜਲਦੀ ਵੱਡਾ ਸੰਘਰਸ ਉਲੀਕਿਆ ਜਾਵੇਗਾ ਜਿਸਦੀ ਜ਼ਿੰਮੇਵਾਰ ਪੰਜਾਬ ਸਰਕਾਰ ਅਤੇ ਜ਼ਿਲਾ ਗੁਰਦਾਸਪੁਰ ਦਾ ਪ੍ਰਸ਼ਾਸਨ ਹੋਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਵਿੰਦਰ ਸਿੰਘ ਮੂਲਾਵਾਲ, ਜਰਨੈਲ ਸਿੰਘ ਲਾਧੂਪੁਰ, ਉੱਤਮ ਸਿੰਘ ਬਾਗੜੀਆ, ਜਸਬੀਰ ਸਿੰਘ ਗੁਰਾਇਆ, ਲਖਵਿੰਦਰ ਸਿੰਘ, ਜਸਬੀਰ ਸਿੰਘ, ਸਲਵਿੰਦਰ ਸਿੰਘ ਰਿਆੜ, ਰਮੇਸ਼ ਚੰਦਰ ਸ਼ਰਮਾ, ਡਾਕਟਰ ਨਿਸ਼ਾਨ ਸਿੰਘ, ਮਨੋਹਰ ਸਿੰਘ, ਹਰਭਜਨ ਸਿੰਘ ਭੱਜਾ ਕਿਸਾਨ ਆਗੂ ਹਾਜ਼ਰ ਸਨ।

## ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਦੇ ਚਾਰ ਕੈਡਿਟ ਬਣੇ ਭਾਰਤੀ ਹਵਾਈ ਸੈਨਾ ਦੇ ਕਮਿਸ਼ਨਡ ਅਫਸਰ

**ਚੰਡੀਗੜ੍ਹ,** (**ਗੁਰਜੀਤ ਬਿੱਲਾ**) ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ ਪ੍ਰੈਪਰੇਟਰੀ ਇੰਸਟੀਚਿਊਟ (ਏ ਐਫ ਪੀ ਆਈ), ਐਸ ਏ ਐਸ ਨਗਰ (ਮੋਹਾਲੀ) ਦੇ ਚਾਰ ਕੈਡਿਟਾਂ ਇਸ਼ਾਨ ਬਖਸ਼ੀ, ਮਨਰਾਜ ਸਿੰਘ ਸਾਹਨੀ, ਹਰਸ਼ਿਤ ਬਖਸ਼ੀ ਅਤੇ ਅਰਮਾਨਦੀਪ ਸਿੰਘ ਸੋਢੀ ਨੂੰ ਏਅਰ ਫੋਰਸ ਅਕੈਡਮੀ, ਡੰਡੀਗਲ, ਹੈਦਰਾਬਾਦ ਵਿਖੇ ਸ਼ਾਨਦਾਰ ਪਾਸਿੰਗ ਆਊਟ ਪਰੇਡ ਉਪਰੰਤ ਭਾਰਤੀ ਹਵਾਈ ਸੈਨਾ ਵਿੱਚ ਕਮਿਸ਼ਨ ਮਿਲ ਗਿਆ ਹੈ। ਭਾਰਤ ਦੇ ਰਾਸ਼ਟਰਪਤੀ ਅਤੇ ਹਥਿਆਰਬੰਦ ਸੈਨਾਵਾਂ ਦੇ ਸੁਪਰੀਮ ਕਮਾਂਡਰ ਸ੍ਰੀਮਤੀ ਦ੍ਰੋਪਦੀ ਮੁਰਮੂ ਨੇ ਪਾਸਿੰਗ ਆਊਟ ਪਰੇਡ ਦਾ ਨਿਰੀਖਣ ਕੀਤਾ। ਇਨ੍ਹਾਂ ਕੈਡਿਟਾਂ ਸਮੇਤ ਪਿਛਲੇ 11 ਸਾਲਾਂ ਵਿੱਚ ਮਹਾਰਾਜਾ ਰਣਜੀਤ ਸਿੰਘ ਏ ਐਫ ਪੀ ਆਈ ਦੇ ਕੁੱਲ 140 ਕੈਡਿਟ ਭਾਰਤੀ ਹਥਿਆਰਬੰਦ ਸੈਨਾਵਾਂ 'ਚ ਕਮਿਸ਼ਨਡ ਅਫ਼ਸਰ ਵਜੋਂ ਸ਼ਾਮਲ ਹੋਏ ਹਨ। ਇਨ੍ਹਾਂ ਕੈਡਿਟਾਂ ਨੂੰ ਭਾਰਤੀ ਹਵਾਈ ਸੈਨਾ 'ਚ ਅਫਸਰ ਬਣਨ ਉਤੇ ਵਧਾਈ ਦਿੰਦਿਆਂ ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਸਮੁੱਚੇ ਪੰਜਾਬ ਨੂੰ ਇਨ੍ਹਾਂ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਮਾਣ ਹੈ।

ਕੈਬਨਿਟ ਮੰਤਰੀ ਨੇ ਸਾਰੇ ਕੈਡਿਟਾਂ ਨੂੰ ਸੁਨਹਿਰੀ ਭਵਿੱਖ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ। ਮਹਾਰਾਜਾ ਰਣਜੀਤ ਸਿੰਘ ਏ ਐਫ ਪੀ ਆਈ ਦੇ ਡਾਇਰੈਕਟਰ ਮੇਜਰ ਜਨਰਲ ਅਜੈ ਐਚ.ਚੌਹਾਨ (ਸੇਵਾਮੁਕਤ) ਨੇ ਕੈਡਿਟਾਂ ਨੂੰ ਇੰਸਟੀਚਿਊਟ ਦੇ ਮੋਟੋ 'ਨਿਸਚੈ ਕਰਿ ਅਪੁਨੀ ਜੀਤ ਕਰੋ' ਉਤੇ ਖਰਾ ਉਤਰਨ ਅਤੇ ਪੰਜਾਬ ਦੇ ਯੋਗ ਸਪੂਤ ਅਤੇ ਮੁਲਕ ਦੇ ਸੱਚੇ ਸਿਪਾਹੀ ਬਣਨ ਦਾ ਸੱਦਾ ਦਿੱਤਾ।

## ਸੀਨੀਅਰ ਪੱਤਰਕਾਰ ਨਰਿੰਦਰ ਸਿੰਘ ਸੋਨੀਆ ਦਾ ਵਤਨ ਪਹੁੰਚਣ 'ਤੇ ਨਿੱਘਾ ਸੁਆਗਤ



**ਸੁਲਤਾਨਪੁਰ ਲੋਧੀ** (**ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ**)- ਹਲਕਾ ਸੁਲਤਾਨਪੁਰ ਲੋਧੀ ਦੇ ਸੰਯੁਕਤ ਕਿਸਾਨ ਮੋਰਚੇ ਅਤੇ ਸੀ ਪੀ ਆਈ ਦੇ ਆਗੂਆਂ ਵੱਲੋਂ ਉੱਘੇ ਸਮਾਜ ਸੇਵੀ ਅਤੇ ਸੀਨੀਅਰ ਪੱਤਰਕਾਰ ਨਰਿੰਦਰ ਸਿੰਘ ਸੋਨੀਆ ਦਾ ਆਸਟ੍ਰੇਲੀਆ ਦੀ ਧਰਤੀ ਤੋਂ ਵਾਪਸ ਆਉਣ 'ਤੇ ਨਿੱਘਾ ਸੁਆਗਤ ਕੀਤਾ ਗਿਆ। ਇਸ ਸਮੇਂ ਇਕ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਨਰਿੰਦਰ ਸਿੰਘ ਸੋਨੀਆ ਨੇ ਕਿਹਾ ਕਿ ਇਨਸਾਨ ਖੁਦ ਦੀ ਜ਼ਿੰਦਗੀ ਦੇ ਨਾਲ ਨਾਲ ਆਪਣੇ ਬੱਚਿਆਂ ਦੀ ਜ਼ਿੰਦਗੀ ਬਾਰੇ ਵੀ ਬਹੁਤ ਸਾਰੇ ਸੁਪਨੇ ਵੇਖਦਾ ਹੈ। ਬਹੁਤ ਸਾਰੇ ਮਾਪੇ ਖੁਦ ਦੀ ਜ਼ਿੰਦਗੀ ਵਿੱਚ ਪੂਰੇ ਨਾ ਕੀਤੇ ਜਾ ਸਕਣ ਵਾਲੇ ਸੁਪਨਿਆਂ ਨੂੰ ਬੱਚਿਆਂ ਦੇ ਸੁਪਨਿਆਂ ਦੀ ਪੂਰਤੀ ਨਾਲ ਸਾਕਾਰ ਕਰਨ ਦੀ ਇੱਛਾ ਰੱਖਦੇ ਹਨ। ਜ਼ਿੰਦਗੀ ਵਿੱਚ ਬੱਚਿਆਂ ਨੂੰ ਚੰਗੇ ਮੁਕਾਮ 'ਤੇ ਪਹੁੰਚਾਉਣ ਲਈ ਮਾਪੇ ਬੱਚੇ ਦੇ ਬਚਪਨ ਤੋਂ ਹੀ ਕੋਸ਼ਿਸ਼ਾਂ ਸ਼ੁਰੂ ਕਰ ਦਿੰਦੇ ਹਨ। ਬੱਚਿਆਂ ਨੂੰ ਉੱਚ ਮੁਕਾਮ 'ਤੇ ਪਹੁੰਚਾ ਕੇ ਖੁਦ ਦੇ ਸੁਪਨਿਆਂ ਦੀ ਪੂਰਤੀ ਲਈ ਮਾਪੇ ਬਹੁਤ ਸਾਰੀਆਂ ਤੰਗੀਆਂ ਤੁਰਸ਼ੀਆਂ ਨਾਲ ਦੋ ਚਾਰ ਹੁੰਦੇ ਹਨ। ਉਨ੍ਹਾ ਕਿਹਾ ਕਿ ਵਿਦੇਸ਼ 'ਚ ਵੱਸਣਾ ਕੋਈ ਸੌਖਾ ਕੰਮ ਨਹੀਂ। ਉਨ੍ਹਾ ਕਿਹਾ ਕਿ ਪੰਜਾਬ ਤਾਂ ਹੁਣ ਇਸ ਕੰਮ ਦਾ ਹੱਬ ਬਣ ਚੁੱਕਿਆ ਹੈ। ਹਰ ਕੋਈ ਵਿਦੇਸ਼ ਜਾਣਾ ਚਾਹੁੰਦਾ ਹੈ। ਵਿਦੇਸ਼ ਜਾ ਕੇ ਉੱਥੋਂ ਡਾਲਰਾਂ-ਪੌਂਡਾਂ ਦੇ ਝੋਲੇ ਭਰਨ ਦਾ ਫੋਕਾ ਸੁਪਨਾ ਸਾਡੇ ਨੌਜਵਾਨ ਆਪਣੇ ਦਿਲਾਂ 'ਚ ਸਮੋਈ ਬੈਠੇ ਹਨ। ਉਹ ਕਿਸੇ ਨਾ ਕਿਸੇ ਤਰੀਕੇ ਵਿਦੇਸ਼ ਦੀ ਧਰਤੀ 'ਤੇ ਪਹੁੰਚਣ ਦੀਆਂ ਤਰਕੀਬਾਂ ਹਰ ਵਕਤ ਘੜਦੇ ਰਹਿੰਦੇ ਹਨ। ਕੱਚ-ਘਰੜ ਖ਼ੁਦਗਰਜ਼ ਟ੍ਰੈਵਲ ਏਜੰਟਾਂ ਦੇ ਧੱਕੇ ਚੜ੍ਹ ਕੇ ਇਹ ਨੌਜਵਾਨ ਲੱਖਾਂ ਰੁਪਏ ਏਜੰਟਾਂ ਨੂੰ ਦੇ ਕੇ ਕਿਸੇ ਵੀ ਜਾਇਜ਼-ਨਜਾਇਜ਼ ਤਰੀਕੇ ਨੂੰ ਅਪਨਾਉਂਦੇ ਹੋਏ ਵਿਦੇਸ਼ ਜਾਣ ਲਈ ਅਪਣੀ ਜਾਨ ਜੋਖਮ 'ਚ ਪਾਉਣ ਤੋਂ ਨਹੀਂ ਡਰਦੇ। ਪਰ ਸਾਡੇ ਨੌਜਵਾਨਾਂ ਨੂੰ ਇਸ ਤਰ੍ਹਾਂ ਵਿਦੇਸ਼ ਨਹੀਂ ਜਾਣਾ ਚਾਹੀਦਾ। ਹੁਣ ਤਾਂ ਇਨ੍ਹਾਂ ਨੌਜਵਾਨਾਂ ਵਾਂਗ ਸਾਡੀਆਂ ਪੰਜਾਬੀ ਕੁੜੀਆਂ ਵੀ ਇਹੀ ਰਸਤਾ ਅਪਣਾਉਣ ਤੋਂ ਗੁਰੇਜ਼ ਨਹੀਂ ਕਰਦੀਆਂ। ਹਜ਼ਾਰਾਂ ਗ਼ੈਰ-ਕਾਨੂੰਨੀ ਪ੍ਰਵਾਸੀ ਭਾਰਤੀਆਂ 'ਚ ਵੱਡੀ ਗਿਣਤੀ ਪੰਜਾਬੀ ਨੌਜਵਾਨਾਂ ਦੀ ਹੀ ਹੁੰਦੀ ਹੈ। ਉਨ੍ਹਾ ਕਿਹਾ ਕਿ ਹਰ ਥਾਂ ਨੌਜਵਾਨ ਪੀੜ੍ਹੀ ਨੇ ਵੱਧ ਚੜ੍ਹ ਕੇ ਆਪਣਾ ਯੋਗਦਾਨ ਪਾਇਆ ਹੈ। ਭਾਵੇਂ ਕਿਸਾਨੀ ਅੰਦੋਲਨ ਹੋਵੇ ਤੇ ਭਾਵੇਂ ਕਰੋਨਾ ਕਾਲ ਪਰ ਅੱਜ ਦਾ ਨੌਜਵਾਨ ਮਹਿੰਗੀਆਂ-ਮਹਿੰਗੀਆਂ ਪੜ੍ਹਾਈਆਂ ਪੜ੍ਹ ਕੇ ਵੀ ਨੌਕਰੀਆਂ ਲਈ ਦਰ-ਦਰ ਦੀਆਂ ਠੋਕਰਾਂ ਖਾ ਰਿਹਾ ਹੈ। ਨੌਕਰੀਆਂ ਦੀ ਭਾਲ ਲਈ ਆਪਣਾ ਮੁਲਕ ਛੱਡ ਕੇ ਬਾਹਰਲੇ ਮੁਲਕਾਂ ਕੈਨੇਡਾ, ਆਸਟ੍ਰੇਲੀਆ, ਅਮਰੀਕਾ, ਯੂ.ਕੇ., ਨਿਊਜ਼ੀਲੈਂਡ ਆਦਿ ਦੇਸ਼ਾਂ 'ਚ ਜਾਣ ਲਈ ਮਜਬੂਰ ਹਨ। ਉਨ੍ਹਾ ਕਿਹਾ ਕਿ ਕਾਸ਼ ਅਸੀਂ ਇਹ ਸਭ ਕੁਝ ਆਪਣੇ ਨੌਜਵਾਨ ਨੂੰ ਦੇ ਸਕਦੇ, ਜੋ ਬੇਗਾਨੇ ਮੁਲਕ ਉਨ੍ਹਾਂ ਨੂੰ ਦੇ ਰਹੇ ਹਨ। ਉਹ ਕਦੇ ਵੀ ਵਿਦੇਸ਼ ਨਾ ਜਾਂਦੇ। ਇਸ ਮੌਕੇ ਵਿਦੇਸ਼ ਤੋਂ ਆਉਣ ਵਾਲੇ ਜਸਵੰਤ ਸਿੰਘ ਨੂੰ ਵੀ ਗੁਲਦਸਤਾ ਭੇਟ ਕਰਕੇ ਸੁਆਗਤ ਕੀਤਾ। ਇਸ ਮੌਕੇ ਐਡਵੋਕੇਟ ਰਜਿੰਦਰ ਸਿੰਘ ਰਾਣਾ ਨੇ ਉਨ੍ਹਾ ਨੂੰ ਜੀ ਆਇਆਂ ਆਖਿਆ । ਇਸ ਮੌਕੇ ਰਸ਼ਪਾਲ ਸਿੰਘ ਸੂਬਾ ਸਕੱਤਰ ਕਿਰਤੀ ਕਿਸਾਨ ਯੂਨੀਅਨ, ਜਸਵੰਤ ਸਿੰਘ, ਮੁਕੰਦ ਸਿੰਘ, ਸਰਵਨ ਸਿੰਘ ਕਰਮਜੀਤ ਪੁਰ, ਸੁਖਵਿੰਦਰ ਸਿੰਘ ਸ਼ਹਿਰੀ, ਹਰਨੇਕ ਸਿੰਘ, ਗੁਰਦੇਵ ਸਿੰਘ ਲਵਲੀ, ਲਖਵੀਰ ਸਿੰਘ, ਕਸ਼ਮੀਰ ਮੱਖੂ, ਰਾਜਵੀਰ ਸਿੰਘ ਆਦਿ ਹਾਜ਼ਰ ਸਨ।

# 'ਸੰਸਕ੍ਰਿਤਿਕ ਯਾਤਰਾ ਸਿੰਧੂ ਦਰਸ਼ਨ ਫੈਸਟੀਵਲ-2023' ਆਯੋਜਿਤ




**ਪਠਾਨਕੋਟ** (**ਦਵਿੰਦਰ ਸਿੰਘ**)-ਸੱਭਿਆਚਾਰ ਸਾਨੂੰ ਸਾਡੇ ਵਿਰਸੇ ਨਾਲ ਜੋੜਦਾ ਹੈ। ਅਗਰ ਤੁਸੀਂ ਆਪਣੀ ਮਾਂ ਬੋਲੀ ਨਾਲ ਜੁੜੇ ਰਹਿਣਾ ਚਾਹੁੰਦੇ ਹੋ ਤਾਂ ਆਪਣੇ ਸੱਭਿਆਚਾਰ ਨੂੰ ਹਮੇਸ਼ਾ ਯਾਦ ਰੱਖੋ। ਇਹ ਪ੍ਰਗਟਾਵਾ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਨੇ ਪੰਡਿਤ ਦੀਨਦਿਆਲ ਉਪਾਧਿਆਏ ਆਡੀਟੋਰੀਅਮ ਪਠਾਨਕੋਟ ਵਿਖੇ ਨਾਰਥ ਜ਼ੋਨ ਕਲਚਰ ਸੈਂਟਰ ਪਟਿਆਲਾ ਵੱਲੋਂ ਆਯੋਜਿਤ ਸੰਸਕ੍ਰਿਤਿਕ ਯਾਤਰਾ ਸਿੰਧੂ ਦਰਸ਼ਨ ਫੈਸਟੀਵਲ- 2023 ਦੌਰਾਨ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਤਿੰਦਰ ਪਾਲ ਸਿੰਘ ਖੁਰਮੀ ਜ਼ਿਲ੍ਹਾ ਤੇ ਸੈਸ਼ਨ ਜੱਜ ਪਠਾਨਕੋਟ, ਮੇਜਰ ਡਾ. ਸੁਮਿਤ ਮੁਧ ਚੀਫ ਮਨਿਸਟਰ ਫੀਲਡ ਅਫਸਰ-ਕਮ-ਸਹਾਇਕ ਕਮਿਸਨਰ ਜਰਨਲ ਪਠਾਨਕੋਟ, ਕਾਲਾ ਰਾਮ ਕਾਂਸਲ ਐੱਸਡੀਐੱਮ ਪਠਾਨਕੋਟ, ਰਾਮ ਲੁਭਾਇਆ ਜ਼ਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ, ਡਾ. ਸੁਰੇਸ਼ ਮਹਿਤਾ ਜ਼ਿਲ੍ਹਾ ਭਾਸ਼ਾ ਅਫਸਰ ਪਠਾਨਕੋਟ, ਲਛਮਣ ਸਿੰਘ ਤਹਿਸੀਲਦਾਰ ਪਠਾਨਕੋਟ, ਰਾਜ ਕੁਮਾਰ ਨਾਇਬ ਤਹਿਸੀਲਦਾਰ ਅਤੇ ਹੋਰ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਵੀ ਹਾਜ਼ਰ ਸਨ। ਸਮਾਰੋਹ ਦਾ ਆਗਾਜ਼ ਅਸਮ ਦੀ ਸੰਸਕ੍ਰਿਤੀ ਨੂੰ ਦਰਸਾਉਂਦੇ ਹੋਏ ਲੜਕੇ ਤੇ ਲੜਕੀਆਂ ਨੇ ਆਪਣੇ ਕਲਚਰ ਨੂੰ ਫੋਕ ਸੌਂਗ ਤੇ ਡਾਂਸ ਦੇ ਮਾਧਿਅਮ ਨਾਲ ਪੇਸ਼ ਕੀਤਾ ਜੋ ਕਿ ਦਰਸ਼ਕਾਂ ਵੱਲੋਂ ਬਹੁਤ ਪ੍ਰਸੰਦ ਕੀਤਾ ਗਿਆ। ਇਸ ਤੋਂ ਬਾਅਦ ਸੂਬਾ ਪੰਜਾਬ ਦੇ ਸੱਭਿਆਚਾਰ ਨੂੰ ਦਰਸਾਉਂਦੀ ਪੰਜਾਬੀਅਤ ਦੀ ਪਹਿਚਾਣ ਲੁੱਡੀ ਪੇਸ਼ ਕੀਤੀ। ਅਗਲੀ ਝਲਕ ਮੰਚ ਤੇ ਮੱਧ ਪ੍ਰਦੇਸ਼ ਦੀ ਦੇਖਣ ਨੂੰ ਮਿਲੀ ਅਤੇ ਇਸ ਤੋਂ ਬਾਅਦ ਹਰਿਆਣਾ ਦਾ ਲੋਕ ਨਾਚ ਪੇਸ਼ ਕੀਤਾ ਗਿਆ। ਵਾਈਸ ਆਫ ਪੰਜਾਬ ਦੇ ਪੰਜਾਬੀ ਕਲਾਕਾਰ ਮੁਹੰਮਦ ਇਰਸ਼ਾਦ ਨੇ ਸੂਫੀ ਕਲਾਮ ਦੀ ਪੇਸ਼ਕਾਰੀ ਕਰਕੇ ਸਮਾਂ ਬੰਨ੍ਹਿਆ। ਪ੍ਰੋਗਰਾਮ ਦੌਰਾਨ ਰਾਜਸਥਾਨ ਦੀ ਝਲਕੀ ਭਵੈਈ ਡਾਂਸ ਆਕਰਸ਼ਣ ਦਾ ਕੇਂਦਰ ਰਿਹਾ ਜਿਸ ਵਿੱਚ ਕਲਾਕਾਰ ਦੇਵ ਬਿਆਸ ਵੱਲੋਂ ਸੰਸਕ੍ਰਿਤੀ ਨੂੰ ਦਿਖਾਇਆ ਗਿਆ। ਕਲਾਕਾਰ ਵੱਲੋਂ ਸਿਰ ਤੇ ਸੱਤ ਮਟਕੇ ਰੱਖ ਕੇ ਰਾਜਸਥਾਨ ਦਾ ਡਾਂਸ ਪੇਸ਼ ਕੀਤਾ ਗਿਆ। ਝਲਕੀ ਦੇ ਸਮਾਪਨ 'ਤੇ ਸਾਰੇ ਦਰਸ਼ਕ ਅਪਣੀਆਂ ਸੀਟਾਂ ਤੋਂ ਉੱਠ ਪਏ ਅਤੇ ਤਾੜੀਆਂ ਦੀ ਗੜਗੜਾਹਟ ਨਾਲ ਪੂਰਾ ਆਡੀਟੋਰੀਅਮ ਗੂੰਜ ਉਠਿਆ।

## ਬਾਹਮਣੀ ਵਾਲਾ 'ਚ ਕੈਬਨਿਟ ਮੰਤਰੀ ਦਾ ਪੁਤਲਾ ਫੂਕਿਆ



**ਪੱਟੀ** (**ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ**)- ਜਮਹੂਰੀ ਕਿਸਾਨ ਸਭਾ ਵੱਲੋਂ ਕੈਬਨਿਟ ਲਾਲਜੀਤ ਸਿੰਘ ਭੁੱਲਰ ਦਾ ਪੁਤਲਾ ਫੂਕਿਆ ਗਿਆ ਤੇ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਜਮਹੂਰੀ ਕਿਸਾਨ ਸਭਾ ਦੇ ਆਗੂ ਬਾਜ ਸਿੰਘ ਬਾਹਮਣੀ ਵਾਲਾ ਤੇ ਔਰਤ ਮੁਕਤੀ ਮੋਰਚਾ ਦੀ ਆਗੂ ਨਰਿੰਦਰ ਕੌਰ ਦੀ ਅਗਵਾਈ ਵਿੱਚ ਪੰਚਾਇਤ ਮੰਤਰੀ ਲਾਲਜੀਤ ਭੁੱਲਰ ਦਾ ਪੁਤਲਾ ਫੂਕਦਿਆਂ ਹਰਭਜਨ ਸਿੰਘ ਚੂਸਲੇਵੜ ਨੇ ਕਿਹਾ ਕਿ ਇਮਾਨਦਾਰ ਐੱਸਈ ਖਹਿਰਾ ਦੀ ਸਿਆਸੀ ਬਦਲੀ ਦੇ ਵਿਰੋਧ 'ਚ ਜਨਤਕ ਜਥੇਬੰਦੀਆਂ ਨੇ ਤਰਨ ਤਾਰਨ ਵਿਖੇ ਵਿਸ਼ਾਲ ਧਰਨਾ ਦਿੱਤਾ। ਭੁੱਲਰ ਨੇ ਜਥੇਬੰਦੀਆਂ ਨੂੰ ਸੱਦ ਕੇ ਐੱਸਈ ਗੁਰਸ਼ਰਨ ਸਿੰਘ ਖਹਿਰਾ ਦੀ ਬਦਲੀ ਰੱਦ ਕਰਨ ਦੀ ਹਾਮੀ ਭਰੀ ਪਰ ਜਦੋਂ ਲੰਮਾ ਸਮਾਂ ਖਹਿਰਾ ਦੀ ਬਦਲੀ ਰੱਦ ਨਾ ਹੋਈ ਤਾਂ ਜਨਤਕ ਜੱਥੇਬੰਦੀਆਂ ਨਾਲ ਮੈਂ ਨਾ ਮਾਨੂੰ ਵਾਲੀ ਗੱਲ ਕੀਤੀ ਤਾਂ ਜਥੇਬੰਦੀਆਂ ਇਸ ਵਾਅਦਾਖਿਲਾਫੀ ਪ੍ਰਤੀ ਲੋਕਤੰਤਰੀ ਢੰਗ ਨਾਲ ਰੋਸ ਪ੍ਰਦਰਸ਼ਨ ਕਰਨ ਤੋਂ ਬਾਅਦ ਕੈਬਨਿਟ ਮੰਤਰੀ ਦਾ ਪੁਤਲਾ ਫੂਕਿਆ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਬੱਚਿਆਂ ਵਾਲੀਆਂ ਹਰਕਤਾਂ 'ਤੇ ਉਤਰ ਆਈ ਹੈ। ਪਾਖੰਡਵਾਦ 'ਚ ਰਵਾਇਤੀ ਪਾਰਟੀਆਂ ਦੇ ਸਾਰੇ ਰਿਕਾਰਡ ਤੋੜ ਦਿੱਤੇ ਗਏ। ਆਗੂਆਂ ਨੇ ਸੂਬਾ ਸਰਕਾਰ ਤੇ ਕੈਬਨਿਟ ਮੰਤਰੀ ਭੁੱਲਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਉਨਾਂ ਵੱਲੋਂ ਸਿਆਸੀ ਪੈਂਤੜੇਬਾਜ਼ੀ ਕਰਕੇ ਜਨਤਕ ਜਥੇਬੰਦੀਆਂ ਦੇ ਆਗੂਆਂ ਦੇ ਪੁਤਲੇ ਸਾੜਨ ਦੀ ਕੋਸ਼ਿਸ਼ ਕੀਤੀ ਗਈ ਤਾਂ ਜਥੇਬੰਦੀਆਂ ਤੇ ਕੈਬਨਿਟ ਮੰਤਰੀ ਵਿਚਕਾਰ ਤਲਖੀ ਵਧੇਗੀ। ਅਜਿਹੇ ਵਿਚ ਜੇਕਰ ਕੋਈ ਨੁਕਸਾਨ ਹੁੰਦਾ ਹੈ ਤਾਂ ਉਸਦੀ ਜ਼ਿੰਮੇਵਾਰੀ ਸੂਬਾ ਸਰਕਾਰ ਅਤੇ ਲਾਲਜੀਤ ਸਿੰਘ ਭੁੱਲਰ ਦੀ ਹੋਵੇਗੀ। ਇਸ ਮੌਕੇ ਗੁਰਦੇਵ ਸਿੰਘ, ਭਜਨ ਸਿੰਘ, ਨਿਰਵੈਲ ਸਿੰਘ, ਦਰਬਾਰਾ ਸਿੰਘ, ਕਰਮਜੀਤ ਸਿੰਘ, ਉਮਰਜੀਤ ਕੌਰ, ਸਰਬਜੀਤ ਕੌਰ ਚਰਨਜੀਤ ਕੌਰ ਅਤੇ ਬੀਬੀ ਜੋਗਿੰਦਰ ਕੌਰ ਆਦਿ ਹਾਜ਼ਰ ਸਨ।

## ਐੱਸ ਐੱਚ ਓ ਸੁਖਬੀਰ ਸਿੰਘ ਵੱਲੋਂ ਪੱਤਰਕਾਰ ਭਾਈਚਾਰੇ ਨਾਲ ਵਿਸ਼ੇਸ਼ ਮੀਟਿੰਗ

**ਗੋਇੰਦਵਾਲ ਸਾਹਿਬ,** (**ਕਾਬਲ ਸਿੰਘ ਮੱਲ੍ਹੀ**)- ਥਾਣਾ ਗੋਇੰਦਵਾਲ ਸਾਹਿਬ ਦੇ ਨਵ-ਨਿਯੁਕਤ ਐੱਸਐੱਚਓ ਸੁਖਬੀਰ ਸਿੰਘ ਵੱਲੋਂ ਇਲਾਕੇ ਦੇ ਸਮੂਹ ਪੱਤਰਕਾਰ ਭਾਈਚਾਰੇ ਨਾਲ ਵਿਸ਼ੇਸ਼ ਮੀਟਿੰਗ ਕਰਦਿਆਂ ਇਲਾਕੇ ਨੂੰ ਅਪਰਾਧ ਮੁਕਤ ਕਰਨ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਲਈ ਵੱਖ-ਵੱਖ ਪਹਿਲੂਆਂ 'ਤੇ ਵਿਚਾਰ ਚਰਚਾ ਕਰਦਿਆਂ ਪ੍ਰੈੱਸ ਅਤੇ ਪਬਲਿਕ ਕੋਲੋਂ ਸਹਿਯੋਗ ਦੀ ਮੰਗ ਕੀਤੀ ਗਈ। ਇਸ ਪਲੇਠੀ ਮੀਟਿੰਗ ਦੌਰਾਨ ਵੱਖ-ਵੱਖ ਅਦਾਰਿਆਂ ਨਾਲ ਜੁੜੇ ਇਲਾਕੇ ਭਰ ਦੇ ਦਰਜਨ ਦੇ ਕਰੀਬ ਪੱਤਰਕਾਰਾਂ ਨੇ ਇਸ ਮੀਟਿੰਗ ਵਿੱਚ ਸ਼ਮੂਲੀਅਤ ਕਰਦਿਆਂ ਆਪਣੇ ਨੈਤਿਕ ਫਰਜ਼ ਅਨੁਸਾਰ ਇਲਾਕੇ ਵਿੱਚ ਸਮਾਜ ਵਿਰੋਧੀ ਅਨਸਰਾਂ ਦੀਆਂ ਵਧ ਰਹੀਆਂ ਗਤੀਵਿਧੀਆਂ ਨੂੰ ਠੱਲ੍ਹ ਪਾਉਣ ਅਤੇ ਨਸ਼ਿਆਂ ਦੇ ਪ੍ਰਕੋਪ ਨੂੰ ਜੜ੍ਹ ਤੋਂ ਖਤਮ ਕਰਨ ਲਈ ਵੱਖ-ਵੱਖ ਪਹਿਲੂਆਂ 'ਤੇ ਵਾਰਤਾਲਾਪ ਕੀਤੀ ਗਈ। ਇਸ ਮੌਕੇ ਪੁਲਸ ਪ੍ਰਸ਼ਾਸਨ ਦੀ ਡਿਊਟੀ ਪ੍ਰਤੀ ਇਲਾਕੇ ਵਿੱਚ ਪੂਰੀ ਤਰ੍ਹਾ ਚੁਸਤ-ਦਰੁਸਤ ਰਹਿਣ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਐੱਸਐੱਚਓ ਸੁਖਬੀਰ ਸਿੰਘ ਨੇ ਆਖਿਆ ਕਿ ਉਹ ਤਨ ਮਨ ਨਾਲ ਗੁਰੂ ਨਗਰੀ ਦੀ ਸੇਵਾ ਨਿਭਾਉਣਗੇ ਅਤੇ ਇਲਾਕੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਇਲਾਕੇ ਦੀ ਸੇਵਾ ਵਿੱਚ 24 ਘੰਟੇ ਤਤਪਰ ਰਹਿਣਗੇ। ਉਨ੍ਹਾਂ ਪ੍ਰੈੱਸ ਰਾਹੀ ਸਮਾਜ ਵਿਰੋਧੀ ਅਨਸਰਾਂ ਨੂੰ ਤਾੜਨਾ ਕਰਦਿਆਂ ਆਖਿਆ ਕਿ ਉਹ ਆਪਣੀਆਂ ਗਲਤ ਗਤੀਵਿਧੀਆਂ ਤੋਂ ਬਾਜ਼ ਆਉਣ ਅਤੇ ਨਾਲ ਹੀ ਉਨ੍ਹਾਂ ਕਸਬੇ ਵਿੱਚ ਹੁੱਲੜਬਾਜ਼ੀ ਕਰਨ ਵਾਲਿਆਂ ਨੂੰ ਵੀ ਸਮਝ ਤੋਂ ਕੰਮ ਲੈਣ ਦੀ ਹਦਾਇਤ ਕੀਤੀ। ਉਨ੍ਹਾਂ ਇਲਾਕੇ ਵਿੱਚ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰਨ ਲਈ ਇਲਾਕਾ ਨਿਵਾਸੀਆਂ ਅਤੇ ਪ੍ਰੈੱਸ ਦਾ ਸਹਿਯੋਗ ਦੇਣ ਲਈ ਅਪੀਲ ਕਰਦਿਆਂ ਐੱਸਐੱਚਓ ਸੁਖਬੀਰ ਸਿੰਘ ਨੇ ਮੀਟਿੰਗ ਵਿੱਚ ਸ਼ਮੂਲੀਅਤ ਕਰਨ ਵਾਲੇ ਸਮੂਹ ਪੱਤਰਕਾਰ ਭਾਈਚਾਰੇ ਦਾ ਧੰਨਵਾਦ ਕੀਤਾ। ਇਸ ਮੌਕੇ ਮੁੱਖ ਮੁਨਸ਼ੀ ਗੁਰਨਾਮ ਸਿੰਘ, ਗੁਰਬਿੰਦਰ ਸਿੰਘ, ਸਰਬਜੋਤ ਸਿੰਘ ਸੰਧਾ, ਰਣਜੀਤ ਸਿੰਘ ਦਿਓਲ, ਪਲਵਿੰਦਰ ਸਿੰਘ, ਬਾਵਾ ਜਤਿੰਦਰ ਸਿੰਘ, ਸ਼ੇਰੂ ਮਹਾਜਨ, ਕਾਬਲ ਸਿੰਘ ਮੱਲ੍ਹੀ, ਨਿਸ਼ਾਨ ਸਿੰਘ ਜੌਹਲ, ਨਰਿੰਦਰਪਾਲ ਸਿੰਘ ਕਾਲੜਾ, ਪ੍ਰਦੀਪ ਸਿੰਘ, ਬਲਦੇਵ ਰਾਜ ਅਤੇ ਸੋਨੂੰ ਫਤਿਆਬਾਦ ਆਦਿ ਮੌਜੂਦ ਸਨ।

## 34 ਬੱਚਿਆਂ ਨੂੰ ਹਫਤਾਵਾਰੀ ਸਮਰ ਕੈਂਪ 'ਚ ਦਿੱਤੀ ਮੁੱਢਲੀ ਧਾਰਮਿਕ ਸਿੱਖਿਆ

**ਧਾਰੀਵਾਲ,** (**ਮਨਦੀਪ ਵਿੱਕੀ**)-ਸ਼੍ਰੋਮਣੀ ਕਮੇਟੀ ਹਲਕਾ ਬਟਾਲਾ ਤੋਂ ਧਾਰਮਿਕ ਨੁਮਾਇੰਦਗੀ ਕਰ ਰਹੇ ਧਾਰਮਿਕ ਆਗੂ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਸ਼ੇਸ਼ ਉਪਰਾਲੇ ਅਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਸ਼ੇਸ਼ ਸਹਿਯੋਗ ਨਾਲ ਸ਼੍ਰੋਮਣੀ ਕਮੇਟੀ ਹਲਕਾ ਬਟਾਲਾ ਦੇ ਪਿੰਡ ਧੰਨੇ ਵਿਖੇ ਪੰਜਵਾਂ ਬੱਚਿਆਂ ਦਾ ਹਫਤਾਵਾਰੀ ਗੁਰਮਤਿ ਸਮਰ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ 34 ਬੱਚਿਆਂ ਨੇ ਇੱਕ ਹਫਤਾ ਕੈਂਪ ਵਿੱਚ ਹਾਜ਼ਰੀ ਭਰੀ। ਇਸ ਕੈਂਪ ਵਿੱਚ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਸਾਹਿਬਾਨ ਵੱਲੋਂ ਬੱਚਿਆਂ ਨੂੰ ਸਿੱਖ ਧਰਮ ਦੀ ਮੁੱਢਲੀ ਸਿੱਖਿਆ ਦਿੱਤੀ ਗਈ। ਕੈਂਪ ਦੀ ਸਮਾਪਤੀ ਮੌਕੇ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਬੱਚਿਆਂ ਕੋਲੋਂ ਧਾਰਮਿਕ ਸਵਾਲ ਪੁੱਛੇ ਜਿਨ੍ਹਾਂ ਦੇ ਬੱਚਿਆਂ ਨੇ ਸਮੂਹ ਸੰਗਤਾਂ ਦੀ ਹਾਜ਼ਰੀ ਵਿੱਚ ਸਟੇਜ 'ਤੇ ਆ ਕੇ ਬਾਖੂਬੀ ਜਵਾਬ ਸੁਣਾਏ। ਇਸ ਮੌਕੇ ਜਥੇਦਾਰ ਗੋਰਾ ਨੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਾਹਿਬ, ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਸਾਹਿਬਾਨ, ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵੱਲੋਂ ਦਿੱਤੇ ਗਏ ਸਹਿਯੋਗ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਲੋੜ ਹੈ ਬੱਚਿਆਂ ਨੂੰ ਗੁਰਬਾਣੀ ਤੇ ਗੁਰਸਿੱਖੀ ਨਾਲ ਜੋੜਨ ਦੀ। ਮੇਰਾ ਕੇਵਲ ਇੱਕ ਹੀ ਮਕਸਦ ਹੈ ਬੱਚਿਆਂ ਨੂੰ ਗੁਰਸਿੱਖੀ ਨਾਲ ਜੋੜ ਕੇ ਗੁਰ ਇਤਿਹਾਸ ਤੋਂ ਜਾਣੂ ਕਰਵਾਉਣਾ। ਅੰਤ ਵਿੱਚ ਜਥੇਦਾਰ ਗੋਰਾ ਨੇ ਬਲਵਿੰਦਰ ਸਿੰਘ ਕਾਹਲਵਾਂ ਸਕੱਤਰ ਧਰਮ ਪ੍ਰਚਾਰ ਕਮੇਟੀ ਵੱਲੋਂ ਭੇਜੇ ਮੈਡਲ, ਧਾਰਮਿਕ ਪੁਸਤਕਾਂ ਅਤੇ ਸਨਮਾਨ ਪੱਤਰ 34 ਬੱਚਿਆਂ ਨੂੰ ਦੇ ਕੇ ਸਨਮਾਨਿਤ ਕੀਤਾ। ਕੈਂਪ ਵਿੱਚ ਜਸਵੰਤ ਸਿੰਘ ਪ੍ਰਧਾਨ, ਭਾਈ ਸਰਵਣ ਸਿੰਘ, ਕੁਲਦੀਪ ਸਿੰਘ, ਅਜੀਤ ਸਿੰਘ ਧੰਨੇ, ਕਰਮ ਸਿੰਘ ਧੰਨੇ, ਸੰਤੋਖ ਸਿੰਘ, ਬਲਬੀਰ ਸਿੰਘ ਸੇਖਵਾਂ ਪ੍ਰਚਾਰਕ, ਲਵਪ੍ਰੀਤ ਸਿੰਘ ਲਵਲ ਪ੍ਰਚਾਰਕ, ਸਿਮਰਨਜੀਤ ਸਿੰਘ ਕੋਟ ਟੋਡਰ ਮੱਲ ਪ੍ਰਚਾਰਕ ਧਰਮ ਪ੍ਰਚਾਰ ਕਮੇਟੀ, ਸਿਮਰਤਪਾਲ ਸਿੰਘ ਭਾਟੀਆ, ਪਲਵਿੰਦਰ ਸਿੰਘ, ਭਾਈ ਪ੍ਰਸ਼ਾਂਤ ਸਿੰਘ, ਭਾਈ ਕਮਲਜੀਤ ਸਿੰਘ, ਭਾਈ ਦਿਲਸ਼ੇਰ ਸਿੰਘ, ਗੁਰਪਿੰਦਰ ਸਿੰਘ, ਭਾਈ ਜਗਜੀਤ ਸਿੰਘ ਅਤੇ ਭਾਈ ਖੁਸ਼ਵੰਤ ਸਿੰਘ ਆਦਿ ਸੰਗਤਾਂ ਹਾਜ਼ਰ ਸਨ।

## ਕੌਮੀ ਇਨਸਾਫ਼ ਮੋਰਚੇ ਦੇ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਤੇ ਨਜ਼ਰਬੰਦੀ ਜਮਹੂਰੀਅਤ 'ਤੇ ਹਮਲਾ : ਪ੍ਰੋ. ਬਲਜਿੰਦਰ

**ਅੰਮ੍ਰਿਤਸਰ** (**ਜਸਬੀਰ ਸਿੰਘ ਪੱਟੀ**)-ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਗੁਰਦਾਸਪੁਰ ਰੈਲੀ ਦੇ ਮੱਦੇਨਜ਼ਰ ਕੌਮੀ ਇਨਸਾਫ਼ ਮੋਰਚੇ ਦੇ ਆਗੂਆਂ ਦੀਆਂ ਗੈਰ-ਕਾਨੂੰਨੀ ਗ੍ਰਿਫ਼ਤਾਰੀਆਂ ਅਤੇ ਘਰਾਂ ਵਿਚ ਨਜ਼ਰਬੰਦੀ ਦੀ ਹਵਾਰਾ ਕਮੇਟੀ ਨੇ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ ਅਤੇ ਇਸਨੂੰ ਜਮਹੂਰੀਅਤ ਦੇ ਹੱਕਾਂ ਤੇ ਮਾਨਵ ਅਧਿਕਾਰਾਂ 'ਤੇ ਹਮਲਾ ਦੱਸਿਆ ਹੈ। ਕਮੇਟੀ ਦੇ ਮੁੱਖ ਬੁਲਾਰੇ ਪ੍ਰੋਫੈਸਰ ਬਲਜਿੰਦਰ ਸਿੰਘ ਨੇ ਹਿਮਾਚਲ ਦੇ ਸ਼ਹਿਰ ਪਾਉਂਟਾ ਸਾਹਿਬ ਤੋਂ ਜਾਰੀ ਕੀਤੇ ਬਿਆਨ ਰਾਹੀਂ ਕਿਹਾ ਕਿ ਪੰਜਾਬ ਸਰਕਾਰ ਨੇ ਮੋਰਚੇ ਦੇ ਆਗੂ ਬਾਪੂ ਗੁਰਚਰਨ ਸਿੰਘ, ਪਾਲ ਸਿੰਘ ਫਰਾਂਸ, ਗੁਰਦੀਪ ਸਿੰਘ ਬਠਿੰਡਾ ਨੂੰ ਵੱਖ-ਵੱਖ ਜਗ੍ਹਾ ਤੋਂ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਅਨੇਕਾਂ ਆਗੂਆਂ ਨੂੰ ਘਰ ਵਿੱਚ ਨਜ਼ਰਬੰਦ ਕਰਕੇ ਕੌਮੀ ਇਨਸਾਫ਼ ਮੋਰਚੇ ਦੀ ਆਵਾਜ਼ ਨੂੰ ਦਬਾਉਣ ਦਾ ਯਤਨ ਕੀਤਾ। ਉਨ੍ਹਾਂ ਬਿਆਨ ਵਿਚ ਕਿਹਾ ਕਿ ਸੰਵਿਧਾਨ ਅਨੁਸਾਰ ਬੁਨਿਆਦੀ ਅਧਿਕਾਰਾਂ ਦੀ ਵਰਤੋਂ ਕਰਦਿਆਂ ਸ਼ਾਂਤਮਈ ਰੋਸ ਮੁਜ਼ਾਹਰੇ ਕੀਤੇ ਜਾ ਸਕਦੇ ਹਨ ਪਰ ਪੰਜਾਬ ਅਤੇ ਕੇਂਦਰ ਸਰਕਾਰਾਂ ਸੰਵਿਧਾਨ ਦੀ ਵਾਰ-ਵਾਰ ਉਲੰਘਣਾ ਕਰਕੇ ਲੋਕਤੰਤਰ ਦਾ ਗਲਾ ਦਬਾ ਰਹੀਆਂ ਹਨ ਅਤੇ ਪੰਜਾਬ ਦੇ ਹਾਲਾਤ ਨੂੰ ਜਾਣਬੁਝ ਕੇ ਖਰਾਬ ਕਰ ਰਹੀਆਂ ਹਨ। ਚਾਹੀਦਾ ਤਾਂ ਇਹ ਸੀ ਕਿ ਸਰਕਾਰ ਬੰਦੀ ਸਿੰਘਾਂ ਦੀ ਰਿਹਾਈ, ਬੇਅਦਬੀਆਂ ਦੇ ਮੁੱਦੇ ਅਤੇ ਬਹਿਬਲ ਕਲਾਂ ਗੋਲੀ ਕਾਂਡ ਦਾ ਹੱਲ ਕੱਢ ਕੇ ਸਿੱਖਾਂ ਦੇ ਤਪਦੇ ਹਿਰਦਿਆਂ ਨੂੰ ਸ਼ਾਂਤ ਕਰਦੀ ਪਰ ਭਗਵੰਤ ਮਾਨ ਦੀ ਸਰਕਾਰ ਦੇ ਮੰਤਰੀ ਫੋਕੀ ਸ਼ੋਹਰਤ ਲਈ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਤੁਲਨਾ ਕਰਕੇ ਚਾਪਲੂਸੀ ਕਰ ਰਹੇ ਹਨ।

## ਸੀ ਪੀ ਆਈ ਐੱਮ ਐੱਲ (ਲਿਬਰੇਸ਼ਨ) ਦੀ ਅਹਿਮ ਇਕੱਤਰਤਾ




**ਗਹਿਰੀ ਮੰਡੀ** (**ਮਨਜੀਤ ਸਿੰਘ ਮਿੰਟੂ**)-ਲੋਹਾਰਕਾ ਰੋਡ ਅੰਮ੍ਰਿਤਸਰ ਵਿਖੇ ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਕਾਮਰੇਡ ਪ੍ਰਵੇਸ਼ ਰਾਣੀ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿੱਚ ਪੰਜਾਬ ਦੀਆਂ ਮੌਜੂਦਾ ਪ੍ਰਸਥਿਤੀਆਂ 'ਤੇ ਚਰਚਾ ਕਰਦਿਆਂ ਜ਼ਿਲ੍ਹਾ ਸਕੱਤਰ ਬਲਬੀਰ ਸਿੰਘ ਝਾਮਕਾ, ਬਲਬੀਰ ਸਿੰਘ ਮੂਧਲ ਅਤੇ ਵਿਸ਼ੇਸ਼ ਤੌਰ 'ਤੇ ਪਹੁੰਚੇ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਪੰਜਾਬ ਵਿੱਚ ਜਿਸ ਪੱਧਰ ਉਪਰ ਅਮਨ-ਕਾਨੂੰਨ ਦੀ ਹਾਲਤ ਵਿਚ ਵਿਗਾੜ ਆਇਆ ਹੈ, ਡਾਕੇ, ਲੁਟਾਂ-ਖੋਹਾਂ ਅਤੇ ਕਤਲ ਆਮ ਵਰਤਾਰਾ ਬਣ ਗਿਆ ਹੈ ਜਿਸ ਤੋਂ ਜ਼ਾਹਰ ਹੁੰਦਾ ਹੈ ਕਿ ਸਰਕਾਰ ਬੇਲਗਾਮ ਬਣ ਰਹੇ ਹਾਲਾਤ ਨੂੰ ਕੰਟਰੋਲ ਕਰਨ ਵਿਚ ਨਾਕਾਮ ਹੋ ਰਹੀ ਹੈ। ਸਰਕਾਰ ਦਾ ਆਪਣੀ ਪਾਰਟੀ ਦੇ ਆਗੂਆਂ, ਐੱਮ ਐੱਲਏਜ਼ ਅਤੇ ਮੰਤਰੀਆਂ ਦੀਆਂ ਜਨਤਾ ਵਿਰੋਧੀ ਆਪ-ਹੁਦਰੀਆਂ ਉਪਰ ਵੀ ਕੋਈ ਕੰਟਰੋਲ ਨਹੀਂ ਰਿਹਾ। ਬੱਖਤਪੁਰਾ ਨੇ ਕਿਹਾ ਕਿ ਮੁੱਖ ਮੰਤਰੀ ਆਪਣੀ ਐੱਮਐੱਲਏ ਸਰਵਜੀਤ ਮਾਣੂਕੇ ਵਲੋਂ ਕੋਠੀ ਉਪਰ ਨਜਾਇਜ਼ ਕਬਜ਼ੇ ਨੂੰ ਲੈ ਕੇ ਅਜੇ ਤੱਕ ਮੂੰਹ ਨਹੀਂ ਖੋਲ੍ਹ ਸਕੇ ਜਦੋਂਕਿ ਹਫਤੇ ਭਰ ਦੇ ਵਧੇਰੇ ਸਮੇਂ ਤੋਂ ਕੋਠੀ ਦੀਆਂ ਮਾਲਕ ਐੱਨਆਰਆਈ ਔਰਤਾਂ ਆਪਣੇ ਆਪ ਨੂੰ ਅਨਸੁਰੱਖਿਅਤ ਮਹਿਸੂਸ ਕਰਦੀਆਂ ਹੋਈਆਂ ਦਫਤਰਾਂ ਦੇ ਧੱਕੇ ਖਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੇ ਕਾਰਕੁੰਨ ਹੀ ਸਰਕਾਰ ਦਾ ਸਭ ਤੋਂ ਵੱਧ ਭੱਠਾ ਬਿਠਾਉਣ 'ਚ ਰੋਲ ਅਦਾ ਕਰਨਗੇ, ਸਰਕਾਰ ਦੇ ਮੰਤਰੀਆਂ ਅਤੇ ਹਲਕਾ ਇੰਚਾਰਜਾਂ ਨੇ ਪੁਲਸ ਅਤੇ ਪ੍ਰਸ਼ਾਸਨ ਦਾ ਇਸ ਕਦਰ ਰਾਜਸੀਕਰਣ ਕਰ ਰਖਿਆ ਹੈ ਕਿ ਸਰਕਾਰੀ ਦਫਤਰਾਂ ਵਿੱਚ ਆਮ ਨਾਗਰਿਕ ਦੀ ਕੋਈ ਸੁਣਵਾਈ ਨਹੀਂ ਹੋ ਰਹੀ ਅਤੇ ਕਾਨੂੰਨ ਦਾ ਹਰ ਦਫਤਰ ਵਿੱਚ ਕਤਲ ਹੋ ਰਿਹਾ ਹੈ। ਬੱਖਤਪੁਰਾ ਨੇ ਕਿਹਾ ਕਿ ਮੀਟਿੰਗ ਵਿੱਚ ਮਤਾ ਪਾਸ ਕਰਕੇ ਮੰਗ ਕੀਤੀ ਗਈ ਹੈ ਕਿ ਐੱਨਆਰਆਈ ਪਰਿਵਾਰ ਦੀ ਕੋਠੀ ਉਪਰ ਨਜਾਇਜ਼ ਕਬਜ਼ਾ ਕਰਨ ਵਾਲੀ ਐੱਮਐੱਲਏ ਅਤੇ ਉਸ ਨਾਲ ਸਾਜ਼ਿਸ਼ ਵਿਚ ਸ਼ਾਮਲ ਕਰਮ ਸਿੰਘ ਨਾਂ ਦੇ ਵਿਅਕਤੀ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ। ਮੀਟਿੰਗ ਵਿੱਚ ਮੰਗਲ ਸਿੰਘ ਧਰਮਕੋਟ, ਨਿਰਮਲ ਸਿੰਘ ਛੱਜਲਵੱਡੀ, ਮਨਜੀਤ ਸਿੰਘ ਗਹਿਰੀ, ਲਖਬੀਰ ਸਿੰਘ ਅਜਨਾਲਾ, ਜਸਬੀਰ ਕੌਰ ਹੇਰ, ਨਰਿੰਦਰ ਤੇੜਾ, ਦਲਬੀਰ ਭੋਲਾ ਅਤੇ ਸ਼ਮਸ਼ੇਰ ਸਿੰਘ ਹੇਰ ਸ਼ਾਮਲ ਸਨ।

## ਖੋਖਰ ਫੌਜੀਆਂ ਵਿਖੇ ਪੰਜ ਦਿਨਾ ਦਸਤਾਰ ਸਿਖਲਾਈ ਕੈਂਪ ਭਲਕ ਤੋਂ

**ਨੌਸ਼ਹਿਰਾ ਮੱਝਾ ਸਿੰਘ** (**ਸਤਨਾਮ ਸਿੰਘ ਕਿਰਤੀ**)-ਨੌਜਵਾਨਾਂ ਨੂੰ ਆਪਣੇ ਅਮੀਰ ਵਿਰਸੇ ਦੀਆਂ ਕਦਰਾਂ ਕੀਮਤਾਂ ਤੋਂ ਜਾਣੂ ਕਰਵਾਕੇ ਉਨ੍ਹਾਂ ਵਿੱਚ ਦਸਤਾਰ ਦੀ ਮਹੱਤਤਾ ਨੂੰ ਦਰਸਾਉਣ ਦੇ ਮੰਤਵ ਨਾਲ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਨੂੰ ਸਮਰਪਿਤ ਸ਼ੇਰ-ਏ-ਪੰਜਾਬ ਸਪੋਰਟਸ ਐਂਡ ਵੈਲਫੇਅਰ ਕਲੱਬ ਖੋਖਰ ਫੌਜੀਆਂ ਵੱਲੋਂ ਸ਼ਾਨ ਏ ਦਸਤਾਰ ਟੀਮ ਬਟਾਲਾ ਦੇ ਸਹਿਯੋਗ ਨਾਲ ਮਿਲ ਕੇ 5 ਦਿਨਾ ਦਸਤਾਰ ਸਿਖਲਾਈ ਕੈਂਪ ਗੁਰਦੁਆਰਾ ਸਾਹਿਬ ਪਿੰਡ ਖੋਖਰ ਫੌਜੀਆਂ ਵਿਖੇ ਲਗਾਇਆ ਜਾ ਰਿਹਾ। ਕਲੱਬ ਦੇ ਪ੍ਰਧਾਨ ਸਿਮਰਨਦੀਪ ਸਿੰਘ ਨੇ ਦੱਸਿਆ ਕਿ 20 ਜੂਨ ਤੋਂ 25 ਜੂਨ ਤੱਕ ਸਿਖਲਾਈ ਕੈਂਪ ਲਗਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਕਲੱਬ ਵਲੋ ਪਿਛਲੇ ਲੰਮੇ ਸਮੇਂ ਤੋਂ ਕਈ ਤਰ੍ਹਾਂ ਦੇ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਨੌਜਵਾਨਾਂ ਨੂੰ ਸਿੱਖੀ ਸਰੂਪ ਅਤੇ ਖੇਡਾਂ ਪ੍ਰਤੀ ਜਾਗਰੂਕ ਕੀਤਾ ਜਾ ਸਕੇ। ਉਨਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਦੇਸ਼ਾਂ-ਵਿਦੇਸ਼ਾਂ ਵਿੱਚ ਸਿੱਖ ਧਰਮ ਅਤੇ ਦਸਤਾਰਧਾਰੀ ਸਿੱਖਾਂ ਦੀਆਂ ਚਰਚਾਵਾਂ ਹੁੰਦੀਆਂ ਪਈਆਂ ਹਨ ਜੋ ਕਿ ਮਾਣ ਵਾਲੀ ਗੱਲ ਹੈ। ਦਸਤਾਰ ਸਿਖਲਾਈ ਕੈਂਪ ਵਿੱਚ ਨੌਜਵਾਨਾਂ ਨੂੰ ਮੁਫਤ ਪੱਗਾਂ ਦਿੱਤੀਆਂ ਜਾਣਗੀਆਂ। ਜਾਣਕਾਰੀ ਦਿੰਦੇ ਮੌਕੇ ਕਲੱਬ ਦੇ ਪ੍ਰਧਾਨ ਸਿਮਰਨਦੀਪ ਸਿੰਘ, ਸ਼ਾਨ-ਏ-ਦਸਤਾਰ ਟੀਮ ਦੇ ਆਗੂ ਪ੍ਰੀਤਪਾਲ ਸਿੰਘ, ਸੀਨੀਅਰ ਦਸਤਾਰ ਕੋਚ ਹਰਪ੍ਰੀਤ ਸਿੰਘ, ਸ਼ੇਰ-ਏ-ਪੰਜਾਬ ਸਪੋਰਟਸ ਐਂਡ ਵੈੱਲਫੇਅਰ ਕਲੱਬ ਦੇ ਮੈਂਬਰ ਗੁਰਪ੍ਰੀਤ ਸਿੰਘ ਹੁੰਦਲ, ਪਲਵਿੰਦਰ ਸਿੰਘ ਪੰਨੂ, ਪਰਜੀਤ ਸਿੰਘ, ਹਰਸ਼ਰਨਜੀਤ ਸਿੰਘ ਗੋਨੀ, ਪਲਵਿੰਦਰ ਸਿੰਘ ਅਠਵਾਲ, ਰਣਬੀਰ ਸਿੰਘ ਫੌਜੀ, ਰਾਜਵਿੰਦਰ ਸਿੰਘ, ਗੁਰਦਿਆਲ ਸਿੰਘ ਪੰਨੂ ਅਤੇ ਪਿੰਡ ਦੇ ਨੌਜਵਾਨ ਬੱਚੇ ਹਾਜ਼ਰ ਸਨ।

## ਕਾਂਗਰਸ ਦੇਸ਼ ਦੇ ਸੰਵਿਧਾਨ ਦੀ ਮੂਲ ਭਾਵਨਾ ਨੂੰ ਢਾਅ ਲਾਉਣ ਦੀ ਕੋਸ਼ਿਸ਼ ਕਰਦੀ ਰਹੀ : ਅਰਜਨ ਰਾਮ ਮੇਘਵਾਲ



**ਅੰਮ੍ਰਿਤਸਰ** (**ਜਸਬੀਰ ਸਿੰਘ ਪੱਟੀ**)- ਕੇਂਦਰੀ ਮੰਤਰੀ ਅਰਜਨ ਰਾਮ ਮੇਘਵਾਲ ਨੇ ਕਿਹਾ ਕਿ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਵੱਲੋਂ ਸੰਵਿਧਾਨ ਵਿਚ ਜੋ ਵੀ ਸੋਧਾਂ ਕੀਤੀਆਂ ਗਈਆਂ ਹਨ, ਉਨ੍ਹਾਂ ਦਾ ਮਕਸਦ ਲੋਕਾਂ ਦੀ ਭਲਾਈ ਲਈ ਸੀ, ਜਦਕਿ ਕਾਂਗਰਸ ਆਪਣੀ ਸੌੜੀ ਸਿਆਸੀ ਹਿਤਾਂ ਦੀ ਪੂਰਤੀ ਲਈ ਭਾਰਤ ਦੇ ਸੰਵਿਧਾਨ ਦੀ ਅਖੌਤੀ ਸੋਧਾਂ ਨਾਲ ਇਸ ਦੀ ਮੂਲ ਭਾਵਨਾ ਨੂੰ ਹੀ ਢਾਹ ਲਾਉਣ ਦੀ ਕੋਸ਼ਿਸ਼ ਕਰਦੀ ਰਹੀ। ਭਾਰਤ ਦੇ ਲੋਕ ਜਾਗ ਚੁੱਕੇ ਹਨ ਅਤੇ ਹੁਣ ਕਾਂਗਰਸ ਨੂੰ ਆਪਣੇ ਕੀਤੇ ਬਾਰੇ ਲੋਕਾਂ ਨੂੰ ਜਵਾਬ ਦੇਣਾ ਪੈ ਰਿਹਾ ਹੈ। ਕੇਂਦਰੀ ਮੰਤਰੀ ਅਰਜਨ ਰਾਮ ਮੇਘਵਾਲ ਅੰਮ੍ਰਿਤਸਰ ਵਿਖੇ ਪੰਜਾਬ ਭਾਜਪਾ ਦੇ ਕੋਰ ਕਮੇਟੀ ਮੈਂਬਰ ਅਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਲਾਹਕਾਰ ਡਾ. ਜਸਵਿੰਦਰ ਸਿੰਘ ਢਿੱਲੋਂ ਦੇ ਗ੍ਰਹਿ ਵਿਖੇ ਪੁੱਜੇ, ਜਿੱਥੇ ਢਿੱਲੋਂ ਪਰਿਵਾਰ ਨੇ ਕੇਂਦਰੀ ਮੰਤਰੀ ਦੀ ਮੇਜ਼ਬਾਨੀ ਕੀਤੀ। ਭਾਜਪਾ ਆਗੂ ਪ੍ਰੋ. ਸਰਚਾਂਦ ਸਿੰਘ ਅਨੁਸਾਰ ਇਸ ਮੌਕੇ ਕੇਂਦਰੀ ਮੰਤਰੀ ਮੇਘਵਾਲ ਨੇ ਕਿਹਾ ਕਿ ਨਰਿੰਦਰ ਮੋਦੀ ਦੇ ਕਾਰਜਕਾਲ ਦੇ 9 ਸਾਲ ਭਾਰਤ ਲਈ ਸਭਿਆਚਾਰਕ ਪੁਨਰ ਸੁਰਜੀਤੀ ਦਾ ਯੁੱਗ ਹੈ। ਉਨ੍ਹਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਿਤ ਕੋਹਿਨੂਰ ਹੀਰਾ ਬਰਤਾਨੀਆ ਤੋਂ ਵਾਪਸ ਲਿਆਉਣ ਪ੍ਰਤੀ ਭਾਰਤ ਸਰਕਾਰ ਯਤਨ ਕਰ ਰਹੀ ਹੈ।

ਉਨ੍ਹਾਂ ਦੱਸਿਆ ਉਨ੍ਹਾਂ ਕਿਹਾ ਕਿਹਾ ਕਿ ਭਾਰਤੀ ਸੰਸਕ੍ਰਿਤੀ ਸਦੀਆਂ ਤੋਂ ਵਿਸ਼ਵ ਨੂੰ ਸ਼ਾਂਤੀ ਅਤੇ ਸਦਭਾਵਨਾ ਦੀ ਅਗਵਾਈ ਦੇ ਰਹੀ ਹੈ। ਉਨ੍ਹਾਂ ਮੋਦੀ ਸਰਕਾਰ ਵੱਲੋਂ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਅਤੇ ਸਿੱਖ ਗੁਰੂ ਸਾਹਿਬਾਨ ਦੀਆਂ ਪ੍ਰਕਾਸ਼ ਸ਼ਤਾਬਦੀਆਂ ਮਨਾਉਣ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਕਿਸਾਨੀ ਨੂੰ ਉੱਚਾ ਚੁੱਕਣ ਲਈ ਵਚਨਬੱਧ ਹੈ। ਇਸ ਮੌਕੇ ਰਾਜਿੰਦਰ ਮੋਹਨ ਸਿੰਘ ਛੀਨਾ, ਜ਼ਿਲ੍ਹਾ ਸ਼ਹਿਰੀ ਪ੍ਰਧਾਨ ਹਰਵਿੰਦਰ ਸਿੰਘ ਸੰਧੂ, ਡਾ. ਸੁਰਿੰਦਰ ਕੌਰ ਢਿੱਲੋਂ, ਰਾਜਕੁਮਾਰ ਵੇਰਕਾ, ਦਿਹਾਤੀ ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਮੀਆਂਵਿੰਡ, ਪ੍ਰੋ. ਸਰਚਾਂਦ ਸਿੰਘ ਖਿਆਲਾ, ਡਾ. ਸਰਬਜੀਤ ਸਿੰਘ ਸਠਿਆਲਾ ਤੇ ਜਗਦੀਸ਼ ਗੁਪਤਾ ਬੁੱਧੀਜੀਵੀ ਸੈੱਲ, ਜ਼ਿਲ੍ਹਾ ਤਰਨਤਾਰਨ ਦੇ ਪ੍ਰਧਾਨ ਹਰਜੀਤ ਸਿੰਘ ਮੀਆਂਵਿੰਡ, ਰਾਕੇਸ਼ ਗਿੱਲ, ਐਸ ਪੀ ਕੇਵਲ ਕੁਮਾਰ, ਹਰਦੀਪ ਸਿੰਘ ਗਿੱਲ, ਡਾ. ਬਲਦੇਵ ਪ੍ਰਕਾਸ਼ ਚਾਵਲਾ, ਬਖ਼ਸ਼ੀ ਰਾਮ ਅਰੋੜਾ, ਰਾਜੀਵ ਭਗਤ, ਡਾ. ਰਾਮ ਚਾਵਲਾ, ਮੋਹਿਤ ਮਹਾਜਨ, ਸੁਖਮਿੰਦਰ ਸਿੰਘ ਪਿੰਟੂ, ਰਜਿੰਦਰ ਸ਼ਰਮਾ, ਇਸਤਰੀ ਮੋਰਚਾ ਪ੍ਰਧਾਨ ਸ਼ਰੂਤੀ ਵਿੱਜ, ਹਰਜਿੰਦਰ ਸਿੰਘ ਠੇਕੇਦਾਰ, ਸੁਸ਼ੀਲ ਦੇਵਗਨ, ਡੌਲੀ ਭਾਟੀਆ, ਜਨਕ ਜੋਸ਼ੀ, ਕਮਲਜੀਤ ਕੌਰ, ਸੋਨੀਆ ਮੱਲੀ, ਰਿੰਪੀ ਰਾਜਪੂਤ ਅਤੇ ਹੋਰ ਮੌਜੂਦ ਸਨ।

## ਨਿਊਗੋ ਕਰਵਾ ਰਿਹੈ ਬੇਮਿਸਾਲ ਯਾਤਰਾ ਦਾ ਅਨੁਭਵ

**ਅੰਮ੍ਰਿਤਸਰ** : ਪ੍ਰੀਮੀਅਮ ਇਲੈਕਟ੍ਰਿਕ ਬੱਸ ਬ੍ਰਾਂਡ ਨਿਊਗੋ ਇਹ ਯਕੀਨੀ ਬਣਾਉਂਦਾ ਹੈ ਕਿ ਇਸ ਵਿੱਚ ਸਫਰ ਕਰਨ ਵਾਲੇ ਨੂੰ ਫਲਾਈਟ ਵਿੱਚ ਸਫਰ ਕਰਨ ਵਾਂਗ ਅਨੁਭਵ ਮਿਲਿਆ। ਨਿਊਗੋ ਜਨਤਾ ਦੀ ਸੁਰੱਖਿਆ ਦੇ ਨਾਲ-ਨਾਲ ਹੋਰ ਨਵੇਂ ਜ਼ਮਾਨੇ ਦੀ ਟੈਕਨਾਲੋਜੀ ਅਤੇ ਬੇਮਿਸਾਲ ਸੇਵਾ 'ਤੇ ਬਲ ਦਿੰਦੀ ਹੈ, ਸੁਰੱਖਿਅਤ ਦੀ ਸ਼ੁਰੂਆਤ ਤੋਂ ਅੰਤ ਤੱਕ ਗਾਹਕਾਂ ਦੀ ਸੰਤੁਸ਼ਟੀ ਨੂੰ ਸਭ ਤੋਂ ਵੱਧ ਅਹਿਮੀਅਤ ਦਿੱਤੀ ਜਾਂਦੀ ਹੈ। ਨਿਊਗੋ ਇਲੈਕਟ੍ਰਿਕ ਮੋਬਿਲਿਟੀ ਦੇ ਖੇਤਰ 'ਚ ਅੱਗੇ ਹੈ, ਜਿਸਦਾ ਉਦੇਸ਼ ਸਭ ਤੋਂ ਵਧੀਆ ਹੈ ਜੋ ਸਹੂਲੀਅਤ ਦੇ ਢਾਂਚੇ ਨੂੰ ਤਰਜੀਹ ਦਿੰਦੀ ਹੈ ਅਤੇ ਮੁੱਖ ਉਦੇਸ਼ ਸ਼ੋਰ-ਗੁੱਲ, ਤਕਨੀਕੀ ਤੌਰ 'ਤੇ ਉੱਨਤ ਇਲੈਕਟ੍ਰਿਕ ਬੱਸਾਂ ਦੀ ਸੁਵਿਧਾ ਪ੍ਰਦਾਨ ਕਰਨ ਵਾਲੇ ਮਾਧਿਅਮ ਤੋਂ ਲੋਕਾਂ ਨੂੰ ਆਵਾਗਮਨ ਪ੍ਰਣਾਲੀ ਦੇ ਬਿਨਾਂ ਵੱਡੀ ਪੱਧਰ 'ਤੇ ਬਦਲਾਅ ਲੈ ਕੇ ਆਉਣਾ ਹੈ। ਇਸ ਮੌਕੇ ਦਵਿੰਦਰ ਚਾਵਲਾ, ਸੀਓ ਅਤੇ ਐਮਡੀ ਗ੍ਰੀਨਸੈਲ ਮੋਬਿਲਿਟੀ ਨੇ ਕਿਹਾ ਕਿ ਨਿਊਗੋ 'ਚ ਅਸੀਂ ਲਗਾਤਾਰ ਆਵਾਜਾਈ ਦਾ ਸਹੀ ਮਾਅਨੇ ਵਿੱਚ ਇਨੋਵੇਸ਼ਨ ਕਰਨ ਅਤੇ ਗਾਹਕਾਂ ਦੀ ਵੱਧ ਤੋਂ ਵੱਧ ਸਹੂਲੀਅਤ ਨੂੰ ਅਹਿਮੀਅਤ ਦਿੱਤੀ ਹੈ।

## ਚੋਰਾਂ ਦੇ ਹੌਸਲੇ ਬੁਲੰਦ, ਥਾਣੇ ਨਾਲ ਲੱਗਦੀ ਦੁਕਾਨ 'ਚ ਸੰਨ੍ਹ



**ਪੱਟੀ,** (**ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ**)- ਬੇਸ਼ੁਮਾਰ ਚੋਰੀਆਂ ਕਾਰਨ ਬੇਸ਼ੱਕ ਹਰੀਕੇ ਪੁਲਸ ਸੁਰਖੀਆਂ ਦਾ ਸ਼ਿੰਗਾਰ ਬਣੀ ਰਹਿੰਦੀ ਹੈ ਪਰ ਵਾਰਦਾਤਾਂ ਦੇ ਸਥਾਈ ਹੱਲ ਦੀ ਕੱਢਣ ਦੀ ਬਜਾਏ ਪੁਲਸ ਦੇ ਉੱਚ ਅਧਿਕਾਰੀ ਥਾਣਾ ਮੁਖੀ ਦੀ ਸਿਆਸੀ ਪਹੁੰਚ ਮੂਹਰੇ ਬੇਵੱਸ ਹਨ। ਤਾਜ਼ਾ ਮਾਮਲੇ ਵਿਚ ਥਾਣੇ ਦੀ ਕੰਧ ਨਾਲ ਬਣੀ ਅਨੂ ਹੇਅਰ ਡਰੈਸਰ ਦੀ ਦੁਕਾਨ ਨੂੰ ਬੀਤੀ ਰਾਤ ਅਣਪਛਾਤਿਆਂ ਨੇ ਸੰਨ੍ਹ ਲਾ ਕੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ। ਪੀੜਤ ਸਤੀਸ਼ ਕੁਮਾਰ ਪੁੱਤਰ ਸੁਭਾਸ਼ ਚੰਦਰ ਵਾਸੀ ਹਰੀਕੇ ਨੇ ਦੱਸਿਆ ਕਿ ਹਰ ਰੋਜ਼ ਦੀ ਤਰ੍ਹਾਂ ਦੁਕਾਨ ਬੰਦ ਕਰਕੇ ਘਰ ਵਾਪਸ ਚਲੇ ਗਏ ਕਿ ਸਵੇਰੇ ਆ ਕੇ ਵੇਖਿਆ ਤਾਂ ਦੁਕਾਨ ਦੇ ਪਿੱਛੇ ਟੀਨ ਤੋੜ ਕੇ ਚੋਰਾਂ ਨੇ ਇਨਵਰਟਰ ਬੈਟਰਾ, ਨਕਦੀ ਅਤੇ ਮਸ਼ੀਨਾਂ ਚੋਰੀ ਕੀਤੀਆਂ ਸਨ। ਉਨ੍ਹਾਂ ਦੱਸਿਆ ਕਿ 25 ਤੋਂ 30 ਹਜ਼ਾਰ ਰੁਪਏ ਦਾ ਨੁਕਸਾਨ ਹੋ ਗਿਆ ਜਿਸ ਸਬੰਧੀ ਥਾਣਾ ਹਰੀਕੇ ਵਿਖੇ ਸੂਚਿਤ ਕੀਤਾ ਜਾ ਚੁੱਕਾ ਹੈ। ਓਧਰ ਸੰਪਰਕ ਕਰਨ 'ਤੇ ਡਿਊਟੀ ਅਫਸਰ ਸਹਾਇਕ ਥਾਣੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਮੌਕੇ ਦਾ ਜਾਇਜ਼ਾ ਲਿਆ ਗਿਆ ਹੈ, ਜੇਕਰ ਕੋਈ ਚੋਰ ਕਾਬੂ ਆਵੇਗਾ ਤਾਂ ਹੀ ਪੁਲਸ ਕਾਰਵਾਈ ਕੀਤੀ ਜਾਵੇਗੀ। ਥਾਣੇਦਾਰ ਵੱਲੋਂ ਦਿੱਤੇ ਗਏ ਜਵਾਬ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਪੁਲਸ ਪ੍ਰਸ਼ਾਸਨ ਹਰੀਕੇ ਇਹ ਆਸ ਕਰ ਰਹੀ ਹੈ ਕਿ ਚੋਰ ਥਾਣੇ ਆਪ ਹੀ ਪੇਸ਼ ਹੋ ਜਾਣਗੇ। ਲੱਗਦਾ ਪੁਲਸ ਚਾਹੁੰਦੀ ਹੈ ਕਿ ਜਿਸ ਤਰ੍ਹਾਂ ਪਹਿਲਾਂ ਉਸਨੇ ਬਾਕੀ ਚੋਰੀ ਦੇ ਮਾਮਲਿਆਂ 'ਤੇ ਮਿੱਟੀ ਪਾਈ ਹੈ, ਹੁਣ ਵੀ ਪਾ ਦੇਵੇ।

## ਪੁਲਸ ਵੱਲੋਂ ਇਨਸਾਫ ਨਾ ਮਿਲਿਆ ਤਾਂ ਸਵਰਨਕਾਰ ਸਮਾਜ ਵਿੱਢੇਗਾ ਪੰਜਾਬ ਪੱਧਰੀ ਸੰਘਰਸ਼ : ਚੌਹਾਨ



**ਧਾਰੀਵਾਲ,** (**ਮਨਦੀਪ ਵਿੱਕੀ**)-ਸਵਰਨਕਾਰ ਸੰਘ ਪੰਜਾਬ ਦੇ ਸੂਬਾ ਪ੍ਰਧਾਨ ਯਸ਼ਪਾਲ ਚੌਹਾਨ ਨੇ ਸ਼ਹਿਰ ਧਾਰੀਵਾਲ ਦੇ ਨੌਜਵਾਨ ਸਵਰਨਕਾਰ ਅਮਿਤ ਧੂੰਨਾ ਉਪਰ ਜਾਨਲੇਵਾ ਹਮਲਾ ਕਰਕੇ ਪਿਸਤੌਲ ਨਾਲ ਗੋਲੀਆਂ ਮਾਰਨ ਵਾਲੇ ਹਮਲਾਵਰਾਂ ਤੇ ਸਾਜ਼ਿਸ਼ ਘਾੜਿਆਂ ਵਿਰੁੱਧ ਪੁਲਸ ਪ੍ਰਸ਼ਾਸਨ ਵਲੋਂ ਪੌਣੇ ਦੋ ਮਹੀਨੇ ਬੀਤ ਜਾਣ ਦੇ ਬਾਵਜੂਦ ਕੋਈ ਤਸੱਲੀਬਖਸ਼ ਕਾਰਵਾਈ ਨਾ ਕਰਨ ਦੀ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ। ਉਨ੍ਹਾਂ ਨੇ ਇਥੇ ਮੀਡੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੇ ਜ਼ਿਲ੍ਹਾ ਪੁਲਸ ਮੁੱਖੀ ਗੁਰਦਾਸਪੁਰ ਨੇ ਇਸ ਮੁੱਦੇ ਨੂੰ ਗੰਭੀਰਤਾ ਨਾਲ ਨਾ ਲਿਆ ਤਾਂ ਇਹ ਇਕੱਲੇ ਧਾਰੀਵਾਲ ਦਾ ਨਹੀਂ ਪੂਰੇ ਪੰਜਾਬ ਦਾ ਮੁੱਦਾ ਬਣ ਜਾਵੇਗਾ। ਉਨ੍ਹਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਇਕ ਹਫਤੇ ਦੇ ਅੰਦਰ ਅੰਦਰ ਪੀੜਤ ਪਰਿਵਾਰ ਨੂੰ ਇਨਸਾਫ ਨਾ ਮਿਲਿਆ ਤਾਂ ਸਵਰਨਕਾਰ ਸਮਾਜ ਵਲੋਂ ਸੂਬਾ ਪੱਧਰ 'ਤੇ ਸੰਘਰਸ਼ ਵਿੱਢਿਆ ਜਾਵੇਗਾ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਸ ਸਬੰਧੀ ਮਿਲਿਆ ਜਾਵੇਗਾ। ਦੱਸਣਯੋਗ ਹੈ ਕਿ ਸਵਰਨਕਾਰ ਅਮਿਤ ਧੂੰਨਾ ਪੁੱਤਰ ਮੌਜੂਦਾ ਕੌਂਸਲਰ ਰਜਿੰਦਰ ਕੁਮਾਰ ਲਵਲੀ ਵਾਸੀ ਧਾਰੀਵਾਲ 24 ਅਪਰੈਲ 2023 ਦੇਰ ਸ਼ਾਮ ਨੂੰ ਇਥੇ ਸ਼ਹਿਰ ਦੇ ਮੁੱਖ ਮਾਰਗ ਕਿਨਾਰੇ ਸਥਿਤ ਆਪਣੀ ਜਿਊਲਰੀ ਦੀ ਦੁਕਾਨ ਬੰਦ ਕਰਕੇ ਘਰ ਨੂੰ ਜਾਣ ਲੱਗਾ ਤਾਂ ਉਸ ਉਪਰ ਮੋਟਰਸਾਈਕਲ ਸਵਾਰ ਆਏ ਦੋ ਅਣਪਛਾਤੇ ਨੌਜਵਾਨ ਪਿਸਤੌਲ ਨਾਲ ਗੋਲੀਆਂ ਮਾਰ ਕੇ ਉਸਨੂੰ ਗੰਭੀਰ ਜ਼ਖਮੀ ਕਰਕੇ ਫਰਾਰ ਹੋ ਗਏ ਸਨ। ਸੂਬਾ ਪ੍ਰਧਾਨ ਯਸ਼ਪਾਲ ਚੌਹਾਨ ਨੇ ਦੱਸਿਆ ਕਿ ਉਹ ਖੁਦ ਵੀ ਕੌਂਸਲਰ ਰਜਿੰਦਰ ਕੁਮਾਰ ਲਵਲੀ ਦੇ ਨਾਲ ਜਾ ਕੇ ਇਸ ਮਾਮਲੇ ਸਬੰਧੀ ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਨੂੰ ਲਿਖਤੀ ਸ਼ਿਕਾਇਤ ਦੇ ਕੇ ਆਏ ਸਨ। ਪੀੜਤ ਪਰਿਵਾਰ ਵੱਲੋਂ ਸਪੱਸ਼ਟ ਤੌਰ 'ਤੇ ਅਮਿਤ ਧੂੰਨਾ ਉਪਰ ਗੋਲੀਆਂ ਨਾਲ ਹਮਲਾ ਕਰਵਾਉਣ ਨਾਲ ਸਬੰਧਿਤ ਜਿਹੜੇ ਵਿਅਕਤੀਆਂ ਦੇ ਨਾਂ ਇਸ ਸ਼ਿਕਾਇਤ ਪੱਤਰ ਰਾਹੀਂ ਦੱਸੇ ਗਏ, ਉਨ੍ਹਾਂ 'ਤੇ ਪੁਲਸ ਪ੍ਰਸ਼ਾਸਨ ਵਲੋਂ ਪੌਣੇ ਦੋ ਮਹੀਨੇ ਬੀਤ ਜਾਣ 'ਤੇ ਵੀ ਅੱਜ ਤੱਕ ਕੋਈ ਕਾਰਵਾਈ ਨਾ ਕਰਨਾ ਕਈ ਤਰ੍ਹਾਂ ਦੇ ਸ਼ੱਕੇ ਪੈਦਾ ਕਰਦਾ ਹੈ। ਇਸ ਮੌਕੇ ਉਨ੍ਹਾਂ ਨਾਲ ਸਵਰਨਕਾਰ ਸਮਾਜ ਪੰਜਾਬ ਦੇ ਚੇਅਰਮੈਨ ਤਰਸੇਮ ਰਾਜ ਵਰਮਾ, ਜ਼ਿਲ੍ਹਾ ਪ੍ਰਧਾਨ ਰਾਕੇਸ਼ ਵਰਮਾ ਕੌਂਸਲਰ ਦੀਨਾ ਨਗਰ, ਨਗਰ ਕੌਂਸਲਰ ਧਾਰੀਵਾਲ ਦੇ ਪ੍ਰਧਾਨ ਅਸ਼ਵਨੀ ਦੁੱਗਲ, ਸ਼ਿਵ ਸੈਨਾ ਸੂਬਾ ਪ੍ਰਧਾਨ ਹਨੀ ਮਹਾਜਨ ਸਮੇਤ ਹੋਰ ਆਗੂਆਂ ਨੇ ਪੰਜਾਬ ਦੇ ਮੌਜੂਦਾ ਹਾਲਾਤ ਬਾਰੇ ਚਿੰਤਾ ਜ਼ਾਹਿਰ ਕਰਦਿਆਂ ਪੁਲਸ ਪ੍ਰਸ਼ਾਸਨ ਦੀ ਇਸ ਮਾਮਲੇ ਸਬੰਧੀ ਢਿੱਲੀ ਕਾਰਵਾਈ ਦੀ ਨਿੰਦਾ ਕੀਤੀ ਅਤੇ ਕਈ ਤਰ੍ਹਾਂ ਦੇ ਸਵਾਲ ਚੁੱਕੇ। ਇਸ ਮੌਕੇ ਕੌਂਸਲਰ ਦੀਪਕ ਕੁਮਾਰ, ਕੌਂਸਲਰ ਰਜਿੰਦਰ ਕੁਮਾਰ ਲਵਲੀ, ਸਾਬਕਾ ਕੌਂਸਲਰ ਰਮੇਸ਼ ਮੇਸ਼ਾ, ਸੀਨੀਅਰ ਆਗੂ ਕਰਨੈਲ ਸਿੰਘ, ਇੰਦਰਪ੍ਰੀਤ ਸਿੰਘ ਸਾਬੀ, ਸਰਪੰਚ ਬਲਵਿੰਦਰਪਾਲ ਟਾਕ, ਕਮਲਦੀਪ ਧੂੰਨਾ, ਨਰਾਇਣ ਮਲਹੋਤਰਾ, ਇੰਦਰਜੀਤ ਸਿੰਘ ਟਿਵਾਣਾ, ਵਿੱਕੀ ਵਰਮਾ, ਲੱਕੀ ਢਾਬੇਵਾਲਾ, ਸੰਨੀ ਰੰਧਾਵਾ, ਅਮਿਤ ਵਰਮਾ, ਰਘੂ ਬੱਬਰ, ਜਨਕ ਰਾਜ ਵਰਮਾ, ਪੰਕਜ ਵਰਮਾ ਆਦਿ ਤੋਂ ਇਲਾਵਾ ਵੀ ਆਗੂ ਹਾਜ਼ਰ ਸਨ।

## ਗੁਰਦੁਆਰਾ ਅਗਾੜਾ ਪਿਛਾੜਾ ਵਿਖੇ ਪੰਚਮ ਪਾਤਸ਼ਾਹ ਦਾ ਸ਼ਹੀਦੀ ਪੁਰਬ ਮਨਾਇਆ



**ਅੰਮ੍ਰਿਤਸਰ, ਤਰਨ ਤਾਰਨ** (**ਪ੍ਰਿਤਪਾਲ ਸਿੰਘ/ਜਸਬੀਰ ਸਿੰਘ ਪੱਟੀ**)-ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਅਗਾੜਾ ਪਿਛਾੜਾ ਪਾਤਸ਼ਾਹੀ ਪੰਜਵੀਂ ਪਿੰਡ ਜੀਓਬਾਲਾ ਜਿਸ ਦੀ ਕਾਰਸੇਵਾ, ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਮੁਖੀ ਬੁੱਢਾ ਦਲ ਵੱਲੋਂ ਸੰਤ ਮਹਾਂਪੁਰਸ਼ ਬਾਬਾ ਗੁਰਪਿੰਦਰ ਸਿੰਘ ਕਾਰ ਸੇਵਾ ਗੁਰੂਸਰ ਸਤਲਾਣੀ ਸੰਪਰਦਾ ਨੂੰ ਸੌਂਪੀ ਗਈ ਹੈ, ਵੱਲੋਂ ਗੁ: ਅਗਾੜਾ ਪਿਛਾੜਾ ਵਿਖੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਸੰਗਤਾਂ ਦੇ ਸਹਿਯੋਗ ਨਾਲ ਵਿਸ਼ਾਲ ਪੱਧਰ ਤੇ ਮਨਾਇਆ ਗਿਆ।

ਇਸ ਮੌਕੇ ਸੰਗਤਾਂ ਨਾਲ ਭਰੇ ਵਿਸ਼ੇਸ਼ ਦੀਵਾਨ ਵਿੱਚ ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਇਸ ਅਸਥਾਨ ਦੀ ਇਤਿਹਾਸਕ ਮਹੱਤਤਾ ਸੰਗਤਾਂ ਨਾਲ ਸਾਂਝੀ ਕੀਤੀ। ਉਨ੍ਹਾਂ ਕਿਹਾ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਪੁਜਣਾ ਸੀ ਪਰ ਧਰਮ ਪ੍ਰਚਾਰ ਫੇਰੀ ਤੇ ਅਮਰੀਕਾ ਗਏ ਹੋਣ ਕਾਰਨ ਨਹੀਂ ਪੁਜ ਸਕੇ। ਉਨ੍ਹਾਂ ਕਿਹਾ ਕਿ ਬਾਬਾ ਗੁਰਪਿੰਦਰ ਸਿੰਘ ਮੁਖੀ ਗੁਰੂਸਰ ਸਤਲਾਣੀ ਕਾਰ ਸੇਵਾ ਸੰਪਰਦਾ ਤੇ ਬਾਬਾ ਇੰਦਰਬੀਰ ਸਿੰਘ ਸੰਗਤਾਂ ਦੇ ਸਹਿਯੋਗ ਨਾਲ ਗੁ: ਅਗਾੜਾ ਪਿਛਾੜਾ ਵਿਖੇ ਇਮਾਰਤਾਂ ਦੀ ਕਾਰਸੇਵਾ ਰਾਹੀਂ ਉਸਾਰੀ ਕਰਵਾ ਰਹੇ ਹਨ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਬਾਬਾ ਗੁਰਪਿੰਦਰ ਸਿੰਘ ਨੂੰ ਕਾਰ ਸੇਵਾ ਲਈ ਵੱਧ ਤੋਂ ਵੱਧ ਤਨ ਮਨ ਧਨ ਨਾਲ ਸਹਿਯੋਗ ਦਿੱਤਾ ਜਾਵੇ। ਉਪਰੰਤ ਕਬੱਡੀ ਹੋਈ ਜਿਸ ਵਿੱਚ ਰਮਦਾਸ ਕਲੱਬ ਯੂ.ਐਸ.ਏ. ਅਤੇ ਖੋਖਰ ਫੌਜੀਆਂ ਗੁਰਦਾਸਪੁਰ ਦੀਆਂ ਟੀਮਾਂ ਵਿਚ ਗਹਿਗਚ ਮੁਕਾਬਲਾ ਹੋਇਆ। ਯੂਐਸਏ ਟੀਮ ਨੇ ਜੇਤੂ ਟਰਾਫੀ ਪ੍ਰਾਪਤ ਕੀਤੀ।

ਇਸ ਮੌਕੇ ਰਾਗੀਆਂ, ਕਵੀਆਂ, ਪ੍ਰਚਾਰਕਾਂ ਨੇ ਗੁਰਬਾਣੀ ਤੇ ਸਿੱਖ ਇਤਿਹਾਸ ਸੰਗਤਾਂ ਨਾਲ ਗਿਆਨੀ ਗੁਰਵਿੰਦਰ ਸਿੰਘ ਬੈਂਕਾ, ਗਿਆਨੀ ਭਗਵੰਤ ਸਿੰਘ ਸੂਰਵਿੰਡ ਕਵੀਸ਼ਰ, ਭਾਈ ਗੁਰਪ੍ਰੀਤ ਸਿੰਘ ਲਾਂਡਰਾਂ ਢਾਡੀ, ਭਾਈ ਸਤਨਾਮ ਸਿੰਘ ਲਾਲੂਘੁੰਮਣ, ਬਾਬਾ ਗੁਰਦੀਪ ਸਿੰਘ ਖਜਾਲੇ ਵਾਲੇ, ਭਾਈ ਤਰਸੇਮ ਸਿੰਘ ਬੁੱਢਾ ਕੋਟ ਨੇ ਸਾਂਝਾ ਕੀਤਾ। ਇਸ ਸਮੇਂ ਵਿਸ਼ੇਸ਼ ਤੌਰ ਤੇ ਬਾਬਾ ਜੋਗਾ ਸਿੰਘ ਮੁਖੀ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ, ਬਾਬਾ ਅਵਤਾਰ ਸਿੰਘ ਬਿਧੀ ਚੰਦ ਸੰਪਰਦਾ ਤਰਨਾ ਦਲ ਸੁਰ ਸਿੰਘ ਵਾਲੇ, ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲੇ, ਬਾਬਾ ਵੀਰ ਸਿੰਘ ਜੀਓਬਾਲਾ, ਬਾਬਾ ਗੁਰਦੇਵ ਸਿੰਘ ਭੱਟੀ, ਬਾਬਾ ਮਨਜਿੰਦਰ ਸਿੰਘ ਲਾਲਪੁਰਾ ਵਧਾਇਕ, ਸੰਤ ਬਾਬਾ ਸ਼ਿੰਦਾ ਸਿੰਘ ਭਿੱਖੀਵਿੰਡ, ਸੰਤ ਬਾਬਾ ਬਲਵਿੰਦਰ ਸਿੰਘ ਮਹਿਤਾ ਚੌਂਕ, ਸੰਤ ਬਾਬਾ ਤਰਲੋਕ ਸਿੰਘ ਖਿਆਲੇ ਵਾਲੇ, ਸੰਤ ਬਾਬਾ ਰਘੁਬੀਰ ਸਿੰਘ ਖਿਆਲੇ, ਸੰਤ ਬਾਬਾ ਕਸ਼ਮੀਰ ਸਿੰਘ ਭੂਰੀਵਾਲੇ, ਸੰਤ ਬਾਬਾ ਕੁਲਦੀਪ ਸਿੰਘ ਹਜ਼ੂਰ ਸਾਹਿਬ, ਸੰਤ ਬਾਬਾ ਬਲਕਾਰ ਸਿੰਘ ਹਨੂੰਮਾਨਗੜ੍ਹ, ਸੰਤ ਬਾਬਾ ਸੱਜਣ ਸਿੰਘ ਬੇਰ ਸਾਹਿਬ, ਸੰਤ ਬਾਬਾ ਬੁੱਧ ਸਿੰਘ ਨਿੱਕੇ ਘੁੰਮਣ ਵਾਲੇ, ਸੰਤ ਬਾਬਾ ਗੁਰਦੇਵ ਸਿੰਘ ਕੁੱਲੀਵਾਲੇ, ਸੰਤ ਬਾਬਾ ਦਰਸ਼ਨ ਸਿੰਘ ਬੋਰੀਵਾਲੇ, ਸੰਤ ਬਾਬਾ ਹਰੀ ਸਿੰਘ ਨਾਨਕਸਰ ਹਰੀਕੇ, ਸੰਤ ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ, ਸੰਤ ਬਾਬਾ ਵੀਰ ਸਿੰਘ ਜੀਓਬਾਲਾ, ਬਾਬਾ ਮੇਜਰ ਸਿੰਘ ਸੋਢੀ ਦਸ਼ਮੇਸ਼ ਤਰਨਾਦਲ, ਸੰਤ ਬਾਬਾ ਗੁਲਾਬ ਸਿੰਘ ਠੱਠੀਖਾਰਾ, ਸੰਤ ਬਾਬਾ ਹਰਦੇਵ ਸਿੰਘ ਝਾੜ ਸਾਹਿਬ, ਬਾਬਾ ਹੀਰਾ ਸਿੰਘ ਠੱਠਾ, ਬਾਬਾ ਅਵਤਾਰ ਸਿੰਘ ਧੱਤਲਾਂਵਾਲੇ, ਭਾਈ ਕੁਲਵਿੰਦਰ ਸਿੰਘ, ਬਾਬਾ ਸੁਲੱਖਣ ਸਿੰਘ ਪੰਜਵੜ, ਬਾਬਾ ਭਗਤ ਸਿੰਘ ਬੁਰਜ ਅਕਾਲੀ ਬਾਬਾ ਫੂਲਾ ਸਿੰਘ, ਬਾਬਾ ਬਲਦੇਵ ਸਿੰਘ ਢੋਟੀਵਿੰਡ, ਪਰਮਜੀਤ ਸਿੰਘ ਬਾਜਵਾ ਮੈਨੇਜਰ ਆਦਿ ਹਾਜ਼ਰ ਹੋਏ। ਸਟੇਜ ਸੰਚਾਲਣ ਗਿਆਨੀ ਗੁਰਬਚਨ ਸਿੰਘ ਕਲਸੀਆਂ ਅਤੇ ਭਾਈ ਬੂਟਾ ਸਿੰਘ ਨੇ ਬਾਖੂਬੀ ਨਿਭਾਇਆ। ਅੰਤ ਵਿਚ ਸੰਤ ਬਾਬਾ ਗੁਰਪਿੰਦਰ ਸਿੰਘ ਸਤਲਾਣੀ ਸਾਹਿਬ ਜੋ ਗੁਰਦੁਆਰਾ ਅਗਾੜਾ ਪਿਛਾੜਾ ਦੀ ਕਾਰਸੇਵਾ ਕਰਵਾ ਰਹੇ ਹਨ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਸਾਂਝਾ ਫਰੰਟ ਜਲੰਧਰ ਦੇ ਆਗੂਆਂ ਨੇ ਇੰਦਰਜੀਤ ਕੌਰ ਮਾਨ ਰਾਹੀਂ ਮੁੱਖ ਮੰਤਰੀ ਦੇ ਨਾਂਅ ਰੋਸ ਪੱਤਰ ਭੇਜਿਆ



**ਜਲੰਧਰ ( ਰਾਜੇਸ਼ ਥਾਪਾ )** ਪੰਜਾਬ-ਯੂ.ਟੀ. ਮੁਲਾਜਮ ਤੇ ਪੈਨਸ਼ਨਰਜ ਸਾਂਝੇ ਫਰੰਟ ਦੇ ਸੱਦੇ 'ਤੇ ਜਿਲ੍ਹਾ ਜਲੰਧਰ ਦੇ ਆਗੂਆਂ ਨੇ ਹਲਕੇ ਨਕੋਦਰ ਤੋਂ ਵਿਧਾਇਕ ਇੰਦਰਜੀਤ ਕੌਰ ਮਾਨ ਨੂੰ ਤੀਰਥ ਸਿੰਘ ਬਾਸੀ ਕੁਲਵਿੰਦਰ ਸਿੰਘ ਜੋਸਨ, ਅਮਨਦੀਪ ਬਾਗਪੁਰ, ਕੁਲਦੀਪ ਵਾਲੀਆ ਬਲਵੀਰ ਸਿੰਘ ਫਿਲੌਰ ਅਤੇ ਬਲਵਿੰਦਰ ਕੁਮਾਰ ਦੀ ਅਗਵਾਈ 'ਚ ਸਾਂਝੇ ਫਰੰਟ ਦਾ ਵਫਦ ਮਾਣਯੋਗ ਮੁੱਖ ਮੰਤਰੀ ਦੇ ਨਾਂਅ ਰੋਸ ਪੱਤਰ ਦੇਣ ਲਈ ਮਿਲਿਆ ਅਤੇ ਇਹਨਾਂ ਨੂੰ ਮੁਲਾਜਮ ਪੈਨਸ਼ਨਰਜ ਮੰਗਾ ਤੋਂ ਜਾਣੂ ਕਰਵਾਇਆ ਤਾਂ ਜੋ ਇਹ ਇਨ੍ਹਾਂ ਮੰਗਾ ਦੇ ਸੰਬੰਧ ਵਿੱਚ ਮੁੱਖ ਮੰਤਰੀ ਪੰਜਾਬ ਨਾਲ ਗੱਲਬਾਤ ਕਰਕੇ ਸਾਂਝੇ ਫਰੰਟ ਦੀ ਮੀਟਿੰਗ ਕਰਵਾ ਕੇ ਮੁਲਾਜਮ ਪੈਨਸ਼ਨਰਜ ਵਰਗ ਨਾਲ ਪੰਜਾਬ ਵਿੱਚ ਸਰਕਾਰ ਬਣਨ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਮੁਲਾਜਮਾਂ ਅਤੇ ਪੈਨਸ਼ਨਰਾਂ ਨੂੰ ਜੋ ਗਾਰੰਟੀਆਂ ਦਿੱਤੀਆਂ ਗਈਆਂ ਸਨ ਕਿ ਮਾਣਭੱਤਾ ਵਰਕਰਾਂ ਦੀਆਂ ਉਜਰਤਾਂ ਵਿੱਚ ਵਾਧਾ ਕੀਤਾ ਜਾਵੇਗਾ। ਇਸ ਮੌਕੇ ਹਲਕਾ ਨਕੋਦਰ ਦੀ ਵਿਧਾਇਕਾ ਇੰਦਰਜੀਤ ਕੌਰ ਨੇ ਇਹਨਾਂ ਮੁਲਾਜਮ ਪੈਨਸ਼ਨਰਜ ਮੰਗਾਂ 'ਤੇ ਮੁੱਖ ਮੰਤਰੀ ਪੰਜਾਬ ਨਾਲ ਇਹਨਾਂ ਮੰਗਾਂ 'ਤੇ ਗੱਲਬਾਤ ਕਰਨ ਦਾ ਪੂਰਾ ਭਰੋਸਾ ਦਵਾਇਆ ਗਿਆ। ਇਸ ਲਈ ਸਾਂਝੇ ਫਰੰਟ ਦੀ 23 ਜੂਨ ਨੂੰ ਵਿੱਤ ਮੰਤਰੀ ਪੰਜਾਬ ਨਾਲ ਹੋਣ ਵਾਲੀ ਮੀਟਿੰਗ ਨੂੰ ਅਮਲੀ ਜਾਮਾ ਪਹਿਨਾਂ ਕੇ ਮੁਲਾਜਮ ਪੈਨਸ਼ਨਰਜ ਸਾਂਝੇ ਫਰੰਟ ਦੀਆਂ ਮੰਗ ਪੱਤਰ ਵਿੱਚ ਦਰਜ ਮੰਗਾਂ ਦਾ ਜਲਦ ਨਿਪਟਾਰਾ ਕਰਨ ਲਈ ਆਪ ਪਹੁੰਚ ਕਰਨਗੇ। ਇਸ ਮੌਕੇ ਅਕੱਲ ਚੰਦ ਸਿੰਘ ਜਸਵੀਰ ਸਿੰਘ ਮਲਸੀਆਂ, ਪਿਆਰਾ ਸਿੰਘ ਨਕੋਦਰ, ਕੁਲਦੀਪ ਵਾਲੀਆ, ਜਸਵੀਰ ਸਿੰਘ, ਰਾਜਿੰਦਰ ਕੁਮਾਰ ਮਹਿਤਪੁਰ, ਰਘਬੀਰ ਸਿੰਘ, ਪੂਰਨ ਸਿੰਘ ਬਿਲਗਾ ਓਮ ਪ੍ਰਕਾਸ ਰੁੜਕਾ ਹਰੀਸ਼ ਔਜਲਾ ਅਮਰਜੀਤ ਸਿੰਘ ਮੌਜੂਦ ਸਨ।

## ਹਰਮਿਲਨ ਕੌਰ ਬੈਂਸ 1500 ਮੀਟਰ ਦੌੜ ਲਈ ਏਸ਼ੀਅਨ ਖੇਡਾਂ 'ਚ ਜਾਵੇਗੀ

**ਮਾਹਿਲਪੁਰ (ਨਿਰਮਲ ਸਿੰਘ ਮੁੱਗੋਵਾਲ)**- ਭੁਵਨੇਸ਼ਵਰ ਦੇ ਕਲਿੰਗਾ ਸਟੇਡੀਅਮ ਵਿਚ ਇੰਟਰ ਸਟੇਟ ਚੈਂਪੀਅਨਸ਼ਿਪ ਦੌਰਾਨ ਮਾਹਿਲਪੁਰ ਦੀ ਹਰਮਿਲਨ ਬੈਂਸ ਨੇ ਰਿਕਾਰਡ ਸਮਾਂ ਕੱਢ ਕੇ ਚੀਨ ਵਿਚ ਹੋਣ ਵਾਲੀਆਂ ਏਸ਼ੀਅਨ ਖੇਡਾਂ ਵਿੱਚ ਜਾਣ ਲਈ ਆਪਣੀ ਥਾਂ ਪੱਕੀ ਕਰ ਲਈ ਹੈ। ਕੁਝ ਸਮਾਂ ਪਹਿਲਾਂ ਉਸ ਦੇ ਗੋਡੇ ਦੀ ਸਰਜਰੀ ਹੋਈ ਸੀ। ਇਸਦੇ ਬਾਵਜੂਦ ਉਸ ਨੇ ਮਿਹਨਤ ਨਾਲ ਇਹ ਥਾਂ ਪ੍ਰਾਪਤ ਕੀਤੀ ਹੈ। ਮਾਨਚੈਸਟਰ ਵਿੱਚ ਡਾਕਟਰਾਂ ਅਤੇ ਕੋਚਾਂ ਦੀ ਅਗਵਾਈ ਹੇਠ ਅਭਿਆਸ ਕਰਦਿਆਂ ਉਹ ਅੱਗੇ ਤੋਂ ਅਗੇਰੇ ਵਧੀ। ਉਸ ਨੇ ਪੰਦਰਾਂ ਸੌ ਮੀਟਰ ਦੌੜ ਵਿਚ ਚਾਰ ਮਿੰਟ 08.50 ਸਕਿੰਟ ਦਾ ਸਮਾਂ ਲਿਆ। ਇਸ ਚੈਂਪੀਅਨਸ਼ਿਪ ਵਿੱਚ ਸਿਲਵਰ ਮੈਡਲ ਜਿੱਤਣ ਤੋਂ ਬਾਅਦ ਉਹ ਪਹਿਲੀ ਪੰਜਾਬਣ ਬਣ ਗਈ ਹੈ, ਜੋ ਏਸ਼ੀਅਨ ਖੇਡਾਂ ਲਈ ਚੁਣੀ ਗਈ ਹੈ। ਉਹ ਅੰਤਰਰਾਸ਼ਟਰੀ ਅਥਲੀਟ ਸੁਨੀਤਾ ਦਾ ਰਿਕਾਰਡ ਅਤੇ ਕੌਮੀ ਰਿਕਾਰਡ ਤੋੜ ਚੁੱਕੀ ਹੈ। ਉਸ ਦਾ ਕਹਿਣਾ ਹੈ ਕਿ ਉਹ ਹਮੇਸ਼ ਆਪਣੇ ਨਿਸ਼ਾਨੇ ਵੱਲ ਹੀ ਧਿਆਨ ਰੱਖਦੀ ਹੈ। ਗੋਡੇ ਦੇ ਦਰਦ ਨੇ ਉਸ ਨੂੰ ਕੁਝ ਸਮਾਂ ਅੱਗੇ ਵਧਣ ਤੋਂ ਰੋਕਿਆ ਹੈ। ਉਸ ਦੀ ਮਾਤਾ ਮਾਧੁਰੀ ਏ. ਸਿੰਘ. ਅਰਜਨ ਐਵਾਰਡੀ, ਬਿਜਲੀ ਬੋਰਡ ਵਿਚ ਸੰਯੁਕਤ ਸਕੱਤਰ ਹੈ ਤੇ ਪਿਤਾ ਅਮਨਦੀਪ ਸਿੰਘ ਅੰਤਰਰਾਸ਼ਟਰੀ ਅਥਲੀਟ ਰਹੇ ਹਨ। ਦਾਦੀ ਗੁਰਮੀਤ ਕੌਰ ਬੈਂਸ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਅਤੇ ਮੌਜੂਦਾ ਕੌਂਸਲਰ ਹਨ। ਉਨ੍ਹਾਂ ਸਭ ਦੀ ਪ੍ਰੇਰਨਾ ਅਤੇ ਹੌਸਲਾ ਅਫਜ਼ਾਈ ਸਦਕਾ ਉਹ ਅੱਗੇ ਤੋਂ ਅਗੇਰੇ ਵਧੀ ਜਾ ਰਹੀ ਹੈ। ਇਸ ਪ੍ਰਾਪਤੀ ਵਾਸਤੇ ਉਨ੍ਹਾ ਨੂੰ ਵਧਾਈਆਂ ਦੇਣ ਵਾਲਿਆਂ ਵਿੱਚ ਕੁਲਵੰਤ ਸਿੰਘ ਸੰਘਾ ਪ੍ਰਧਾਨ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ, ਬਲਜਿੰਦਰ ਮਾਨ ਸੰਪਾਦਕ ਨਿੱਕੀਆਂ ਕਰੂੰਬਲਾਂ, ਕ੍ਰਿਸ਼ਨਜੀਤ ਰਾਓ ਕੈਂਡੋਵਾਲ ਜ਼ਿਲ੍ਹਾ ਪ੍ਰਧਾਨ , ਬੱਗਾ ਸਿੰਘ ਆਰਟਿਸਟ, ਤਲਵਿੰਦਰ ਸਿੰਘ ਹੀਰ, ਪ੍ਰਿੰਸੀਪਲ ਜਸਪਾਲ ਸਿੰਘ, ਪ੍ਰੋਫੈਸਰ ਅਪਿੰਦਰ ਸਿੰਘ ਜਨਰਲ ਸਕੱਤਰ ਸਿੱਖ ਵਿੱਦਿਅਕ ਕੌਂਸਲ ਸਮੇਤ ਖੇਡ ਪ੍ਰਮੋਟਰ ਅਤੇ ਖੇਡ ਪ੍ਰੇਮੀ ਸ਼ਾਮਲ ਹਨ।

## ਠੱਕਰਵਾਲ ਵਿਖੇ ਦੋਆਬਾ ਫੁੱਟਬਾਲ ਵੈੱਲਫੇਅਰ ਕਲੱਬ ਵੱਲੋਂ ਸਾਲਾਨਾ 21ਵੀਂ ਸਮਰ ਲੀਗ ਕਰਵਾਈ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਠੱਕਰਵਾਲ ਵਿਖੇ ਦੋਆਬਾ ਫੁੱਟਬਾਲ ਵੈਲਫੇਅਰ ਕਲੱਬ ਬੱਡੋ ਵੱਲੋਂ ਸਾਲਾਨਾ 21ਵੀਂ ਸਮਰ ਲੀਗ ਕਰਵਾਈ ਗਈ। ਇਸ ਮੌਕੇ ਕਲੱਬ ਪ੍ਰਧਾਨ ਪ੍ਰਧਾਨ ਕਿਸਨ ਚੰਦ ਭਨੋਟ ਪਟਵਾਰੀ ਠੱਕਰਵਾਲ ਦੱਸਿਆ ਕਿ ਸਾਲਾਨਾ ਸਮਰ ਲੀਗ ਦੇ ਮੈਚ ਸ਼ਹੀਦ ਭਗਤ ਸਿੰਘ ਸਟੇਡੀਅਮ ਠੱਕਰਵਾਲ ਵਿਖੇ ਫਾਈਨਲ ਮੈਚ ਕਰਵਾਏ ਗਏ। ਉਨ੍ਹਾਂ ਦੱਸਿਆਂ ਕਿ ਫਾਈਨਲ ਮੈਚ ਭਾਮ ਅਤੇ ਰਹੱਲੀ ਵਿਚਕਾਰ ਕਰਵਾਇਆ ਗਿਆ। ਜਿਸ ਵਿਚ ਪਿੰਡ ਰਹੱਲੀ ਦੀ ਟੀਮ ਜੇਤੂ ਰਹੀ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਇਹ ਸਮਰ ਲੀਗ ਦੌਰਾਨ ਵੱਖ ਵੱਖ ਪਿੰਡਾਂ ਵਿਚ ਮੈਚ ਕਰਵਾਏ ਗਏ। ਇਸ ਮੌਕੇ ਕਲੱਬ ਪ੍ਰਧਾਨ ਕ੍ਰਿਸਨ ਚੰਦ ਭਨੋਟ ਪਟਵਾਰੀ ਠੱਕਰਵਾਲ ਨੇ ਦੱਸਿਆ ਕਿ ਫਾਈਨਲ ਵਾਲੇ ਦਿਨ ਮੁੱਖ ਮਹਿਮਾਨ ਸੋਹਣ ਸਿੰਘ ਠੰਡਲ ਸਾਬਕਾ ਕੈਬਨਿਟ ਮੰਤਰੀ ਪੰਜਾਬ ਅਤੇ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕੀਤੀ। ਇਸ ਮੌਕੇ ਕਲੱਬ ਪ੍ਰਧਾਨ ਕ੍ਰਿਸਨ ਚੰਦ ਭਨੋਟ ਠੱਕਰਵਾਲ, ਜਥੇਦਾਰ ਹਰੀ ਸਿੰਘ ਜਸਵਾਲ ਭਾਮ, ਜਥੇਦਾਰ ਇਕਬਾਲ ਸਿੰਘ ਖੇੜਾ, ਪ੍ਰਿੰਸੀਪਲ ਸੁਖਇੰਦਰ ਸਿੰਘ ਮਿਨਹਾਸ ਰਿੱਕੀ, ਪ੍ਰਿੰਸੀਪਲ ਰਛਪਾਲ ਸਿੰਘ ਜਲਵੇਹੜਾ, ਮਾਸਟਰ ਸਰਬਜੀਤ ਸਿੰਘ ਮੰਝ, ਜਥੇਦਾਰ ਜਰਨੈਲ ਸਿੰਘ ਖਾਲਸਾ ਬੱਡੋ, ਜਰਨੈਲ ਸਿੰਘ ਪਟਵਾਰੀ, ਦਲਜੀਤ ਸਿੰਘ ਠੱਕਰਵਾਲ, ਅਮਰੀਕ ਸਿੰਘ ਮੀਰਾਪੁਰ, ਮਾਸਟਰ ਹਰਭਜਨ ਸਿੰਘ ਅਜਨੋਹਾ, ਹਰਦੀਪ ਸਿੰਘ ਖਾਲਸਾ ਬੱਡੋ, ਨੰਬਰਦਾਰ ਅਮਰਜੀਤ ਸਿੰਘ ਭਾਮ, ਰਾਜੇਸ ਕੁਮਾਰ ਰਾਜਾ, ਮਾਸਟਰ ਜਗਜੀਤ ਸਿੰਘ, ਪਰਮਜੀਤ ਸਿੰਘ ਰਾਜੂ, ਦਲਜੀਤ ਸਿੰਘ ਠੱਕਰਵਾਲ, ਚਰਨ ਸਿੰਘ ਮੰਝ, ਰਾਜਬਲਵੀਰ ਸਿੰਘ ਭਾਮ, ਜਰਨੈਲ ਸਿੰਘ ਪਟਵਾਰੀ, ਅਮਰੀਕ ਸਿੰਘ, ਕੈਪਟਨ ਅਮਨਚੈਨ ਸਿੰਘ, ਜੋਗਿੰਦਰ ਪਾਲ ਸਿੰਘ, ਸਰੋਵਰ, ਪ੍ਰਿੰਸ, ਬਿੰਦਾ, ਕੈਪਟਨ ਚਰਨਜੀਤ ਸਿੰਘ, ਸਰਪੰਚ ਪਲਵਿੰਦਰ ਸਿੰਘ ਭਾਮ, ਤਰਸੇਮ ਸਿੰਘ ਸਾਬਕਾ ਸਰਪੰਚ ਡਾਡੀਆਂ, ਮਾਸਟਰ ਜਸਵਿੰਦਰ ਸਿੰਘ ਜਸਵਾਲ ਭਾਮ, ਸਰਪੰਚ ਹਰਜੀਤ ਸਿੰਘ ਪਾਸਟਾਂ, ਮਾਸਟਰ ਸਤਵਿੰਦਰ ਸਿੰਘ, ਗੁਰਦੀਪ ਸਿੰਘ ਕੋਚ ਭਾਮ, ਹਰਕੀਅਤ ਸਿੰਘ ਗੋਰਖਾ ਅਜਨੋਹਾ, ਨੰਬਰਦਾਰ ਅਮਰਜੀਤ ਸਿੰਘ ਭਾਮ, ਟੇਕ ਚੰਦ ਸਸੋਲੀ, ਲਾਲਾਂ, ਇਕਬਾਲ ਸਿੰਘ, ਸੁਰਜੀਤ ਸਿੰਘ ਗੁੜ ਆਦਿ ਹਾਜ਼ਰ ਸਨ।

## ਦਰਸ਼ਨ ਲਾਲ ਸ਼ਰਮਾ ਬਣੇ ਬ੍ਰਾਹਮਣ ਸਭਾ ਕਰਤਾਰਪੁਰ ਦੇ ਪ੍ਰਧਾਨ, ਵਿਨੋਦ ਜਸਰਾ ਚੇਅਰਮੈਨ



**ਕਰਤਾਰਪੁਰ, (ਹਰਮੇਸ਼ ਦੱਤ) :** ਸ੍ਰੀ ਬ੍ਰਾਹਮਣ ਸਭਾ ਰਜਿਸਟਰਾਰ ਕਰਤਾਰਪੁਰ ਦੀ ਇੱਕ ਮੀਟਿੰਗ ਚੇਅਰਮੈਨ ਪ੍ਰਦੀਪ ਸ਼ਰਮਾ ਸਰਪ੍ਰਸਤ ਪੰਡਤ ਦੀ ਦੇਖ-ਰੇਖ ਹੇਠ ਭਗਵਾਨ ਪਰਸੂਰਾਮ ਮੰਦਰ ਕਟਾਣੀ ਗੇਟ ਕਰਤਾਰਪੁਰ ਵਿਖੇ ਹੋਈ। ਸੰਭੂਨਾਥ ਰਿਖੀ ਜਿਸ ਵਿਚ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ ਅਤੇ ਸਰਬਸੰਮਤੀ ਨਾਲ ਪੰਡਤ ਦਰਸ਼ਨ ਲਾਲ ਸ਼ਰਮਾ ਨੂੰ ਦੋ ਸਾਲ ਲਈ ਸ੍ਰੀ ਬ੍ਰਾਹਮਣ ਸਭਾ ਕਰਤਾਰਪੁਰ ਦਾ ਪ੍ਰਧਾਨ ਬਣਾਇਆ ਗਿਆ, ਉਨ੍ਹਾਂ ਦੇ ਨਾਲ ਐਡਵੋਕੇਟ ਕ੍ਰਿਸ਼ਨ ਕੁਮਾਰ ਸ਼ਰਮਾ ਨੂੰ ਉਪ ਪ੍ਰਧਾਨ, ਵਿਨੋਦ ਜਸਰਾ ਨੂੰ ਚੇਅਰਮੈਨ ਨਿਯੁਕਤ ਕੀਤਾ ਗਿਆ। ਇਸ ਮੌਕੇ ਨਵ-ਨਿਯੁਕਤ ਅਹੁਦੇਦਾਰਾਂ ਨੇ ਭਗਵਾਨ ਸ੍ਰੀ ਪਰਸ਼ੂਰਾਮ ਮੰਦਰ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਪ੍ਰਧਾਨ ਦਰਸ਼ਨ ਲਾਲ ਸ਼ਰਮਾ ਨੇ ਦੱਸਿਆ ਕਿ ਸ੍ਰੀ ਬ੍ਰਾਹਮਣ ਸਭਾ ਦੀ ਕਾਰਜਕਾਰਨੀ ਦਾ ਐਲਾਨ ਅਗਲੀ ਮੀਟਿੰਗ ਵਿੱਚ ਕੀਤਾ ਜਾਵੇਗਾ। ਪ੍ਰਧਾਨ ਦਰਸ਼ਨ ਲਾਲ ਸ਼ਰਮਾ ਨੇ ਕਿਹਾ ਕਿ ਉਹ ਬ੍ਰਾਹਮਣ ਸਮਾਜ ਵੱਲੋਂ ਦਿੱਤੇ ਦਿਨ ਰਾਤ ਇੱਕ ਕਰ ਕੇ ਬ੍ਰਾਹਮਣ ਸਮਾਜ ਨੂੰ ਇੱਕਜੁੱਟ ਕਰਨ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ। ਇਸ ਮੌਕੇ ਪੰਡਤ ਸੰਭੂਨਾਥ ਰਿਖੀ, ਅਯੁੱਧਿਆ ਨਾਥ ਰਿਖੀ, ਪ੍ਰਦੀਪ ਸ਼ਰਮਾ, ਐਡਵੋਕੇਟ ਕ੍ਰਿਸ਼ਨ ਕੁਮਾਰ ਸ਼ਰਮਾ, ਵਿਨੋਦ ਜਸਰਾ, ਮਦਨਲਾਲ ਸ਼ਰਮਾ, ਵਨਾਮਲੀ ਕਾਂਤ ਸ਼ਰਮਾ, ਗਗਨ ਗੌਤਮ, ਕੌਸਲੇਂਦਰ ਐਰੀ, ਕੁਲਦੀਪ ਅਗਨੀਹੋਤਰੀ, ਸੰਜੇ ਸ਼ਰਮਾ, ਉਪਕਾਰ ਪਰਾਸਰ, ਸ੍ਰੀ ਬ੍ਰਾਹਮਣ ਦੇ ਪਤਵੰਤੇ ਸਭਾ ਕਰਤਾਰਪੁਰ। ਸਤੀਸ਼ ਸ਼ਰਮਾ, ਬ੍ਰਿਜਮੋਹਨ ਮੋਦਗਿਲ, ਰਾਹੁਲ ਸ਼ਰਮਾ, ਪੰਡਤ ਰਾਮ ਕੁਮਾਰ ਸ਼ਰਮਾ ਆਦਿ ਹਾਜ਼ਰ ਸਨ।

## ਬਜਵਾੜਾ ਕਲਾਂ ਵਿਖੇ ਸਮੂਹ ਸਿੰਘਾਂ ਸ਼ਹੀਦਾਂ ਦੀ ਯਾਦ 'ਚ ਮਹਾਨ ਗੁਰਮਤਿ ਸਮਾਗਮ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਬਜਵਾੜਾ ਕਲਾਂ ਵਿਖੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਛਾਉਣੀ ਨਿਹੰਗ ਸਿੰਘਾਂ ਹੁਸ਼ਿਆਰਪੁਰ ਤੋਂ ਊਨਾ ਜੀ ਟੀ ਰੋਡ ਤੇ ਸਮੂਹ ਸਾਧ ਸੰਗਤ ਅਤੇ ਇਲਾਕੇ ਦੇ ਸਹਿਯੋਗ ਨਾਲ ਜਥੇਬੰਦੀ ਵੱਲੋਂ ਸਮੂਹ ਸਿੰਘਾਂ ਸ਼ਹੀਦਾਂ ਦੀ ਯਾਦ ਵਿੱਚ ਮਹਾਨ ਗੁਰਮਤਿ ਸਮਾਗਮ ਜਥੇਬੰਦੀ ਦੇ ਮੁੱਖ ਸੇਵਾਦਾਰ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ ਮੁੱਖੀ ਸਾਹਿਬਜਾਦਾ ਫਤਿਹ ਸਿੰਘ ਛਾਉਣੀ ਨਿਹੰਗ ਸਿੰਘਾਂ ਤਰਨਾਂ ਤਰਨਾਂ ਦਲ ਬਜਵਾੜਾ ਕਲਾਂ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਬਾਬਾ ਰਾਜਵੀਰ ਸਿੰਘ ਹੁਸ਼ਿਆਰਪੁਰ ਨੇ ਦੱਸਿਆ ਕਿ ਸਮਾਗਮ ਸਬੰਧੀ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ, ਭਾਈ ਜਸਵਿੰਦਰ ਸਿੰਘ ਹੈਡ ਗ੍ਰੰਥੀ ਬਜਵਾੜਾ ਕਲਾਂ, ਭਾਈ ਜਤਿੰਦਰ ਸਿੰਘ ਕਥਾ ਵਾਚਕ, ਭਾਈ ਤਨਵੀਰ ਸਿੰਘ ਬਜਵਾੜਾ ਕਲਾਂ, ਭਾਈ ਗੁਰਸਰਨ ਸਿੰਘ ਮਾਹਿਲਪੁਰ ਭਾਈ ਬਲਜੋਤ ਸਿੰਘ ਕਵੀਸਰ ਜਥਾ ਚੱਬੇਵਾਲ, ਭਾਈ ਸਿਮਰਨਜੀਤ ਸਿੰਘ ਬਜਵਾੜਾ ਕਲਾਂ, ਭਾਈ ਸਿਮਰਨਜੀਤ ਸਿੰਘ ਕਵੀਸਰੀ ਜੱਥਾ ਚੱਬੇਵਾਲ ਆਦਿ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ ਨੇ ਸਹਿਯੋਗੀਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਬੱਬੀ ਸਿੰਘ, ਗੁਰਪਾਲ ਸਿੰਘ, ਗੁਰਪ੍ਰੀਤ ਸਿੰਘ, ਬਲਵੀਰ ਸਿੰਘ ਹੇੜੀਆ, ਹਰਭਜਨ ਸਿੰਘ ਹੁੱਕੜਾ, ਸੁਰਜੀਤ ਸਿੰਘ ਢੱਕੋਵਾਲ, ਬਲਦੇਵ ਸਿੰਘ ਅਜੜਾਮ, ਗੁਰਪ੍ਰੀਤ ਸਿੰਘ, ਮਨਜਿੰਦਰ ਸਿੰਘ ਲੰਗਏਰੀ, ਸਿਮਰਨਜੀਤ ਸਿੰਘ, ਤਲਵਿੰਦਰ ਸਿੰਘ ਬਾੜੀਆ, ਬਾਬਾ ਕੁਲਵਰਨ ਸਿੰਘ, ਬਾਬਾ ਹਰਵਿੰਦਰ ਸਿੰਘ ਰਾਣਾ, ਮਦਨ ਸਿੰਘ, ਲਖਵਿੰਦਰ ਸਿੰਘ, ਦੀਪਕ ਸਿੰਘ, ਜਸਪ੍ਰੀਤ ਸਿੰਘ, ਜਸਵਿੰਦਰ ਸਿੰਘ, ਕੁਲਵੰਤ ਸਿੰਘ, ਅਮਰੀਕ ਸਿੰਘ, ਮਨਜੀਤ ਸਿੰਘ, ਸੁਰਿੰਦਰ ਸਿੰਘ, ਬੀਬੀ ਰਜਨੀ ਆਦਿ ਹਾਜ਼ਰ ਸਨ।

## ਡਾ. ਸੁਸ਼ੀਲ ਮਿੱਤਲ ਨੇ ਵੀ ਸੀ ਆਈ ਕੇ ਜੀ ਪੀ ਟੀ ਯੂ ਦਾ ਚਾਰਜ ਸੰਭਾਲਿਆ

**ਕਪੂਰਥਲਾ ( ਰਾਵਿੰਦਰ ਸਿੰਘ )** ਨਾਮਵਰ ਅਕਾਦਮਿਕ ਹਸਤੀ ਡਾ. ਸੁਸ਼ੀਲ ਕੁਮਾਰ ਮਿੱਤਲ ਨੇ ਆਈ ਕੇ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ ਕੇ ਜੀ ਪੀ ਟੀ ਯੂ) ਦੇ 19ਵੇਂ ਵਾਈਸ ਚਾਂਸਲਰ ਦਾ ਅਹੁਦਾ ਸੰਭਾਲ ਲਿਆ। ਉਨ੍ਹਾਂ ਦਾ ਸਵਾਗਤ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਐਸ.ਕੇ. ਮਿਸ਼ਰਾ ਵੱਲੋਂ ਵਿੱਤ ਅਧਿਕਾਰੀ ਡਾ. ਸੁਖਬੀਰ ਸਿੰਘ ਵਾਲੀਆ ਨਾਲ ਕੀਤਾ ਗਿਆ। ਜਿਕਰਯੋਗ ਹੈ ਕਿ ਡਾ. ਮਿੱਤਲ ਨੂੰ 15 ਜੂਨ ਨੂੰ ਪੰਜਾਬ ਦੇ ਰਾਜਪਾਲ ਅਤੇ ਯੂਨੀਵਰਸਿਟੀ ਦੇ ਚਾਂਸਲਰ ਬਨਵਾਰੀ ਲਾਲ ਪੁਰੋਹਿਤ ਵੱਲੋਂ ਇਸ ਸਨਮਾਨਿਤ ਅਹੁਦੇ ਤੇ ਨਿਯੁਕਤ ਕੀਤਾ ਗਿਆ ਸੀ। ਡਾ. ਮਿੱਤਲ ਇੱਕ ਉੱਘੇ ਅਕਾਦਮਿਕ ਸਖਸੀਅਤ ਹਨ, ਜਿਨ੍ਹਾਂ ਨੇ ਰਾਜ 'ਚ ਥਾਪਰ ਇੰਜਨੀਅਰਿੰਗ ਇੰਸਟੀਚਿਊਟ ਵਰਗੀਆਂ ਕਈ ਚੋਟੀ ਦੀਆਂ ਅਕਾਦਮਿਕ ਸੰਸਥਾਵਾਂ ਦਾ ਸੰਚਾਲਨ ਕੀਤਾ ਹੈ। ਉਨ੍ਹਾਂ ਦਾ ਇਸ ਤੋਂ ਪਹਿਲਾ ਅਹੁਦਾ ਵੀ.ਸੀ ਐਸ.ਬੀ.ਐਸ ਸਟੇਟ ਯੂਨੀਵਰਸਿਟੀ ਗੁਰਦਾਸਪੁਰ ਵਿਖੇ ਸੀ। ਉਨ੍ਹਾਂ ਨੇ ਅਹੁਦਾ ਸੰਭਾਲਦੇ ਹੋਏ ਸਾਮਲ ਕਿਹਾ ਕਿ, ਉਨ੍ਹਾਂ ਦਾ ਕੰਮ ਯੂਨੀਵਰਸਿਟੀ, ਇਸਦੇ ਕੈਂਪਸ ਅਤੇ ਇਸ ਨਾਲ ਸਬੰਧਤ ਕਾਲਜਾਂ ਦੇ ਅਕਾਦਮਿਕ ਵਿਕਾਸ ਲਈ ਟੀਮ ਵਰਕ ਦਾ ਮਾਹੌਲ ਬਣਾਉਣਾ ਤੇ ਲਗਾਤਾਰ ਅੱਗੇ ਵਧਣਾ ਰਹੇਗਾ। ਉਨ੍ਹਾਂ ਕਿਹਾ ਕਿ ਆਈਕੇਜੀਪੀਟੀਯੂ ਪਰਿਵਾਰ ਮਿਲ ਕੇ ਤਕਨੀਕੀ ਸਿੱਖਿਆ ਨੂੰ ਨਵੀਂ ਦਿਸਾ ਦੇਵੇਗਾ।

## ਲਾਲਪੁਰਾ ਵੱਲੋਂ ਜ਼ਰੂਰਤਮੰਦਾਂ ਨੂੰ 15 ਪੱਖਿਆਂ ਦੀ ਸੇਵਾ

**ਨੂਰਪੁਰ ਬੇਦੀ, (ਸੁਰਜੀਤ ਸਿੰਘ ਕਾਹਲੋਂ)**-ਅੱਜ ਸ਼ਿਵ ਮੰਦਰ ਸਰਥਲੀ ਵਿਖੇ ਕਰਵਾਈ ਗਈ ਪਵਿੱਤਰ ਸ੍ਰੀਮਦ ਭਾਗਵਤ ਕਥਾ ਅਤੇ ਮਹਾਂਮਾਈ ਦੇ ਜਾਗਰਣ ਮੌਕੇ ਭਾਜਪਾ ਦੀ ਟੀਮ ਨੇ ਹਾਜ਼ਰੀ ਲਗਵਾਈ। ਇਸ ਮੌਕੇ ਮਹੰਤ ਬਾਬਾ ਧੀਰਜ ਗਿਰੀ ਦੇ ਨਿਰਦੇਸਾਂ ਅਨੁਸਾਰ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਤੇ ਨਾਮਵਰ ਸਮਾਜ ਸੇਵੀ ਸੰਸਥਾ ਪਹਿਲਾਂ ਇਨਸਾਨੀਅਤ ਦੇ ਮੁਖੀ ਅਜੈਵੀਰ ਸਿੰਘ ਲਾਲਪੁਰਾ ਵੱਲੋਂ ਜ਼ਰੂਰਤਮੰਦ ਪਰਵਾਰਾਂ ਲਈ 15 ਪੱਖਿਆਂ ਦੀ ਸੇਵਾ ਕੀਤੀ ਗਈ। ਇਸ ਮੌਕੇ ਪੱਖੇ ਵੰਡਣ ਦੀ ਸੇਵਾ ਅਜੈਵੀਰ ਸਿੰਘ ਲਾਲਪੁਰਾ ਦੀ ਟੀਮ ਨੇ ਅਦਾ ਕੀਤੀ। ਇਸ ਮੌਕੇ ਸਰਕਲ ਪ੍ਰਧਾਨ ਸੁਸ਼ੀਲ ਕੁਮਾਰ ਸ਼ਰਮਾ, ਰਾਜੀਵ ਕੁਮਾਰ, ਗਿਰਦਰੀ ਲਾਲ, ਨਿਰੰਜਨ ਸਿੰਘ, ਜਗਦੀਪ ਚੰਦ, ਜਗਦੇਵ ਚੰਦ, ਡਾ.ਅਮਨਦੀਪ ਸਰਪੰਚ, ਪ੍ਰਿਤਪਾਲ ਸਿੰਘ, ਬਖਤਾਵਰ ਸਿੰਘ, ਸ਼ਿਵ ਕੁਮਾਰ ਸਰਥਲੀ, ਗੋਲਡੀ ਪੰਚ, ਰਾਕੇਸ਼ ਕੁਮਾਰ, ਸੁਰਿੰਦਰਪਾਲ ਸੇਠੀ, ਸੰਤ ਰਾਮ, ਵੇਦ ਰਾਜ, ਵਿਜੈ ਕੁਮਾਰ ਸਰਪੰਚ ਸਾਰਥਲੀ, ਲੰਬੜਦਾਰ ਰਾਮ ਦਿਆਲ, ਪੱਪੂ ਸਰਥਾਲੀ, ਬਲਰਾਮ ਸਾਰਥਾਲੀ ਆਦਿ ਹਾਜ਼ਰ ਸਨ।

## 'ਜਲਦਾ - ਭਖਦਾ ਮਣੀਪੁਰ' : ਕੇਂਦਰ ਸਰਕਾਰ ਸੰਜੀਦਾ ਕਿਉਂ ਨਹੀਂ : ਹਰਿੰਦਰ ਸਿੰਘ

**ਆਦਮਪੁਰ (ਪਰਮਜੀਤ ਸਿੰਘ )**- ਮਈ ਮਹੀਨੇ ਦੇ ਪਹਿਲੇ ਹਫਤੇ ਤੋਂ ਹੀ ਮਣੀਪੁਰ ਵਿੱਚ ਤਣਾਅਪੂਰਨ ਮਾਹੌਲ ਹੋ ਗਿਆ ਸੀ । ਮੁੱਖ ਕਾਰਨ ਹੈ ਦੋ ਵੱਖ ਵੱਖ ਸਮੁਦਾਇਆਂ ਵਿੱਚ ਦੰਗੇ ਅਤੇ ਝੜਪਾਂ। ਮਣੀਪੁਰ ਦੀ ਆਬਾਦੀ ਤਕਰੀਬਨ 33 ਲੱਖ ਦੀ ਹੈ । ਇਸ ਵਿੱਚ ਮੁੱਖ ਤੌਰ 'ਤੇ ਤਿੰਨ ਸਮੁਦਾਏ ਹਨ ਅਤੇ ਅਨੁਮਾਨਤ ਅਨੁਪਾਤ ਮੁਤਾਬਕ : ਮੈਤੇਈ ( 53 % ), ਨਾਗਾ ( 24 % ), ਕੂਕੀ ( 16 % ) ਹਨ । ਮਣੀਪੁਰ ਦੇ ਉਚ ਅਦਾਲਤ ਨੇ ਇਕ ਫੈਸਲਾ ਸੁਣਾਇਆ ਸੀ ਕਿ ਮੈਤੇਈ ਸਮੁਦਾਏ ਨੂੰ ਅਨੁਸੂਚਿਤ ਜਨਜਾਤੀ ਦੇ ਅੰਦਰ ਮੰਨਿਆ ਜਾਏ । ਹਾਲਾਂਕਿ ਭਾਰਤ ਦੇ ਸਰਬਉਚ ਅਦਾਲਤ ਨੇ ਇਸ ਫੈਸਲੇ ਨੂੰ ਗਲਤ ਠਹਿਰਾਇਆ। ਇਸ ਦੌਰਾਨ ਇਸ ਮੁੱਦੇ 'ਤੇ ਦੋਹਾਂ ਧਿਰਾਂ ਵੱਲੋਂ ਵਿਰੋਧ ਪ੍ਰਦਰਸ਼ਨ ਹਿੰਸਕ ਹੋਣ ਲੱਗ ਪਏ । ਹੁਣ ਤੱਕ ਤਕਰੀਬਨ 100 ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ, ਜਿਸ ਵਿੱਚ ਬੱਚੇ, ਆਮ ਨਾਗਰਿਕ ਅਤੇ ਸੈਨਿਕ ਬਲਾਂ ਦੇ ਜਵਾਨ ਵੀ ਮਾਰੇ ਗਏ। ਬਸਤੀਆਂ ਦੀਆਂ ਬਸਤੀਆਂ, ਘਰ ਅੱਗ ਦੇ ਹਵਾਲੇ ਕਰ ਦਿੱਤੇ ਗਏ । ਧਾਰਮਕ ਸਥਾਨਾਂ, ਮੰਦਰਾਂ, ਚਰਚਾਂ ਨੂੰ ਵੀ ਨਹੀਂ ਬਖਸ਼ਿਆ । ਬਦਲਾਖੋਰੀ ਦੀ ਭਾਵਨਾ 'ਚ ਅਨੇਕਾਂ ਲੋਕ ਮਾਰੇ ਗਏ, ਸੈਂਕੜੇ ਲੋਕ ( ਔਰਤਾਂ - ਬੱਚੇ - ਨੌਜਵਾਨ ) ਜ਼ਖਮੀ ਹੋ ਗਏ, ਹਜ਼ਾਰਾਂ ਲੋਕ ਬੇਘਰ ਹੋ ਗਏ । ਜੰਗਲ ਅਤੇ ਵਨਸਪਤ ਅੱਗ ਦੀ ਭੇਟ ਚੜ੍ਹ ਗਏ। ਬਹੁਸੰਖਿਅਕ ਮੈਤੇਈ ਸਮੁਦਾਏ ਦੀ ਮੰਗ ਹੈ ਕਿ ਉਸ ਨੂੰ ਅਨੁਸੂਚਿਤ ਜਨਜਾਤੀ ਵਿੱਚ ਲਿਆਂਦਾ ਜਾਵੇ । ਜਦ ਕਿ ਘੱਟ ਗਿਣਤੀ ਕੂਕੀ ਸਮੁਦਾਏ ਦਾ ਮੰਨਣਾ ਹੈ ਕਿ ਇਸ ਨਾਲ ਘੱਟ ਗਿਣਤੀ ਦੇ ਹੱਕਾਂ ਦੀ ਅਣਦੇਖੀ ਹੋਵੇਗੀ। ਮੌਕੇ ਦੀ ਮੌਜੂਦਾ ਸਰਕਾਰ ਵਿੱਚ ਜ਼ਿਆਦਾਤਰ ਵਿਧਾਇਕ ਮੈਤੇਈ ਹਨ, ਸਰਕਾਰੀ ਅਤੇ ਪੁਲਸ ਅਫਸਰ ਵੀ ਮੈਤੇਈ ਸਮੁਦਾਏ ਨਾਲ ਸੰਬੰਧਤ ਹਨ, ਇਹ ਕੂਕੀ ਸਮੁਦਾਏ ਦਾ ਕਹਿਣਾ ਹੈ। ਆਂਕੜੇ ਵੀ ਏਹੀ ਦਰਸਾਉਂਦੇ ਹਨ । ਮਣੀਪੁਰ ਵਿੱਚ ਪਿਛਲੇ ਵਰ੍ਹੇ ਹੋਈਆਂ ਚੋਣਾਂ ਤੋਂ ਬਾਅਦ ਭਾਜਪਾ ਦੀ ਸਰਕਾਰ ਬਣੀ ਪਰੰਤੂ ਸਰਕਾਰ ਬਣਨ ਦੇ ਇਕ ਸਾਲ ਬਾਅਦ ਹੀ ਕਾਨੂੰਨ ਵਿਵਸਥਾ ਦੀ ਗੰਭੀਰ ਹਾਲਤ ਹੋ ਗਈ ਹੈ। ਕੇਂਦਰ ਦੀ ਭਾਜਪਾ ਸਰਕਾਰ ਇਸ ਹਿੰਸਾ ਨੂੰ ਅਣਦੇਖਿਆ ਕਰ ਰਹੀ ਹੈ । ਭਾਜਪਾ ਹਮੇਸ਼ਾ ਹੀ ਰਾਜ ਦੇ ਲੋਕਾਂ ਨੂੰ ਦੋਫਾੜ ਕਰਦੀ ਚਲੀ ਆ ਰਹੀ ਹੈ । ਕਿਤੇ ਹਿੰਦੂ ਮੁਸਲਮਾਨਾਂ ਦੇ ਦੰਗੇ, ਕਿਤੇ ਈਸਾਈ ਹਿੰਦੂ ਦੰਗੇ । ਘੱਟ ਗਿਣਤੀ ਪਹਾੜੀ ਕਬੀਲਿਆਂ ਨੂੰ ਮਾਰ ਕੇ, ਡਰਾ ਕੇ ਉਨ੍ਹਾਂ ਤੋਂ ਪਹਾੜੀ ਖੇਤਰ ਖਾਲੀ ਕਰਵਾਉਣ ਦੀ ਕੋਸ਼ਿਸ਼ ਜਾਪਦੀ ਹੈ। ਬਹੁਗਿਣਤੀ ਹਿੰਦੂ ਧਰਮ ਨਾਲ ਸੰਬੰਧਤ ਮੈਤੇਈ ਸਮੁਦਾਏ ਨੂੰ ਹੀ ਅਗਾਂਹ ਰੱਖਣ ਦੀ ਕੋਸ਼ਿਸ਼? ਦੋਹਾਂ ਸਮੁਦਾਇਆਂ ਦੇ ਆਪਣੇ ਆਪਣੇ ਪੱਖ ਹਨ। ਦੋਸ਼ ਪ੍ਰਤੀ - ਦੋਸ਼ ਵੀ ਲਗਾਏ ਜਾ ਰਹੇ ਹਨ। ਗੌਰ ਕਰਨ ਵਾਲੀ ਗੱਲ ਹੈ ਕਿ ਭਾਜਪਾ ਸਰਕਾਰ ਸੰਜੀਦਾ ਨਹੀਂ ਹੈ । ਇਸ ਮਸਲੇ ਅਤੇ ਹਿੰਸਾ 'ਤੇ ਪ੍ਰਧਾਨ ਮੰਤਰੀ ਮੋਦੀ ਵੀ ਮੌਨ ਹਨ । ਭਾਜਪਾ ਵੱਲੋਂ ਥਾਪੇ ਮਣੀਪੁਰ ਦੇ ਗਵਰਨਰ ਸਾਬ੍ਹ ਮਣੀਪੁਰ ਦੇ ਹਾਲਾਤ ਤੇ ਚੁੱਪ ਹਨ । ਉਥੇ ਦੀ ਭਾਜਪਾ ਸਰਕਾਰ ਨੂੰ ਬਰਖਾਸਤ ਕਰਨ ਦੀ ਮੰਗ ਕਿਉਂ ਨਹੀਂ ਕਰਦੇ? ਜੰਮੂ ਕਸ਼ਮੀਰ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਬਣਾਉਣ ਪਿਛੇ ਉਥੇ ਦੀ ਵਿਗੜੀ ਕਾਨੂੰਨ ਵਿਵਸਥਾ ਦਾ ਸਹਾਰਾ ਲਿਆ ਗਿਆ। ਮਣੀਪੁਰ 'ਚ ਹਰ ਰੋਜ਼ ਅਨੇਕ ਲੋਕ ਮਰ ਰਹੇ ਹਨ । ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਇਸ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ । ਗੈਰ ਭਾਜਪਾ ਸ਼ਾਸਿਤ ਰਾਜਾਂ ਦੀ ਸ਼ਾਂਤੀ ਭੰਗ ਕਰਨ ਵਾਲੇ ਹੁਣ ਆਪਣੇ ਘਰ ਲੱਗੀ ਅੱਗ 'ਤੇ ਮੌਨ ਹਨ। ਇਹ ਬਹੁਤ ਹੀ ਨਿੰਦਣਯੋਗ ਹੈ । ਪੰਜਾਬ ਹੋਵੇ , ਬੰਗਾਲ ਹੋਵੇ , ਜੰਮੂ ਕਸ਼ਮੀਰ ਹੋਵੇ , ਜਾਂ ਮਣੀਪੁਰ ; ਆਖਰ ਮਰ ਤਾਂ ਭਾਰਤੀ ਰਿਹਾ, ਮਰ ਤਾਂ ਇੰਨਸਾਨ ਰਿਹਾ ।

## ਡੀ ਟੀ ਐੱਫ ਆਗੂਆਂ 'ਤੇ ਝੂਠਾ ਮੁਕੱਦਮਾ ਖਾਰਜ ਕਰਵਾਉਣ ਲਈ ਵਿਧਾਇਕ ਸ਼ੇਰੋਵਾਲੀਆ ਨੂੰ ਮੰਗ ਪੱਤਰ



**ਜਲੰਧਰ (ਕੇਸਰ)**- ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੀ ਜ਼ਿਲ੍ਹਾ ਕਮੇਟੀ ਜਲੰਧਰ ਨੇ ਹਲਕਾ ਸ਼ਾਹਕੋਟ ਦੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੂੰ ਉਨ੍ਹਾ ਦੀ ਰਿਹਾਇਸ਼ ਮਲਸੀਆਂ ਵਿਖੇ ਮੰਗ ਪੱਤਰ ਦੇ ਕੇ ਫਰੰਟ ਦੇ ਸੰਗਰੂਰ ਦੇ ਆਗੂਆਂ ਉਪਰ ਦਰਜ ਕੀਤੇ ਝੂਠੇ ਮੁਕੱਦਮੇ ਨੂੰ ਖਾਰਜ ਕਰਨ ਦੀ ਮੰਗ ਕੀਤੀ। ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਕੋਟਲੀ, ਵਿੱਤ ਸਕੱਤਰ ਗੁਰਮੁਖ ਸਿੰਘ ਸਿੱਧੂ ਅਤੇ ਮਨਜੀਤ ਸਿੰਘ ਮਲਸੀਆਂ ਨੇ ਦੱਸਿਆ ਕਿ ਪਿਛਲੇ ਵਰ੍ਹੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਵਿਦਿਆਰਥੀਆਂ ਦੇ ਵਿੱਦਿਅਕ ਟੂਰਾਂ ਦੀ ਆਗਿਆ ਲੈਣ ਵਾਸਤੇ ਡੀ.ਟੀ.ਐਫ ਸੰਗਰੂਰ ਨੇ ਜ਼ਿਲ੍ਹਾ ਸਿੱਖਿਆ ਅਫਸਰ ( ਸੈ ਸਿੱ) ਸੰਗਰੂਰ ਦੇ ਦਫਤਰ ਵਿਚ ਧਰਨਾ ਲਗਾਇਆ ਸੀ। ਜ਼ਿਲ੍ਹਾ ਸਿੱਖਿਆ ਅਫਸਰ ਨੇ ਟੂਰਾਂ ਦੀ ਪ੍ਰਵਾਨਗੀ ਦੇਣ ਦੀ ਬਜਾਏ ਬਦਲਾਖੋਰੀ ਦੀ ਭਾਵਨਾ ਨਾਲ ਤਤਕਾਲੀ ਡਿਪਟੀ ਸੰਗਰੂਰ ਅੰਗਰੇਜ ਸਿੰਘ ਨੇ ਡੀ.ਟੀ.ਐਫ ਦੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ, ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ, ਪਰਵਿੰਦਰ ਸਿੰਘ, ਯਾਦਵਿੰਦਰ ਪਾਲ ਅਤੇ ਗੁਰਪ੍ਰੀਤ ਸਿੰਘ ਉਪਰ ਝੂਠਾ ਮੁਕੱਦਮਾ ਦਰਜ ਕਰਵਾ ਦਿੱਤਾ ਸੀ। ਸਿੱਖਿਆ ਵਿਭਾਗ ਨੇ ਡਿਪਟੀ ਡੀ.ਈ.ਓ ਦੀ ਸ਼ਿਕਾਇਤ ਦੇ ਅਧਾਰ 'ਤੇ ਉਕਤ ਆਗੂਆਂ ਦੀਆਂ ਦੂਰ ਦੁਰੇਡੇ ਬਦਲੀਆਂ ਵੀ ਕਰ ਦਿੱਤੀਆਂ ਸਨ। ਜਥੇਬੰਦੀ ਵੱਲੋਂ ਕੀਤੇ ਸੰਘਰਸ਼ ਸਦਕਾ ਵਿਭਾਗ ਦੇ ਉਚ ਅਧਿਕਾਰੀਆਂ ਨੇ ਆਗੂਆਂ ਦੀਆਂ ਬਦਲੀਆਂ ਤਾਂ ਰੱਦ ਕਰ ਦਿੱਤੀਆਂ ਸਨ। ਪਰ ਜਾਰੀ ਕੀਤੀਆਂ ਦੋਸ਼ ਸੂਚੀਆਂ ਅਤੇ ਦਰਜ ਕਰਵਾਏ ਝੂਠੇ ਮੁਕੱਦਮੇ ਨੂੰ ਅਜੇ ਤੱਕ ਵੀ ਖਾਰਜ ਨਹੀ ਕੀਤਾ ਗਿਆ, ਜਿਸ ਕਾਰਨ ਉਹ ਹੁਣ ਦੁਬਾਰਾ ਪੰਜਾਬ ਭਰ ਦੇ ਵਿਧਾਇਕਾਂ ਨੂੰ ਮੰਗ ਪੱਤਰ ਦੇ ਕੇ ਝੂਠੇ ਮੁਕੱਦਮੇ ਨੂੰ ਖਾਰਜ ਕਰਨ ਅਤੇ ਜਾਰੀ ਕੀਤੀਆਂ ਦੋਸ਼ ਸੂਚੀਆਂ ਨੂੰ ਰੱਦ ਕਰਨ ਦੀ ਮੰਗ ਕਰ ਰਹੇ ਹਨ। ਉਨ੍ਹਾਂ ਕਿਹਾ ਵਿਧਾਇਕ ਨੇ ਵਫਦ ਨੂੰ ਭਰੋਸਾ ਦਿਵਾਇਆ ਕਿ ਉਹ ਉਨ੍ਹਾਂ ਦੀਆਂ ਮੰਗਾਂ ਨੂੰ ਸਰਕਾਰ ਤੱਕ ਜ਼ਰੂਰ ਪਹੁੰਚਾਉਣਗੇ। ਅਧਿਆਪਕ ਆਗੂਆਂ ਨੇ ਕਿਹਾ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਨੂੰ ਜਲਦ ਨਾਂ ਪੂਰਾ ਕੀਤਾ ਗਿਆ ਤਾਂ ਉਹ ਪੰਜਾਬ ਭਰ ਵਿਚ ਸੰਘਰਸ਼ ਨੂੰ ਹੋਰ ਵਿਆਪਕ ਕਰ ਦੇਣਗੇ।

## ਦਿਨ ਦਿਹਾੜੇ ਪ੍ਰਵਾਸੀ ਮਜ਼ਦੂਰ ਤੋਂ 10 ਹਜ਼ਾਰ ਲੁੱਟੇ

**ਫਿਲੌਰ (ਨਿਰਮਲ)**- ਫਿਲੌਰ ਵਿਖੇ ਆਏ ਦਿਨ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ। ਦੋ ਹਫ਼ਤੇ 'ਚ ਤੀਜੀ ਲੁੱਟ ਨੂੰ ਲੁਟੇਰਿਆਂ ਨੇ ਅੱਜ ਅੰਜਾਮ ਦਿੱਤਾ। ਕੁੱਝ ਦਿਨ ਪਹਿਲਾਂ ਠੇਕੇਦਾਰ ਕਮਲੇਸ਼ ਚੌਧਰੀ ਵਾਸੀ ਬਿਹਾਰ ਨੂੰ ਵੀ ਤੇਜ਼ਧਾਰ ਹਥਿਆਰ ਦੀ ਨੋਕ 'ਤੇ ਲੁਟੇਰਿਆਂ ਨੇ ਉਸ ਕੋਲੋਂ 17 ਹਜ਼ਾਰ ਰੁਪਏ ਅਤੇ ਦੋ ਮੋਬਾਈਲ ਫੋਨ ਲੁੱਟੇ ਸਨ ਅਤੇ ਇਕ ਪੈਦਲ ਜਾ ਰਹੀ ਲੜਕੀ ਤੋਂ ਦਿਨ ਦਿਹਾੜੇ ਮੋਬਾਈਲ ਫੋਨ ਖੋਹ ਕੇ ਲੁਟੇਰੇ ਫਰਾਰ ਹੋ ਗਏ ਸਨ। ਸ਼ਹਿਰ 'ਚ ਦਹਿਸ਼ਤ ਦਾ ਮਾਹੌਲ ਅੱਜ ਉਸ ਵੇਲੇ ਦੇਖਣ ਨੂੰ ਮਿਲਿਆ ਜਦੋਂ ਦੁਪਹਿਰ ਦੋ ਵਜੇ ਦੇ ਕਰੀਬ ਇਕ ਪ੍ਰਵਾਸੀ ਮਜ਼ਦੂਰ ਅਨਮੋਲ ਯਾਦਵ ਬਿਹਾਰ ਜਾਣ ਲਈ ਹੈਬੋਵਾਲ (ਲੁਧਿਆਣਾ) ਤੋਂ ਫਿਲੌਰ ਰੇਲਵੇ ਸਟੇਸ਼ਨ 'ਤੇ ਰੇਲ ਗੱਡੀ ਫੜਨ ਲਈ ਆਇਆ ਤਾਂ ਜਦੋਂ ਉਹ ਰੇਲਵੇ ਸਟੇਸ਼ਨ ਵੱਲ ਮਾਲਗੋਦਾਮ ਨੇੜੇ ਪੁੱਜਾ ਤਾਂ ਮੋਟਰਸਾਈਕਲ 'ਤੇ ਸਵਾਰ ਦੋ ਲੁਟੇਰਿਆਂ ਨੇ ਉਸ ਉੱਤੇ ਦਾਤ ਨਾਲ ਬਾਂਹ 'ਤੇ ਵਾਰ ਕਰ ਕੇ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ। ਜ਼ਖਮੀ ਵਿਅਕਤੀ ਨੇ ਦੱਸਿਆ ਕਿ ਮੈਂ ਬਹੁਤ ਰੌਲਾ ਪਾਇਆ ਪਰ ਤੇਜ਼ਧਾਰ ਹਥਿਆਰ ਤੋਂ ਡਰਦੇ ਹੋਏ ਕਿਸੇ ਨੇ ਵੀ ਮੇਰੀ ਮਦਦ ਨਹੀਂ ਕੀਤੀ। ਲੁਟੇਰੇ ਮੇਰੇ ਕੋਲੋਂ 10 ਹਜ਼ਾਰ ਰੁਪਏ ਨਗਦੀ ਖੋਹ ਕੇ ਫਰਾਰ ਹੋ ਗਏ। ਲੋਕਾਂ ਨੇ ਜ਼ਖਮੀ ਪ੍ਰਵਾਸੀ ਮਜ਼ਦੂਰ ਨੂੰ ਡਾਕਟਰੀ ਸਹਾਇਤਾ ਲਈ ਹਸਪਤਾਲ ਪਹੁੰਚਾਇਆ।

## ਪੰਜਾਬ ਸਰਕਾਰ ਸੂਬੇ ਦੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਵਚਨਬੱਧ : ਸੁਸ਼ੀਲ ਰਿੰਕੂ



**ਜਲੰਧਰ, ( ਸ਼ੈਲੀ ਐਲਬਰਟ )**- ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਅੱਜ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਵਚਨਬੱਧ ਹੈ, ਜਿਸ ਦੇ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਲਗਾਤਾਰ ਠੋਸ ਉਪਰਾਲੇ ਕੀਤੇ ਜਾ ਰਹੇ ਹਨ। ਇਥੇ ਜੈਨ ਪ੍ਰੀਮੀਅਰ ਲੀਗ ਤਹਿਤ ਚੌਥੇ ਨਾਈਟ ਕ੍ਰਿਕਟ ਟੂਰਨਾਮੈਂਟ ਦਾ ਆਗਾਜ਼ ਕਰਦਿਆਂ ਲੋਕ ਸਭਾ ਮੈਂਬਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਨਿਰੰਤਰ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੰਜਾਬ ਨੂੰ ਖੇਡਾਂ ਦੇ ਖੇਤਰ ਵਿੱਚ ਬੁਲੰਦੀਆਂ 'ਤੇ ਲਿਜਾਣ ਲਈ ਕਾਰਗਰ ਖੇਡ ਨੀਤੀ ਜਾ ਬਣਾਈ ਜਾ ਰਹੀ ਹੈ ਤਾਂ ਜੋ ਸੂਬੇ ਨੂੰ ਖੇਡਾਂ ਦੇ ਖੇਤਰ ਵਿੱਚ ਵੀ ਨੰਬਰ ਇਕ ਬਣਾਇਆ ਜਾ ਸਕੇ। ਲੋਕ ਸਭਾ ਮੈਂਬਰ ਨੇ ਕਿਹਾ ਕਿ ਪੰਜਾਬ ਸਰਕਾਰ ਨੌਜਵਾਨ ਵਰਗ ਨੂੰ ਖੇਡਾਂ ਨਾਲ ਜੋੜਨ ਦੇ ਨਾਲ-ਨਾਲ ਉਨ੍ਹਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ 'ਤੇ ਵੀ ਵਿਸ਼ੇਸ਼ ਤਵੱਜੋ ਦੇ ਰਹੀ ਹੈ ਅਤੇ ਹੁਣ ਤੱਕ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਕਰੀਬ 30 ਹਜ਼ਾਰ ਨੌਕਰੀਆਂ ਮੁਹੱਈਆ ਕੀਤੀਆਂ ਜਾ ਚੁੱਕੀਆਂ ਹਨ। ਉਨ੍ਹਾ ਪ੍ਰਬੰਧਕਾਂ ਵੱਲੋਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦੇ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਪਹਿਲਕਦਮੀਆਂ ਸਦਕਾ ਸੂਬੇ ਦੇ ਨੌਜਵਾਨਾਂ ਨੂੰ ਖੇਡ ਮੈਦਾਨਾਂ ਵੱਲ ਲਿਜਾਣ ਦੇ ਯਤਨਾਂ ਨੂੰ ਹੋਰ ਬਲ ਮਿਲੇਗਾ। ਉਨ੍ਹਾਂ ਪ੍ਰਬੰਧਕਾਂ ਨੂੰ ਇਸ ਨੇਕ ਉਪਰਾਲੇ ਵਿੱਚ ਆਪਣੇ ਵੱਲੋਂ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਵੀ ਦਿਵਾਇਆ।

## ਭਾਜਪਾ ਦੇ ਸੰਯੁਕਤ ਮੋਰਚਿਆਂ ਦੀ ਮੀਟਿੰਗ 'ਚ ਭਾਜਪਾ ਦੇ 9 ਸਾਲ ਦੀਆਂ ਪ੍ਰਾਪਤੀਆਂ 'ਤੇ ਵਿਚਾਰ ਚਰਚਾ



**ਨੂਰਪੁਰਬੇਦੀ (ਜਗਤਾਰ ਜੱਗੀ)**-ਅੱਜ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਦੇ ਦਿਸ਼ਾ ਨਿਰਦੇਸ਼ਾਂ 'ਤੇ ਭਾਜਪਾ ਮੋਰਚਿਆਂ ਦੀ ਸੰਯੁਕਤ ਮੀਟਿੰਗ ਪਿੰਡ ਕਾਂਗੜ ਨੂਰਪੁਰਬੇਦੀ ਵਿਖੇ ਹੋਈ। ਮੀਟਿੰਗ ਦੀ ਅਗਵਾਈ ਭਾਜਪਾ ਨੂਰਪੁਰਬੇਦੀ ਸਰਕਲ ਦੇ ਪ੍ਰਧਾਨ ਕੁਲਭੂਸ਼ਨ ਚੰਦਰ ਸ਼ਾਰਦਾ ਨੇ ਕੀਤੀ। ਇਸ ਮੌਕੇ ਪਾਰਟੀ ਗਤੀਵਿਧੀਆਂ ਸੰਬੰਧੀ ਵਿਚਾਰ ਵਟਾਂਦਰਾ ਕੀਤੀ ਗਈ ਤੇ ਪਿਛਲੇ 9 ਸਾਲਾਂ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਵੱਲੋਂ ਕੀਤੇ ਗਏ ਕੰਮਾਂ ਤੇ ਪ੍ਰਾਪਤੀਆਂ ਨੂੰ ਘਰ-ਘਰ ਪਹੁੰਚਾਉਣ ਦੀ ਸਾਥੀਆਂ ਨੂੰ ਤਾਕੀਦ ਕੀਤੀ ਗਈ। ਸਰਕਲ ਪ੍ਰਧਾਨ ਕੁਲਭੂਸ਼ਨ ਚੰਦਰ ਸ਼ਾਰਦਾ ਨੇ ਕਿਹਾ ਕਿ 9 ਸਾਲਾਂ ਦੇ ਰਾਜ ਦੌਰਾਨ ਭਾਰਤ ਪੂਰੇ ਵਿਸ਼ਵ ਵਿਚ ਤਾਕਤ ਬਣ ਕੇ ਉੱਭਰਿਆ ਹੈ, ਜਿਸ ਦਾ ਪ੍ਰਤੱਖ ਸਬੂਤ ਉਦੋਂ ਮਿਲਿਆ ਜਦੋਂ ਇੱਕ ਵਿਕਸਤ ਮੁਲਕ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਨੇ ਸਾਡੇ ਪ੍ਰਧਾਨ ਮੰਤਰੀ ਮੋਦੀ ਨੂੰ 'ਦਾ ਬਾਸ' ਕਹਿ ਕੇ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਹੁਣ ਭਾਰਤ ਕੋਲ 8 ਗੁਣਾ ਵੱਧ ਸੋਨਾ ਹੈ, ਖਰਬਾਂ ਰੁਪਏ ਦੀ ਕਰੰਸੀ ਭਾਰਤ ਕੋਲ ਮੌਜੂਦ ਹੈ। ਕੇਂਦਰ ਨੇ ਬਿਨਾਂ ਭੇਦਭਾਵ ਪੂਰੇ ਭਾਰਤ ਵਿਚ ਲੋਕ ਭਲਾਈ ਦੀਆਂ ਸਕੀਮਾਂ ਲਾਗੂ ਕੀਤੀਆਂ ਹਨ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਨੇ ਲੋਕਾਂ ਦਾ ਸੇਵਕ ਬਣ ਕੇ ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨ ਤਹਿਤ 80 ਕਰੋੜ ਲੋਕਾਂ ਨੂੰ ਮੁਫ਼ਤ ਰਾਸ਼ਨ ਦਿੱਤਾ ਗਿਆ, ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ 3 ਕਰੋੜ ਗ਼ਰੀਬ ਪਰਵਾਰਾਂ ਨੂੰ ਪੱਕੇ ਘਰ ਬਣਾ ਕੇ ਦਿੱਤੇ, ਜਦੋਂ ਕਿ 11.8 ਕਰੋੜ ਘਰਾਂ ਵਿਚ ਸ਼ੁੱਧ ਜਲ ਪਹੁੰਚਾਇਆ। ਜਨ ਧਨ ਯੋਜਨਾ ਤਹਿਤ 48.3 ਕਰੋੜ ਖਾਤੇ ਖੋਲ੍ਹ ਕੇ ਗ਼ਰੀਬਾਂ ਨੂੰ ਬੈਂਕਿੰਗ ਵਿਵਸਥਾ ਨਾਲ ਜੋੜਿਆ ਜਦੋਂ ਕਿ ਈ ਡਬਲਿਊ ਐਸ ਸ਼੍ਰੇਣੀ ਲਈ ਨੌਕਰੀਆਂ ਅਤੇ ਸਿੱਖਿਆ ਅਦਾਰਿਆਂ ਵਿਚ 10 ਫ਼ੀਸਦੀ ਰਾਖਵਾਂਕਰਨ ਰੱਖਿਆ ਗਿਆ। ਜ਼ਿਲ੍ਹਾ ਜਨਰਲ ਸਕੱਤਰ ਰਮਨ ਜਿੰਦਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਸਵਨਿਧੀ ਯੋਜਨਾ ਦੇ ਤਹਿਤ 34 ਲੱਖ ਰੇਹੜੀ ਪਟੜੀ ਵਾਲਿਆਂ ਨੂੰ ਲੋਨ ਵੀ ਕੇਂਦਰ ਸਰਕਾਰ ਨੇ ਉਪਲਬਧ ਕਰਵਾਇਆ। 12 ਕਰੋੜ ਕਿਸਾਨਾਂ ਨੂੰ ਸਲਾਨਾ 6 ਹਜ਼ਾਰ ਦੀ ਵਿੱਤੀ ਸਹਾਇਤਾ ਕੀਤੀ ਗਈ ਜਦੋਂ ਕਿ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨ ਦੇ ਤਹਿਤ 37.5 ਕਰੋੜ ਕਿਸਾਨ ਜੋੜੇ ਗਏ, ਐਮ ਐਸ ਪੀ ਵਿਚ ਵਾਧਾ ਕਰਦੇ ਹੋਏ ਖੇਤੀਬਾੜੀ ਬਜਟ ਵਿਚ 5.6 ਗੁਣਾ ਦਾ ਵਾਧਾ ਵੀ ਮੋਦੀ ਸਰਕਾਰ ਦੇ ਕਾਰਜਕਾਲ ਦੌਰਾਨ ਹੀ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਵੱਲੋਂ ਜੀ 20 ਸਿਖਰ ਸੰਮੇਲਨ 2023 ਦੀ ਪ੍ਰਧਾਨਗੀ ਕੀਤੀ ਗਈ, ਇਸ ਤੋਂ ਇਲਾਵਾ ਡਿਜੀਟਲ ਲੈਣ ਦੇਣ ਵਿਚ ਭਾਰਤ ਸਭ ਤੋਂ ਅੱਗੇ ਹੈ। ਬੁਨਿਆਦੀ ਢਾਂਚੇ ਸੰਬੰਧੀ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਰਾਜਮਾਰਗ ਬਜਟ ਵਿਚ 500 ਫ਼ੀਸਦੀ ਦਾ ਵਾਧਾ ਕੀਤਾ ਗਿਆ, ਕੌਮੀ ਰਾਜਮਾਰਗਾਂ ਦੇ ਨਿਰਮਾਣ ਵਿਚ 208 ਫ਼ੀਸਦੀ ਦਾ ਵਾਧਾ ਹੋਇਆ ਤੇ 12 ਕਿਲੋਮੀਟਰ ਪ੍ਰਤੀ ਦਿਨ ਤੋਂ ਵਧ ਕੇ 37 ਕਿਲੋਮੀਟਰ ਪ੍ਰਤੀ ਦਿਨ ਨਿਰਮਾਣ ਕੀਤਾ ਜਾ ਰਿਹਾ ਹੈ। ਸੂਬੇ ਦੀ ਕਾਰਜਕਾਰਣੀ ਦੇ ਮੈਂਬਰ ਵਰਿੰਦਰ ਰਾਣਾ ਨੇ ਕਿਹਾ ਕਿ ਸੁਪਰਫਾਸਟ ਵੰਦੇ ਭਾਰਤ ਟਰੇਨ ਦੀ ਸ਼ੁਰੂਕਾਤ ਵੀ ਮੋਦੀ ਸਰਕਾਰ ਦੇ ਕਾਰਜਕਾਲ ਦੌਰਾਨ ਤੇ ਅਜਿਹੀਆਂ ਕੁੱਲ 400 ਟਰੇਨਾਂ ਬਣਾਈਆਂ ਜਾਣਗੀਆਂ। ਹੁਣ ਭਾਰਤ ਵਿਚ ਹਵਾਈ ਅੱਡਿਆਂ ਦੀ ਸੰਖਿਆ ਵਧ ਕੇ 148 ਹੋ ਗਈ ਜੋ ਪਹਿਲਾਂ ਸਿਰਫ 74 ਸੀ, ਉੱਤਰ ਪੂਰਬੀ ਰਾਜਾਂ ਵਿਚ ਉਗਰਵਾਦੀ ਘਟਨਾਵਾਂ ਵਿਚ 76 ਫ਼ੀਸਦੀ ਘਾਟਾ ਹੋਇਆ ਹੈ। ਇਸ ਮੌਕੇ ਸਰਕਲ ਪ੍ਰਧਾਨ ਕੁਲਭੂਸ਼ਣ ਚੰਦਰ ਸ਼ਾਰਦਾ, ਸਟੇਟ ਮੈਂਬਰ ਵਰਿੰਦਰ ਰਾਣਾ, ਜ਼ਿਲ੍ਹਾ ਜਨਰਲ ਸਕੱਤਰ ਰਮਨ ਜਿੰਦਲ, ਸੁਸ਼ੀਲ ਕੁਮਾਰ ਸਰਕਲ ਪ੍ਰਧਾਨ ਝਾਂਡੀਆਂ ਕਲਾਂ, ਯਾਦਵਿੰਦਰ ਸਿੰਘ ਯੁਵਾ ਮੋਰਚਾ ਪ੍ਰਧਾਨ ਨੂਰਪੁਰ ਬੇਦੀ ਸਰਕਲ ਦਰਸ਼ਨ ਸਿੰਘ ਪ੍ਰਧਾਨ ਕਿਸਾਨ ਮੋਰਚਾ, ਮੱਖਣ ਖਾਨ ਪ੍ਰਧਾਨ ਘੱਟ ਗਿਣਤੀ ਮੋਰਚਾ, ਡਾ. ਧਨੀ ਰਾਮ ਜ਼ਿਲ੍ਹਾ ਸਕੱਤਰ, ਜ਼ਿਲ੍ਹਾ ਬੁਲਾਰਾ ਬਾਲਕ੍ਰਿਸ਼ਨ ਕੁੱਕੂ, ਮਾਸਟਰ ਸੁਭਾਸ਼ ਆਜ਼ਮਪੁਰ, ਸੁਰਜੀਤ ਸਿੰਘ ਘਾਹੀਮਾਜਰਾ, ਸ਼ਸ਼ੀ ਬਾਵਾ, ਬਲਰਾਮ ਸ਼ਰਮਾ, ਗੁਰਦੀਪ ਸਿੰਘ, ਮਾਸਟਰ ਰਜਨੀਸ਼ ਕੁਮਾਰ, ਅਰਸ਼ਵੀਰ ਆਜ਼ਮਪੁਰ, ਸ਼ਿਵ ਕੁਮਾਰ ਬੱਬੀ ਆਦਿ ਮੌਜੂਦ ਸਨ।

## ਹੁਸ਼ਿਆਰਪੁਰ ਤੋਂ ਜਲੰਧਰ ਤੱਕ ਦੀ ਸੜਕ ਅੱਜ ਤੱਕ ਕੋਈ ਵੀ ਪਾਰਟੀ ਨਹੀਂ ਬਣਵਾ ਸਕੀ : ਬੇਗਮਪੁਰਾ ਟਾਇਗਰ ਫੋਰਸ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਬੇਗਮਪੁਰਾ ਟਾਇਗਰ ਫੋਰਸ ਦੀ ਇੱਕ ਮੀਟਿੰਗ ਫੋਰਸ ਦੇ ਮੁੱਖ ਦਫਤਰ ਭਗਤ ਨਗਰ ਨੇੜੇ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਫੋਰਸ ਦੇ ਪੰਜਾਬ ਪ੍ਰਧਾਨ ਵੀਰਪਾਲ ਠਰੋਲੀ ਅਤੇ ਜਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਵਿਸ਼ੇਸ਼ ਤੌਰ 'ਤੇ ਫੋਰਸ ਦੇ ਕੌਮੀ ਚੇਅਰਮੈਨ ਤਰਸੇਮ ਦੀਵਾਨਾ ਨਰੇਸ਼ ਕੁਮਾਰ ਬੱਧਣ ਸੀਨੀਅਰ ਮੀਤ ਪ੍ਰਧਾਨ ਪੰਜਾਬ ਅਤੇ ਨੇਕੂ ਬੱਧਣ ਸੀਨੀਅਰ ਮੀਤ ਪ੍ਰਧਾਨ ਦੋਆਬਾ ਨੇ ਸ਼ਿਰਕਤ ਕੀਤੀ। ਇਸ ਮੌਕੇ ਪੰਜਾਬ ਪ੍ਰਧਾਨ ਵੀਰਪਾਲ ਠਰੋਲੀ ਅਤੇ ਜਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਨੇ ਕਿਹਾ ਕਿ ਕਿ ਚਾਹੇ ਕਾਂਗਰਸ ਹੋਵੇ, ਅਕਾਲੀ ਦਲ ਹੋਵੇ, ਆਪ ਆਦਮੀ ਪਾਰਟੀ ਜਾਂ ਭਾਜਪਾ ਹੋਵੇ ਇਹਨਾਂ ਸਾਰੀਆਂ ਪਾਰਟੀਆ ਦੇ ਪੰਜਾਬ ਦੇ ਲੋਕਾਂ ਨੇ ਰਾਜ ਦੇਖ ਲਏ ਹਨ ਉਹਨਾ ਕਿਹਾ ਕਿ ਹੁਸ਼ਿਆਰਪੁਰ ਤੋਂ ਜਲੰਧਰ ਤੱਕ ਦਾ ਰੋਡ ਕਿਸੇ ਵੀ ਪਾਰਟੀ ਕੋਲੋ ਅੱਜ ਤੱਕ ਤਿਆਰ ਨਹੀਂ ਹੋ ਸਕਿਆ। ਉਹ ਅਜੇ ਵੀ ਅੱਧ ਵਿਚਕਾਰ ਲਟਕ ਰਿਹਾ ਹੈ। ਉਹਨਾ ਕਿਹਾ ਕਿ ਸੜਕਾਂ ਦੀ ਇੰਨੀ ਮਾੜੀ ਹਾਲਤ ਹੈ ਕਿ ਤੰਦਰੁਸਤ ਬੰਦਾ ਵੀ ਜੇਕਰ ਕਿਤੇ ਭੁੱਲ ਭੁਲੇਖੇ ਹੁਸ਼ਿਆਰਪੁਰ ਤੋਂ ਜਲੰਧਰ ਵਾਲੇ ਰੋਡ ਤੋਂ ਦੋ-ਚਾਰ ਵਾਰ ਲੰਘ ਜਾਵੇ ਤਾਂ ਉਸ ਦੀਆ ਹੱਡੀਆ ਪੱਸਲੀਆਂ ਖੜਕਣ ਲੱਗ ਜਾਂਦੀਆ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੀਡੀਆ ਇੰਚਾਰਜ ਚੰਦਰ ਪਾਲ ਹੈਪੀ, ਸੀਨੀਅਰ ਮੀਤ ਪ੍ਰਧਾਨ ਨਰੇਸ਼ ਕੁਮਾਰ ਬੱਧਣ ,ਅਸ਼ੋਕ ਕੁਮਾਰ ਕਟੋਚ ਬੜੀ ਬਸੀ, ਅਮਨਦੀਪ, ਹਰੀ ਰਾਮ ਆਦੀਆ ਜਿਲ੍ਹਾ ਪ੍ਰਧਾਨ ਭਾਵਾਦਾਸ , ਸਤੀਸ਼ ਕੁਮਾਰ ਸੇਰਗੜ, ਚਰਨਜੀਤ ਸਿੰਘ, ਕਮਲਜੀਤ, ਰਾਮ ਜੀ, ਦਵਿੰਦਰ ਕੁਮਾਰ, ਰਾਜੀਵ ਸੈਣੀ, ਸੁਰਮੂ ਭਲਵਾਨ, ਪੰਮਾ ਡਾਡਾ, ਗੋਗਾ ਮਾਂਝੀ, ਰਾਜ ਕੁਮਾਰ ਬੱਧਣ, ਅਵਤਾਰ ਡਿੰਪੀ, ਅਵਿਨਾਸ਼ ਸਿੰਘ, ਅਮਨਦੀਪ ਸਿੰਘ, ਚਰਨਜੀਤ ਸਿੰਘ, ਭੁਪਿੰਦਰ ਕੁਮਾਰ ਬੱਧਣ, ਕਮਲਜੀਤ ਸਿੰਘ, ਬਿਸਨਪਾਲ, ਗਿਆਨ ਚੰਦ, ਮੁਸਾਫਰ ਸਿੰਘ, ਸੇਰਾ ਸਿੰਘ, ਵਿਸ਼ਾਲ ਸਿੰਘ, ਹਰਨੇਕ ਸਿੰਘ ਬੱਧਣ, ਸਨੀ ਸੀਨਾ, ਭਿੰਦਾ ਸੀਨਾ, ਬਿਕਰਮ ਵਿੱਜ, ਹੈਪੀ ਫਤਹਿਗੜ੍ਹ, ਮਨੀਸ਼ ਕੁਮਾਰ, ਦਵਿੰਦਰ ਕੁਮਾਰ, ਰਾਕੇਸ਼ ਕੁਮਾਰ ਭੱਟੀ ਵਿਜੇ ਕੁਮਾਰ ਜੱਲੋਵਾਲ ਖਨੂਰ, ਸੀਨੀਅਰ ਮੀਤ ਪ੍ਰਧਾਨ ਸ਼ਹਿਰੀ ਸੁਸਾਂਤ ਮੰਮਣ, ਨਰੇਸ਼ ਕੁਮਾਰ ਸ਼ਹਿਰੀ ਪ੍ਰਧਾਨ, ਬਾਲੀ, ਗੁਰਪ੍ਰੀਤ ਗੋਪਾ, ਰਵੀ ਸਮੇਤ ਫੋਰਸ ਦੇ ਹੋਰ ਅਹੁਦੇਦਾਰ ਤੇ ਮੈਂਬਰ ਹਾਜ਼ਰ ਸਨ।

## ਸ਼ਹੀਦ ਬਾਬਾ ਗੋਦੜੀਆ ਸਿੰਘ ਤਲਵੰਡੀ ਜੱਟਾਂ ਵਿਖੇ ਸਾਲਾਨਾ ਸ਼ਹੀਦੀ ਸਮਾਗਮ ਸਜਾਇਆ



**ਬਹਿਰਾਮ (ਅਵਤਾਰ ਕਲੇਰ)** ਗੁਰਦੁਆਰਾ ਸ਼ਹੀਦ ਬਾਬਾ ਗੋਦੜੀਆ ਸਿੰਘ ਤਲਵੰਡੀ ਜੱਟਾਂ ਵਿਖੇ ਸਾਲਾਨਾ ਸ਼ਹੀਦੀ ਸਮਾਗਮ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਦੇ ਭੋਗ ਪਾਏ ਅਤੇ ਗੁਰਦੁਆਰਾ ਸ਼ਹੀਦ ਬਾਬਾ ਗੋਦੜੀਆ ਸਿੰਘ ਤਲਵੰਡੀ ਜੱਟਾਂ ਦੇ ਕੀਰਤਨੀ ਜਥੇ, ਇੰਟਰਨੈਸ਼ਨਲ ਜਥਾ ਬੀਬੀ ਦਲੇਰ ਕੌਰ ਖਾਲਸਾ ਕੀਰਤਨੀ ਜਥਾ, ਸੰਤ ਬਾਬਾ ਕੁਲਦੀਪ ਸਿੰਘ ਮਜਾਰੀ ਅਤੇ ਹੋਰ ਕੀਰਤਨੀ ਜਥਿਆ ਨੇ ਵਾਰਾਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਪ੍ਰਬੰਧਕ ਕਮੇਟੀ ਵਲੋਂ ਪ੍ਰਮੁੱਖ ਸਖਸੀਅਤਾ ਅਤੇ ਦਾਨੀ ਸੱਜਣਾਂ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ। ਸਟੇਜ ਸਕੱਤਰ ਰਘਵੀਰ ਸਿੰਘ ਬਿੱਲਾ ਵਲੋਂ ਸਾਰੀਆ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਸਾਰਿਆ ਦੀ ਚੜ੍ਹਦੀਕਲਾ ਲਈ ਪ੍ਰਮਾਤਮਾ ਅੱਗੇ ਅਰਦਾਸ ਕੀਤੀ। ਉਨ੍ਹਾਂ ਸਾਂਝੇ ਤੌਰ 'ਤੇ ਕਿਹਾ ਕਿ ਸਾਨੂੰ ਸ਼ਹੀਦ ਬਾਬਾ ਗੋਦੜੀਆ ਸਿੰਘ ਦੇ ਜੀਵਨ ਤੋਂ ਜ਼ਿੰਦਗੀ ਦੀ ਸੇਧ ਲੈਣੀ ਚਾਹੀਦੀ ਹੈ। ਇਸ ਮੌਕੇ ਪ੍ਰਧਾਨ ਜਗਤਾਰ ਸਿੰਘ ਚਾਹਲ ਸਰਪੰਚ ਤਲਵੰਡੀ ਜੱਟਾਂ, ਮੀਤ ਪ੍ਰਧਾਨ ਸੂਬੇਦਾਰ ਭਗਤ ਸਿੰਘ ਫਗਵਾੜਾ ਕੈਪਟਨ ਸਰਦੂਲ ਸਿੰਘ ਫਗਵਾੜਾ , ਮਦਨ ਲਾਲ ਫਗਵਾੜਾ , ਮੁਖ ਖਜਾਨਚੀ ਬੂਟਾ ਸਿੰਘ ਸਿੱਧੂ, ਰਘਵੀਰ ਸਿੰਘ ਬਿੱਲਾ ਸਟੇਜ ਸਕੱਤਰ, ਜਸਵਿੰਦਰ ਸਿੰਘ ਚਾਹਲ,ਜਨਰਲ ਸਕੱਤਰ ਲਖਵਿੰਦਰ ਸਿੰਘ ਸਿੱਧ, ਬਲਵੀਰ ਸਿੰਘ ਸਿੱਧ, ਹਰਭਜਨ ਸਿੰਘ ਭਰੋਲੀ ਬਲਾਕ ਪ੍ਰਧਾਨ ਕਾਂਗਰਸ, ਅਮਰਜੀਤ ਸਿੰਘ ਕਲਸੀ ਕਾਂਗਰਸ ਆਗੂ ਹਰਭਜਨ ਲਾਲ ਸਾਬਕਾ ਸਰਪੰਚ ਹਰਮੇਸ ਕੌਸਲ ਮਨਦੀਪ ਸਿੰਘ ਸਿੱਧੂ ਜਗਜੀਤ ਸਿੰਘ ਚਾਹਲ, ਗੁਰਨੇਕ ਸਿੰਘ ਸਿੱਧੂ, ਅਮਰਜੀਤ ਸਿੰਘ ਸਿੱਧੂ, ਜਸਵਿੰਦਰ ਸਿੰਘ ਲੁਧਿਆਣਾ, ਹਰਭਜਨ ਸਿੰਘ ਲੁਧਿਆਣਾ ਗੁਰਮੀਤ ਸਿੰਘ ਸਹੋਤਾ, ਗੁਰਸੇਵਕ ਸਿੰਘ ਬਹਿਰਾਮ ਆਦਿ ਸੰਗਤਾਂ ਹਾਜ਼ਰ ਸਨ।

## ਡਿਪਟੀ ਕਮਿਸ਼ਨਰ ਸ੍ਰੀ ਦੇਵੀ ਤਾਲਾਬ ਮੰਦਰ ਵਿਖੇ ਹੋਏ ਨਤਮਸਤਕ



**ਜਲੰਧਰ, ( ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**-ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਅੱਜ ਸ਼ਕਤੀਪੀਠ ਸ੍ਰੀ ਦੇਵੀ ਤਾਲਾਬ ਮੰਦਰ ਵਿਖੇ ਨਤਮਸਤਕ ਹੁੰਦਿਆਂ ਜ਼ਿਲ੍ਹੇ ਦੀ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਲਈ ਪ੍ਰਾਰਥਨਾ ਕੀਤੀ। ਡਿਪਟੀ ਕਮਿਸ਼ਨਰ ਨੇ ਪਤਨੀ ਡਾ. ਪ੍ਰੀਤ ਕੰਵਲ ਸਮੇਤ ਮੱਥਾ ਟੇਕਦਿਆਂ ਜ਼ਿਲ੍ਹੇ ਦੇ ਲੋਕਾਂ ਦੀ ਪੂਰੀ ਨਿਮਰਤਾ ਅਤੇ ਤਨਦੇਹੀ ਨਾਲ ਸੇਵਾ ਕਰਨ ਲਈ ਪ੍ਰਮਾਤਮਾ ਤੋਂ ਬਲ ਬਖਸ਼ਣ ਦੀ ਪ੍ਰਾਰਥਨਾ ਕੀਤੀ। ਉਨ੍ਹਾ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਲਈ ਜਾਤ, ਰੰਗ, ਨਸਲ ਅਤੇ ਧਰਮ ਤੋਂ ਉਪਰ ਉੱਠ ਕੇ ਜਲੰਧਰ ਦੇ ਲੋਕਾਂ ਦੀ ਸੇਵਾ ਕਰਨ ਲਈ ਮਾਤਾ ਰਾਣੀ ਦਾ ਆਸ਼ੀਰਵਾਦ ਲਿਆ। ਸਾਰੰਗਲ ਨੇ ਕਿਹਾ ਕਿ ਸਮਾਜ ਵਿੱਚ ਪਿਆਰ, ਭਾਈਚਾਰਕ ਸਾਂਝ ਅਤੇ ਸਦਭਾਵਨਾ ਨੂੰ ਹਰ ਕੀਮਤ 'ਤੇ ਬਰਕਰਾਰ ਰੱਖਿਆ ਜਾਵੇਗਾ ਅਤੇ ਇਹ ਹਮੇਸ਼ਾ ਉਨ੍ਹਾ ਦੀ ਪ੍ਰਮੁੱਖ ਤਰਜੀਹ ਰਹੇਗੀ। ਉਨ੍ਹਾ ਨੇ ਆਪਣੇ ਸ਼ਹਿਰ ਦੇ ਲੋਕਾਂ ਦੀ ਸੇਵਾ ਕਰਨ ਦੀ ਜ਼ਿੰਮੇਵਾਰੀ ਮਿਲਣ 'ਤੇ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਉਹ ਇਸ ਫਰਜ਼ ਨੂੰ ਪੂਰੀ ਇਮਾਨਦਾਰੀ, ਤਨਦੇਹੀ ਅਤੇ ਸ਼ਿੱਦਤ ਨਾਲ ਨਿਭਾਉਣਗੇ। ਉਨ੍ਹਾ ਦੁਹਰਾਇਆ ਕਿ ਲੋਕਾਂ ਦੀਆਂ ਜਾਇਜ਼ ਮੁਸ਼ਕਲਾਂ ਨੂੰ ਦੂਰ ਕਰਨ ਅਤੇ ਲੋਕ-ਪੱਖੀ ਸਕੀਮਾਂ ਦਾ ਲਾਭ ਜ਼ਮੀਨੀ ਪੱਧਰ ਤੱਕ ਪਹੁੰਚਦਾ ਕਰਨ ਨੂੰ ਪਹਿਲੀ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਉਹ ਲੋਕਾਂ ਲਈ 24 ਘੰਟੇ ਉਪਲਬਧ ਰਹਿਣਗੇ ਤਾਂ ਜੋ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਸਮਾਂਬੱਧ ਢੰਗ ਨਾਲ ਕੀਤਾ ਜਾ ਸਕੇ।